Digitized by Arya Samaj Foundation Chennai and eGangotri

ਚੋਣਵਾਂ
ਪੰਜਾਬੀ ਕ੍ਰਿਸ਼ਨ-ਕਾਵਿ

ਡਾ: ਮਨਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
कृपया पुस्तक के ऊपर कोई निशान आदि
न लगायें ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय, हरिद्वार

वर्ग संख्या......... आगत संख्या...............

पुस्तक—वितरण की तिथि नीचे अंकित है। इस तिथि सहित २० वें दिन तक यह पुस्तक पुस्तकालय में वापिस आ जानी चाहिए। अन्यथा १० पैसे के हिसाब से विलम्ब–दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

6583
Digitized by Arya Samaj Foundation Chennai and eGangotri

ਚੋਣਵਾਂ

ਪੰਜਾਬੀ ਕ੍ਰਿਸ਼ਣ-ਕਾਵਿ

Forwarded Free of Cost and With The
Compliments of The Deptt. of Edu.
Govt. of India, NEW DELHI.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਲੇਖਕ

ਡਾ: ਮਨਮੋਹਨ ਸਿੰਘ

ਪ੍ਰੋਫੈਸਰ ਆਫ ਪੰਜਾਬੀ

- ਆਲੋਚਨਾ ਦੇ ਖੇਤਰ ਵਿਚ ਜਿਸਦੀ ਪੁਸਤਕ **'ਗੁਰੂ ਨਾਨਕ ਅਤੇ ਭਗਤੀ ਅੰਦੋਲਨ'** ਨੂੰ ਸਰਬੋਤਮ ਪੁਸਤਕ ਹੋਣ ਦੇ ਨਾਤੇ ਪੰਜਾਬ ਸਰਕਾਰ ਦਾ State Award ਪ੍ਰਾਪਤ ਹੋਇਆ।
- ਆਲੋਚਨਾ ਦੇ ਖੇਤਰ ਵਿਚ ਹੀ ਜਿਸ ਦੀ ਪੁਸਤਕ **'ਗੁਰੂ ਤੇਗ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ'** ਨੂੰ ਸਰਬੋਤਮ ਪੁਸਤਕ ਹੋਣ ਦੇ ਨਾਤੇ ਹਰਿਆਣਾ ਸਰਕਾਰ ਦਾ State Award ਪ੍ਰਾਪਤ ਹੋਇਆ।
- ਜਿਸਨੂੰ ਪੰਜਾਬੀ ਵਿਚ **'ਫਰੀਦ ਦਰਸ਼ਨ'** ਨਾਮੀ ਸਰਬੋਤਮ ਪੁਸਤਕ ਦੀ ਰਚਨਾ ਕਾਰਣ Baba Farid Memorial Society Award ਪ੍ਰਾਪਤ ਹੋਇਆ।
- ਸਰਬੋਤਮ ਲਿਖਾਰੀ ਹੋਣ ਦੇ ਨਾਤੇ ਜਿਸ ਨੇ Governor's Award ਜਿੱਤਿਆ।
- ਗੁਰੂ ਨਾਨਕ ਸੰਬੰਧੀ ਸਰਬੋਤਮ ਖੋਜ-ਪੱਤਰ ਲਿਖਕੇ ਜਿਸਨੇ Macauliffe Memorial Gold Medal (1972-73) ਜਿੱਤਿਆ।
- ਗੁਰੂ ਅਰਜਨ ਸੰਬੰਧੀ ਸਰਬੋਤਮ ਖੋਜ-ਪੱਤਰ ਲਿਖਕੇ ਜਿਸ ਨੇ Macauliffe Memorial Gold Medal (1973-74) ਜਿੱਤਿਆ।
- ਜੋ ਦਿੱਲੀ ਯੂ. ਦੀ ਅੱਠ ਪਰਚਿਆਂ ਵਾਲੀ ਆਨਰਜ਼ ਵਿਚੋਂ ਫਸਟ ਆਇਆ।
- ਜਿਸਨੇ ਦਿੱਲੀ ਯੂ. ਦੀ ਐਮ. ਏ. (ਪੰਜਾਬੀ) ਦੀ ਪ੍ਰੀਖਿਆ ਵਿਚੋਂ First Class First ਹਾਸਲ ਕਰਕੇ ਸਾਰੀਆਂ ਯੂਨੀਵਰਸਿਟੀਆਂ ਦੇ ਪਹਿਲੇ ਸਾਰੇ ਰੀਕਾਰਡ ਤੋੜ ਦਿੱਤੇ ਅਤੇ ਇਕ ਨਵਾਂ ਰੀਕਾਰਡ ਸਥਾਪਤ ਕੀਤਾ।
- ਐਮ. ਏ. ਵਿਚੋਂ ਪ੍ਰਾਪਤ ਕੀਤੇ ਨੰਬਰਾਂ ਦੇ ਆਧਾਰ ਤੇ ਜਿਸਨੇ ਪੰਜਾਬੀ ਜਗਤ ਵਿੱਚ ਪਹਿਲੀ ਵਾਰ ਪੀ-ਐਚ. ਡੀ. ਦੀ ਡਿਗਰੀ ਲਈ ਖੋਜ ਕਰਨ ਲਈ U. G. C. ਦਾ ਸਕਾਲਰਸ਼ਿਪ ਹਾਸਲ ਕੀਤਾ।
- ਜਿਸਨੇ ਪੰਜਾਬ ਯੂ. ਚੰਡੀਗੜ੍ਹ ਦੇ ਸਾਹਿਤ ਕੋਸ਼ ਲਈ 100 ਤੋਂ ਵਧ ਐਂਟਰੀਆਂ ਅਤੇ 1,00,000 (ਇਕ ਲੱਖ) ਤੋਂ ਵਧ ਸ਼ਬਦਾਂ ਦਾ ਯੋਗਦਾਨ ਦਿੱਤਾ।
- ਜਿਸਨੂੰ ਅਜ ਪੜ੍ਹਨ-ਪੜ੍ਹਾਉਣ, ਲਿਖਣ ਅਤੇ ਰੀਸਰਚ ਦਾ 27 ਸਾਲ ਤੋਂ ਵੀ ਵਧ ਤਜਰਬਾ ਹੈ।

CC-0. In Public Domain. Gurukul Kangri Collection, Haridwar

6583
Digitized by Arya Samaj Foundation Chennai and eGangotri

ਚੋਣਵਾਂ

ਪੰਜਾਬੀ ਕ੍ਰਿਸ਼ਨ-ਕਾਵਿ

DONATION

ਡਾ. ਮਨਮੋਹਨ ਸਿੰਘ

ਆਨਰਜ਼ (ਦਿੱਲੀ ਯੂ.), ਐਮ. ਏ. (ਦਿੱਲੀ ਯੂ.), ਪੀ-ਐਚ. ਡੀ. (ਪੰਜਾਬ ਯੂ.)
ਪ੍ਰੋਫੈਸਰ ਆਫ ਪੰਜਾਬੀ,
ਡਾਇਰੈਕਟੋਰੇਟ ਪੱਤਰ-ਵਿਹਾਰ ਸਿਖਿਆ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

Forwarded Free of Cost and With The
Compliments of The Deptt. of Edu.
Govt. of India, NEW DELHI.

ਮਨਦੀਪ ਪ੍ਰਕਾਸ਼ਨ ਨਵੀ ਦਿੱਲੀ—110015

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CHONVAN PANJABI KRISHAN KAV

A RARE AND THE ONLY ANTHOLOGY
OF
KRISHNITE POETRY IN PANJABI

© ਡਾ. ਮਨਮੋਹਨ ਸਿੰਘ

ਕਰਤਾ

ਗੁਰੂ ਨਾਨਕ ਅਤੇ ਭਗਤੀ ਅੰਦੋਲਨ

●

ਗੁਰੂ ਤੇਗ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ

●

ਭਾਈ ਵੀਰ ਸਿੰਘ ਕਾਵਿ ਦਾ ਦਾਰਸ਼ਨਿਕ ਵਿਸ਼ਲੇਸਣ

ਵਿਸ਼ੇਸ਼ ਲਾਇਬ੍ਰੇਰੀ ਸੰਸਕਰਣ : 1989
ਮੁੱਲ : 48/-

ਪ੍ਰਕਾਸ਼ਕ
ਸਤਿੰਦਰ ਸਿੰਘ, ਮਨਦੀਪ ਪ੍ਰਕਾਸ਼ਨ,
9/56, ਮੋਤੀ ਨਗਰ, ਨਵੀਂ ਦਿੱਲੀ-110015
Mandeep Prakashan, New Delhi-110015
Winner of Best Published Book Award (1975-76)
For Bhai Vir Singh Kav Da Darshnik Vishleshan
ਮੁਦ੍ਰਕ
ਖਾਲਸਾ ਪ੍ਰਿੰਟਰਜ਼, ਸੈਕਟਰ 41-ਡੀ, ਚੰਡੀਗੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਕ੍ਰਮ	ਵਿਸ਼ਾ	ਪੰਨਾ
1	ਭੂਮਿਕਾ	9
2	ਸੋਧਾ	43
3	ਰਸਕਰਾਮ	51
4	ਮਸਤ ਰਾਮ	78
5	ਦਾਨਾ	87
6	ਕੇਸੋ	101
7	ਸਾਹਿਬ ਮ੍ਰਿਗਿੰਦ	113
8	ਮੂਲ ਸਿੰਘ	137
9	ਨਿਹਾਲ ਸਿੰਘ	139
10	ਬਰਖੁਰਦਾਰ	142
11	ਅਨੰਦ ਘਣ	148
12	ਨਾਗਰੀ ਦਾਸ	159
13	ਭਾਵਨ ਦਾਸ	166
14	ਚੰਦ ਸਖੀ	173
15	ਗੁਆਲ ਦਾਸ	177
16	ਮਨਹਰਿ ਦਾਸ	180
17	ਫਤਮਲ ਜੀ	181
18	ਰਸਿਕ ਬਿਹਾਰੀ	182
19	ਮਾਧਉ ਦਾਸ	184
20	ਬੂੜਾ	186
21	ਟਹਕਨ	187
22	ਕੇਵਲ ਰਾਮ	188
23	ਲਖਮੀ ਚੰਦ	189
24	ਚਰਨ ਦਾਸ	190
25	ਰਸਕ ਲਾਲ	191
26	ਕਮਾਲ	191
27	ਬਿਹਾਰੀ	192
28	ਦੇਵਾ	193
29	ਰਾਮਰਾਇ ਭਗਵਾਨ	195
30	ਭਗਵਾਨ	195
31	ਭਗਵਾਨ ਨਾਰਾਇਣ	196
32	ਅਨੰਤ ਦਾਸ	197

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

33	ਛਬੀਲ ਦਾਸ	197
34	ਭਗਵਾਨ ਰਾਇ	198
35	ਬਾਲਮੀਕ	198
36	ਜੋਗੀ	199
37	ਬਾਲ ਕ੍ਰਿਸ਼ਨ	199
38	ਰਸਨਿਧਿ	200
39	ਮੱਯਾ ਰਾਮ	200
40	ਸੰਤ ਦਾਸ ਤਪਸੀ	201
41	ਕਰਮਨ ਦਾਸ	201
42	ਸਿਆਮ ਕਵੀ	202
43	ਚੰਦ	202
44	ਗੁਨਕਾਰੀ	203
45	ਵਲੀਰਾਮ	203
46	ਗਿਆਨਾਨੰਦ	203
47	ਲਾਲਦਾਸ	204
48	ਮੀਰਨ	204
49	ਫੇਰੂ	205
50	ਮਹੀਧਰਿ ਜੀ	205
51	ਖੇਮ ਕਰਨ	205
52	ਕਿਸ਼ਨ ਜੀਵਨ	206
53	ਬਿਜੈ ਸਖੀ	206
54	ਸਾਂਵਰੀ ਸਖੀ	207
55	ਵੱਲਭ ਰਸਿਕ	207
56	ਸੰਤ ਸਖੀ	207
57	ਮੀਰਾਂ	208
58	ਜੈ ਗੋਪਾਲ	208
59	ਗੋਸੁਆਮੀ ਹਰੀਰਾਇ ਜੀ	208
60	ਸੂਰਦਾਸ	209
61	ਤੇਜ ਭਾਨ	209
62	ਮਹਾਂ ਸਿੰਘ	209
63	ਅਗਿਆਤ ਕਵੀਆਂ ਦੀ ਰਚਨਾ	210

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕ੍ਰਿਸ਼ਣ-ਕਾਵਿ ਬਾਰੇ

'ਪੰਜਾਬੀ ਕ੍ਰਿਸ਼ਣ-ਕਾਵਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਵੀਂ ਅਤੇ ਨਵੇਕਲੀ, ਵੱਖਰੀ ਅਤੇ ਵਿਕੋਲਿਤ੍ਰੀ ਕਾਵਿ-ਧਾਰਾ ਦੀ ਪ੍ਰਤੀਨਿਧਤਾ ਕਰਦਾ ਹੈ, ਸਗੁਣ-ਸਾਕਾਰ ਦੀ ਭਗਤੀ ਦੇ ਵਿਸ਼ੇ ਨੂੰ ਪ੍ਰਵਾਹਿਤ ਅਤੇ ਪ੍ਰਸਾਰਿਤ ਕਰਦਾ ਹੈ ਅਤੇ ਇਕ ਅਜਿਹੀ ਭਾਸ਼ਾ ਦੀ ਸਿਰਜਣਾ ਕਰਦਾ ਹੈ ਜਿਸ ਵਿਚ ਪੰਜਾਬੀ ਅਤੇ ਬ੍ਰਜ ਦਾ ਮਿਸ਼੍ਰਣ ਅਤੇ ਮਿਲਾਪ ਦ੍ਰਿਸ਼ਟੀਗਤ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬੀ ਕ੍ਰਿਸ਼ਣ-ਕਾਵਿ, ਪੰਜਾਬ ਅਤੇ ਬ੍ਰਜ ਆਦਿ ਦੇ ਪੂਰਬੀ ਇਲਾਕਿਆਂ ਦੇ ਸਾਹਿਤ, ਸਭਿਆਚਾਰ ਅਤੇ ਦਰਸ਼ਨ ਵਿਚਾਲੇ ਇਕ ਸੁਦ੍ਰਿੜ੍ਹ ਪੁਲ ਦਾ ਕੰਮ ਕਰਦਾ ਹੈ ਅਤੇ ਇਹੀ ਇਸ ਦੀ ਸਰਬੋਤਮ ਵਿਸ਼ੇਸ਼ਤਾ ਹੈ। ਪੰਜਾਬੀ ਕ੍ਰਿਸ਼ਣ-ਕਾਵਿ ਦੀ ਇਹ ਵਿਸ਼ੇਸ਼ਤਾ ਇਸ ਤਥ ਨੂੰ ਵੀ ਪ੍ਰਮਾਣਿਤ ਕਰਦੀ ਹੈ ਕਿ ਸਾਡੇ ਦੇਸ਼ ਅਤੇ ਵਿਸ਼ੇਸ਼ ਤੌਰ ਤੇ ਅਜੋਕੇ ਪੰਜਾਬ ਵਿਚ ਇਸ ਕਾਵਿ ਦਾ ਪ੍ਰਚਲਨ ਅਤੇ ਪ੍ਰਸਾਰਣ ਦੇਸ਼ ਦੀ ਭਾਵਾਤਮਕ ਏਕਤਾ ਦੀ ਸਥਾਪਨਾ ਲਈ ਇਕ ਮਹੱਤਵਪੂਰਣ ਅਤੇ ਸ਼ਲਾਘਾਯੋਗ ਕਦਮ ਹੈ ਅਤੇ ਇਸ ਵਿਰਸੇ ਦੀ ਸੁਰੱਖਿਆ ਅਤੇ ਸੰਭਾਲ, ਖੋਜ ਅਤੇ ਪੜਤਾਲ ਸਾਡਾ ਗੌਰਵਮਈ ਕਰਤੱਵ ਹੈ।'

(ਪੰਜਾਬੀ ਕ੍ਰਿਸ਼ਣ ਕਾਵਿ ਦਾ ਆਲੋਚਨਾਤਮਕ ਅਧਿਅਨ)

ਡਾ. ਮਨਮੋਹਨ ਸਿੰਘ,

ਸੰਸਕਰਣ : 1987

ਪੰਨਾ : 106

Forwarded Free of Cost and With The Compliments of The Deptt. of Edu. Govt. of India, NEW DELHI.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸੰਕਲਨ ਬਾਰੇ

ਹਥਲੇ ਸੰਕਲਨ ਵਿੱਚ ਪਿਛਲੇ ਕਈ ਵਰ੍ਹਿਆਂ ਦੀ ਖੋਜ ਦੇ ਪਰਿਣਾਮ-ਸਰੂਪ ਇਕੱਤਰ ਕੀਤੇ ਗਏ ਪੰਜਾਬੀ ਕ੍ਰਿਸ਼ਣ-ਕਾਵਿ ਦੀਆਂ ਚੋਣਵੀਆਂ ਵੰਨਗੀਆਂ ਸ਼ਾਮਿਲ ਹਨ। ਪੀ-ਐਚ.ਡੀ. ਨਾਲ ਸੰਬੰਧਤ ਸ਼ੋਧ-ਪ੍ਰਬੰਧ ਦੇ ਵਿਸ਼ੇ ਦੀਆਂ ਲੋੜਾਂ ਅਤੇ ਸੀਮਾਵਾਂ ਨੂੰ ਮੁਖ ਰਖਕੇ ਇਹਨਾਂ ਰਚਨਾਵਾਂ ਦਾ ਯਥਾਯੋਗ ਅਧਿਅਨ ਅਥਵਾ ਮੁਲਿਆਂਕਣ ਪ੍ਰਸਤੁਤ ਕੀਤਾ ਗਿਆ ਪਰ ਇਸ ਨਾਲ ਮਨ ਨੂੰ ਸੰਤੁਸ਼ਟੀ ਨਾ ਮਿਲੀ ਅਤੇ ਪੰਜਾਬੀ ਕ੍ਰਿਸ਼ਣ-ਕਾਵਿ ਸੰਬੰਧੀ ਵਖਰੇ ਅਥਵਾ ਸੁਤੰਤਰ ਰੂਪ ਵਿਚ ਖੋਜ ਕਰਨ ਦੀ ਇੱਛਾ ਹੋਰ ਵੀ ਤੀਬਰ ਹੁੰਦੀ ਗਈ। ਫਲਸਰੂਪ ਅਨੇਕ ਪੁਸਤਕਾਲਿਆਂ—ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ, ਮੋਤੀ ਬਾਗ ਲਾਇਬ੍ਰੇਰੀ ਪਟਿਆਲਾ, ਸਿਖ ਰੈਫਰੇਂਸ ਲਾਇਬ੍ਰੇਰੀ ਅੰਮ੍ਰਿਤਸਰ ਅਤੇ ਗੁਰੂ ਰਾਮਦਾਸ ਲਾਇਬ੍ਰੇਰੀ ਅੰਮ੍ਰਿਤਸਰ ਆਦਿ—ਵਿੱਚੋਂ ਹਥ-ਲਿਖਤਾਂ ਤੇ ਆਧਾਰਤ ਸਾਮਗਰੀ ਇਕੱਤਰ ਕੀਤੀ ਗਈ। ਹਿੰਦੀ ਦੇ ਕੁਝ ਗ੍ਰੰਥਾਂ—'ਨਾਗਰੀ ਦਾਸ ਗ੍ਰੰਥਾਵਲੀ' ਭਾਗ ਪਹਿਲਾ ਅਤੇ ਦੂਜਾ, ਡਾ ਕਿਸ਼ੋਰੀ ਲਾਲ ਗੁਪਤ, 'ਘਨਾਨੰਦ', ਵਿਸ਼ਵ ਨਾਥ ਪ੍ਰਸ਼ਾਦ ਮਿਸ਼੍ਰ ਅਤੇ 'ਚੰਦਸਖੀ ਕਾ ਜੀਵਨ ਔਰ ਸਾਹਿਤਯ', ਪ੍ਰਭੂ ਦਇਆਲ ਮੀਤਲ ਆਦਿ—ਦੀ ਵੀ ਸਹਾਇਤਾ ਲਈ ਗਈ। ਇਸ ਲਈ ਲੇਖਕ ਸੰਬੰਧਤ ਪੁਸਤਕਾਲਿਆਂ ਅਤੇ ਉਕਤ ਖੋਜੀ ਵਿਦਵਾਨਾਂ ਦਾ ਦਿਲੋਂ ਰਿਣੀ ਹੈ।

ਇਸ ਪੁਸਤਕ ਵਿਚ ਸੰਕਲਿਤ ਰਚਨਾਵਾਂ ਦੇ ਹਥ-ਲਿਖਤਾਂ ਤੋਂ ਜਿਉਂ-ਦੇ-ਤਿਉਂ ਉਤਾਰੇ ਨੂੰ ਪ੍ਰਕਾਸ਼ਿਤ ਕਰਨ ਦਾ ਜਤਨ ਕੀਤਾ ਗਿਆ ਹੈ। ਇਕ ਦੋ ਰਚਨਾਵਾਂ ਵਿਚ ਕੁਝ ਕੁ ਸਤਰਾਂ ਪ੍ਰਕਾਸ਼ਿਤ ਰੂਪ ਵਿਚ ਪਾਠਕਾਂ ਦੀ ਭੇਂਟ ਕਰਨਾ ਅਯੋਗ ਸਮਝਦਿਆਂ ਹੋਇਆਂ ਉਹਨਾਂ ਦੀ ਥਾਂ ਬਿੰਦੀਆਂ (ਡਾਟਸ) ਨਾਲ ਪੂਰ ਦਿਤੀ ਗਈ ਹੈ।

ਮਨਮੋਹਨ ਸਿੰਘ
ਪ੍ਰੋਫੈਸਰ ਆਫ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਪੰਜਾਬੀ ਵਿੱਚ ਕ੍ਰਿਸ਼ਣ ਕਾਵਿ ਸੰਬੰਧੀ ਅਜੇ ਤਕ ਕੋਈ ਮਹੱਤਵਪੂਰਣ ਸ਼ੋਧ ਕਾਰਜ ਦੇਖਣ ਵਿਚ ਨਹੀਂ ਆਇਆ।* ਨਾ ਹੀ ਕ੍ਰਿਸ਼ਣ ਕਾਵਿ ਦਾ ਕੋਈ ਸੰਕਲਨ ਸਾਡੀ ਨਜ਼ਰੀਂ ਚੜ੍ਹਿਆ ਹੈ। ਇਸਦਾ ਕਾਰਣ ਸ਼ਾਇਦ ਗੁਰਮਤ ਕਾਵਿ ਦੇ ਪ੍ਰਭਾਵ ਅਧੀਨ ਨਿਰਗੁਣ-ਕਾਵਿ-ਪਖੀ ਬਣੀ ਆ ਰਹੀ ਉਹ ਧਾਰਣਾ ਹੈ, ਜਿਸ ਅਨੁਸਾਰ ਸਗੁਣ-ਸਾਕਾਰ-ਸੰਬੰਧੀ ਕਾਵਿ ਨੂੰ ਨਿਰਗੁਣ-ਨਿਰਾਕਾਰ ਸੰਬੰਧੀ ਕਾਵਿ ਦੇ ਟਾਕਰੇ ਤੇ ਤੁਛ ਸਮਝਿਆ ਜਾਂਦਾ ਰਿਹਾ ਹੈ। ਪੰਜਾਬ ਅਤੇ ਪੰਜਾਬੀ ਸਾਹਿਤ ਵਿੱਚ ਸਗੁਣ ਅਤੇ ਸਾਕਾਰ ਦੇ ਟਾਕਰੇ ਤੇ ਨਿਰਗੁਣ-ਨਿਰਾਕਾਰ-ਸੰਬੰਧੀ ਕਾਵਿ ਰਚਨਾ ਕਰਨ ਵਾਲਿਆਂ ਵਿੱਚ ਸਿਖ ਗੁਰੂਆਂ ਦਾ ਵਿਸ਼ੇਸ਼ ਅਤੇ ਮਹੱਤਵਪੂਰਣ ਯੋਗਦਾਨ ਹੈ। ਉੱਤਰੀ ਭਾਰਤ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਅਤੇ ਪੰਜਾਬੀ ਸਾਹਿਤ ਵਿੱਚ ਮਧਯੁਗੀਨ ਭਗਤੀ ਅੰਦੋਲਨ ਦੇ ਪਰਵਰਤਕ ਸਿਖ ਗੁਰੂ ਸਾਹਿਬਾਨ ਹੀ ਸਨ। ਉਹਨਾਂ ਦੀ ਨਿਰਗੁਣ-ਨਿਰਾਕਾਰ-ਪੱਖੀ ਕਾਵਿ ਰਚਨਾ ਦਾ ਉਸ ਸਮੇਂ ਦੇ ਜੀਵਨ ਉਪਰ ਕੁਝ ਅਜਿਹਾ ਪ੍ਰਭਾਵ ਪਿਆ ਕਿ ਕਵੀ ਜਨ ਸਗੁਣ-ਸਾਕਾਰ ਦੀ ਭਗਤੀ ਵੱਲੋਂ ਬੜੀ ਦੇਰ ਤੀਕ ਬੇਮੁਖ ਹੋਏ ਰਹੇ। ਪਰ ਕਿਉਂਕਿ ਸਗੁਣ-ਸਾਕਾਰ ਦੀ ਭਗਤੀ ਨਿਰਗੁਣ-ਨਿਰਾਕਾਰ ਦੀ ਭਗਤੀ ਤੋਂ ਕਿਤੇ ਵਧ ਲੋਕ-ਜੀਵਨ ਦੇ ਨੇੜੇ ਹੈ ਇਸ ਲਈ ਭਗਤੀ ਅੰਦੋਲਨ ਦੀ ਇਸ ਸ਼ਾਖਾ ਨੇ ਜਨ-ਜੀਵਨ ਨੂੰ ਆਪਣੇ ਪ੍ਰਭਾਵ ਦੀ ਲਪੇਟ ਵਿੱਚ ਲੈ ਲਿਆ। ਦੂਜੇ ਪਾਸੇ ਬ੍ਰਜ-ਹਿੰਦੀ ਵਿੱਚ ਅਨੇਕ ਕਵੀਆਂ ਨੇ ਕ੍ਰਿਸ਼ਣ ਕਾਵਿ ਦੀ ਰਚਨਾ ਕਰਕੇ ਕ੍ਰਿਸ਼ਣ ਭਗਤੀ ਦੇ ਪ੍ਰਭਾਵ ਦਾ ਖੇਤਰ ਹੋਰ ਵੀ ਵਿਸ਼ਾਲ ਕਰ ਦਿੱਤਾ। ਸੂਰਦਾਸ ਅਤੇ ਮੀਰਾਬਾਈ ਜਿਹੇ ਕ੍ਰਿਸ਼ਣ-ਭਗਤ-ਕਵੀਆਂ ਦੀਆਂ ਰਚਨਾਵਾਂ ਪੰਜਾਬ ਵਿੱਚ ਪ੍ਰਚਲਿਤ ਹੋਕੇ ਲੋਕ-ਜੀਵਨ ਉਪਰ ਪ੍ਰਭਾਵ ਪਾਉਣ ਲਗ ਪਈਆਂ। ਸਿੱਟੇ ਵਜੋਂ

*ਡਾ ਮੋਹਣ ਸਿੰਘ ਜੀ ਦੀ ਪੁਸਤਕ 'ਜਤਿੰਦਰ ਸਾਹਿਤ ਸਰੋਵਰ' ਵਿਚ 'ਪੰਜਾਬੀ ਕਵਿਤਾ ਵਿੱਚ ਸਰਗੁਣਧਾਰਾ' ਨਾਮੀ ਇਕ ਲੇਖ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਠ੍ਹਾਰਵੀਂ ਉਨ੍ਹੀਵੀਂ ਸਦੀ ਵਿੱਚ ਅਨੇਕ ਕਵੀਆਂ ਨੇ ਪੰਜਾਬੀ ਵਿੱਚ ਕ੍ਰਿਸ਼ਣ ਕਾਵਿ ਦੀ ਰਚਨਾ ਕੀਤੀ।

ਆਪਣੇ ਕਈ ਵਰ੍ਹਿਆਂ ਦੇ ਸ਼ੋਧ ਕਾਰਜ ਦੇ ਆਧਾਰ ਤੇ ਅਸੀਂ ਹੇਠ ਉਹਨਾਂ ਕਵੀਆਂ ਦੇ ਨਾਂ ਦੇ ਰਹੇ ਹਾਂ, ਜਿਨ੍ਹਾਂ ਦੀ ਸਾਹਿਤ ਰਚਨਾ ਵਿੱਚ ਸਾਨੂੰ ਪੰਜਾਬੀ ਅੰਸ਼ ਵਾਲਾ ਘਟ ਜਾਂ ਵਧ ਕ੍ਰਿਸ਼ਣ ਕਾਵਿ ਪ੍ਰਾਪਤ ਹੋਇਆ ਹੈ :—

1. ਸੋਧਾ 2. ਰਸਕ ਰਾਮ 3. ਮਸਤ ਰਾਮ 4. ਦਾਨਾ 5. ਕੇਸੋ 6. ਸਾਹਿਬ ਮ੍ਰਿਗਿੰਦ 7. ਮੂਲ ਸਿੰਘ 8. ਨਿਹਾਲ ਸਿੰਘ 9. ਬਰਖੁਰਦਾਰ 10. ਆਨੰਦਘਨ 11. ਨਾਗਰੀ ਦਾਸ 12. ਭਾਵਨ ਦਾਸ 13. ਚੰਦ ਸਖੀ 14. ਗੁਆਲਦਾਸ 15. ਮਨਹਰਿਦਾਸ 16. ਫਤਮਲ ਜੀ 17. ਰਸਿਕ ਬਿਹਾਰੀ 18. ਮਾਧਉ ਦਾਸ 19. ਬੂੜਾ 20. ਟਹਕਨ 21. ਕੇਵਲ ਰਾਮ 22. ਲਖਮੀ ਚੰਦ 23. ਚਰਨ ਦਾਸ 24. ਰਸਕ ਲਾਲ 25. ਕਮਾਲ 26. ਬਿਹਾਰੀ 27. ਦੇਵਾ 28. ਰਾਮਰਾਇ ਭਗਵਾਨ 29. ਭਗਵਾਨ 30. ਭਗਵਾਨ ਨਾਰਾਇਣ 31. ਅਨੰਤਦਾਸ 32. ਛਬੀਲ ਦਾਸ 33. ਭਗਵਾਨ ਰਾਇ 34. ਬਾਲਮੀਕ 35. ਜੋਗੀ 36. ਬਾਲ ਕ੍ਰਿਸਨ 37. ਰਸਨਿਧਿ 38. ਮੱਯਾ ਰਾਮ 39. ਸੰਤਦਾਸ ਤਪਸੀ 40. ਕਰਮਨ ਦਾਸ 41. ਸਿਆਮ ਕਵੀ 42. ਚੰਦ 43. ਗੁਨਕਾਰੀ 44. ਵਲੀਰਾਮ 45. ਗਿਆਨਾ ਨੰਦ 46. ਲਾਲ ਦਾਸ 47. ਮੀਰਨ 48. ਫੇਰੂ 49. ਮਹੀਧਰਿ ਜੀ 50. ਖੇਮਕਰਨ 51. ਕ੍ਰਿਸ਼ਨ ਜੀਵਨ 52. ਬਿਜੈ ਸਖੀ 53. ਸਾਵਰੀ ਸਖੀ 54. ਵੱਲਭ ਰਸਿਕ 55. ਸੰਤ ਸਖੀ 56. ਮੀਰਾਂ 57. ਜੈ ਗੋਪਾਲ 58. ਗੋਸੁਆਮੀ ਹਰੀਰਾਇ ਜੀ 54. ਸੂਰਦਾਸ 60. ਤੇਜ ਭਾਨ 61. ਮਹਾਂ ਸਿੰਘ 62. ਅਗਿਆਤ ਕਵੀਆਂ ਦੀ ਰਚਨਾ।

ਇਹਨਾਂ ਕਵੀਆਂ ਦੀ ਰਚਨਾ ਤੋਂ ਛੁਟ ਕੁਝ ਅਜਿਹਾ ਕ੍ਰਿਸ਼ਣ ਕਾਵਿ, ਭਾਵੇਂ ਬਹੁਤ ਥੋੜ੍ਹੀ ਮਾਤਰਾ ਵਿੱਚ, ਵੀ ਸਾਨੂੰ ਪ੍ਰਾਪਤ ਹੋਇਆ ਹੈ; ਜਿਸ ਦੇ ਰਚਣਹਾਰਿਆਂ ਦੇ ਅਗਿਆਤ ਹੋਣ ਦੇ ਕਾਰਣ ਅਸੀਂ ਇਸ ਨੂੰ 'ਅਗਿਆਤ ਕਵੀਆਂ ਦੀ ਰਚਨਾ' ਦੇ ਨਾਮ ਹੇਠ ਦਰਜ ਕਰ ਦਿੱਤਾ ਹੈ।

ਸਮਸਤ ਕ੍ਰਿਸ਼ਣ ਕਾਵਿ ਦੀ ਆਧਾਰਸ਼ਿਲਾ ਭਗਵਾਨ ਕ੍ਰਿਸ਼ਣ ਅਤੇ ਉਹਨਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਆਦਿ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਸ਼ਣ ਜੀ ਦਾ ਸਰੂਪ ਚਿਤ੍ਰਣ ਜਾਂ ਨਖ਼ਸ਼ਿਖ਼ ਵਰਣਨ ਕ੍ਰਿਸ਼ਣ ਕਾਵਿ ਦੇ ਰਚਣਹਾਰਿਆਂ ਦਾ ਇਕ ਪ੍ਰਿਅ ਅਤੇ ਪ੍ਰਮੁਖ ਵਿਸ਼ਾ ਰਿਹਾ ਹੈ। ਨਖ਼ਸ਼ਿਖ਼ ਵਰਣਨ ਵਿੱਚ ਭਾਵੇਂ ਕਿਸੇ ਵਿਸ਼ੇਸ਼ ਉਚੇਚ ਤੋਂ ਕੰਮ ਨਹੀਂ ਲਿਆ ਗਿਆ ਜਾਪਦਾ, ਪਰ ਫੇਰ ਵੀ ਕਿਤੇ ਕਿਤੇ ਇਸ ਵਰਣਨ ਵਿੱਚ ਸਹਿਜ ਸੁਭਾਵੀ ਵਿਸਥਾਰ ਅਤੇ ਬਾਰੀਕੀਆਂ ਆ ਗਈਆਂ ਹਨ। ਕ੍ਰਿਸ਼ਣ ਜੀ ਦੇ ਵਾਲਾਂ, ਅੱਖਾਂ ਅਤੇ ਕੰਨਾ ਦੀ ਸੁੰਦਰਤਾ ਦਾ ਬਿਆਨ, ਤੋਤੇ ਦੀ ਚੁੰਝ ਵਰਗੇ ਨੱਕ, ਹਸਣ ਨਾਲ ਮੋਤੀਆਂ ਵਰਗੇ ਦੰਦਾਂ ਦਾ ਬਿਜਲੀ ਵਾਂਗ ਲਿਸ਼ਕਣਾ, ਲਟਕੀਲੀ ਚਾਲ, ਮਥੇ ਉਤੇ ਮੁਕਟ ਦਾ ਸੁਭਾਇਮਾਨ ਹੋਣਾ ਆਦਿ ਦਾ ਵਰਣਨ ਜਿਸ ਕਲਾਮਈ ਢੰਗ ਨਾਲ ਕੀਤਾ ਗਿਆ ਹੈ ਉਸਦਾ ਪ੍ਰਤੱਖ ਪ੍ਰਮਾਣ ਮਾਧਉਦਾਸ ਰਚਿਤ ਹੇਠ ਲਿਖੀਆਂ ਸਤਰਾਂ ਹਨ:—

ਮਾਏ ਨੀ ਨੰਦ ਲਾਲ ਜੋ ਡਿੱਠਾ ਵਾਲ ਸੁਰੰਗ ਨਿਆਲੇ ॥
ਅਖੜੀਆਂ ਦੋਇ ਕਉਲ ਟਹਕਨ ਭਉਰਾ ਭਉਰਾ ਸ ਕਾਲੇ ॥
ਕੰਨੀ ਸੋਇਨ ਲੁੜੱਕਨ ਸੋਹਨ ਮਾਨੋ ਸੂਰਜ ਝਾਲੇ ॥

... ...

ਨੱਕ ਜਿਨ੍ਹਾਂ ਦਾ ਤੋਤੇ ਦੀਆਂ ਚਿੰਜੂ ਹੇਠ ਗੁਲੀ ਰੰਗ ਰਤੇ ॥
ਮੋਤੀ ਚਉਂਕ ਬਤੀਸੀ ਸੋਹੈ ਹਸੈ ਤ ਬਿੱਜਲਿ ਲੱਸਕੇ ॥
ਖੱਬੀ ਬੁਕਲ ਪੀਤ ਪੀਤੰਬਰ ਲਟਕਿ ਚਲੰਦੜਾ ਚਾਲੇ ॥

... ...

ਮਾਥੇ ਉਪਰ ਮੁਕਟ ਬਿਰਾਜੇ ਚੱਸੋ ਤ ਅੰਗ ਹਲਾਏ ॥
ਜਾਨ ਘਟਾਂ ਵਿਚਿਕਾਰੇ ਪਰਬਤ ਮੋਰਾਂ ਪਾਇਲੁ ਪਾਏ ॥

ਕ੍ਰਿਸ਼ਣ ਜੀ ਦਾ ਅਜਿਹਾ ਨਖ਼ਸ਼ਿਖ਼ ਵਰਣਨ ਹੋਰ ਕਿਤੇ ਘਟ ਹੀ ਮਿਲਦਾ ਹੈ। ਅਜਿਹਾ ਵਰਣਨ ਪੰਜਾਬੀ ਦੇ ਕਿੱਸਾ ਕਵੀ ਪ੍ਰੇਮ ਦੇ ਨਾਇਕ-ਨਾਇਕਾਵਾਂ ਦਾ ਕਰਦੇ ਰਹੇ ਹਨ ਜਾਂ ਅਜਿਹਾ ਵਰਣਨ ਸਾਨੂੰ ਹਿੰਦੀ ਦੀ ਰੀਤੀ ਕਾਲੀਨ ਕਵਿਤਾ ਵਿਚ ਵੀ ਮਿਲਦਾ ਹੈ। ਹਾਂ, ਸਾਧੂ ਜਨ ਦੀ ਕਵਿਤਾ ਵਿਚ ਸਾਨੂੰ ਕ੍ਰਿਸ਼ਣ ਜੀ ਦੇ ਅਜਿਹੇ ਭਰਪੂਰ ਨਖ਼ਸ਼ਿਖ਼ ਵਰਣਨ ਦੀ ਇਕ-ਅਧ ਉਦਾਹਰਣ ਜ਼ਰੂਰ ਮਿਲ ਜਾਂਦੀ ਹੈ, ਜਿਵੇਂ :—

ਮੋਰ ਮੁਕਟ ਮਾਥੇ ਪਰ ਸੋਹੈ ਸੁੰਦਰ ਕ੍ਰਾਂਤ ਸਵਾਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਚਨ ਲਲਤ ਕਵਲ ਦਲ ਕੀ ਗਤਿ ਲਟੂਰੀ ਘੂੰਘਰਿਆਰੀ ॥
ਕੁੰਦਨ ਤਿਲਕੁ ਲਿਲਾਟ ਬਿਰਾਜੈ ਸੰਤਨ ਕਾ ਹਿਤਕਾਰੀ ॥੪॥
ਕੰਚਨ ਕੁੰਡਲ ਸਰਵਣ ਸੋਹਣੇ ਲਾਗੇ ਜਾਨ ਨਿਰਮੋਲੇ ॥
ਸੋਭਤ ਸਿਆਮੁ ਕਪੋਲਨ ਕੇ ਤਟ ਗੰਚਲ ਜਾਨ ਮਿਮੋਲੇ ॥
ਜਿਯੋਂ ਹਰਿ ਨਾਚੇ ਤਿਯੋਂ ਡੋਲੇ ਝੂਲੇ ਜਾਨਿ ਹੰਡੋਲੇ ॥੫॥
ਅੰਮਰਿਤ ਅਧਰ ਅਨੂਰ ਅਰਨਤਾ ਮੰਦ ਮੰਦ ਮੁਸਕਾਵੈ ॥
ਮਾਨੋ ਦਾਮਨੀ ਸਘਨ ਘਟਾ ਮਧ ਦੂਰਦੂਰ ਚਮਕ ਦਿਖਾਵੈ ॥
ਨਥਰੀ ਕੇ ਮਧ ਮੋਤੀ ਚਮਕੈ ਤ੍ਰਿਭਵਣ ਸੋਭਾ ਪਾਵੈ ॥੬॥
ਸਿਆਮੁ ਅੰਗ ਪਰਪੀਤ ਪਛੋਉਰੀ ਕੰਠ ਮੁਕਤਾਹਲ ਮਾਲਾ ॥
ਛਾਤੀ ਊਪਰ ਛਾਇ ਰਹੀ ਛਬ ਜਗਮਗ ਜਗਮਗ ਜ੍ਵਾਲਮਾਲਾ ॥
ਕਟੁ ਕਛਨੀ ਆਛੂਦਰ ਘੰਟਕਾ ਚੰਦਨ ਖੋੜ ਰਸਾਲਾ ॥੭॥

ਇੰਜ ਕ੍ਰਿਸ਼ਣ ਜੀ ਦੇ ਸਰੂਪ ਦਾ ਭਰਪੂਰ ਵਰਣਨ ਸਾਨੂੰ ਕਿਤੇ ਕਿਤ ਹੀ ਮਿਲਦਾ ਹੈ। ਬਹੁਤੀ ਥਾਈਂ ਤਾਂ ਕ੍ਰਿਸ਼ਣ ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਕ੍ਰਿਸ਼ਣ-ਸਰੂਪ ਨੂੰ ਇਕ ਦੋ ਬੁਰਸ਼-ਛੁਹਾਂ ਨਾਲ ਹੀ ਉਘਾੜਨ ਦਾ ਜਤਨ ਕੀਤਾ ਹੈ ਅਤੇ ਬਸ। ਵਧੇਰੇ ਜ਼ੋਰ ਉਹਨਾਂ ਨੇ ਕ੍ਰਿਸ਼ਣ ਜੀਵਨ ਨਾਲ ਸੰਬੰਧਤ ਹੋਰਨਾਂ ਗਲਾਂ ਤੇ ਦਿੱਤਾ ਹੈ। ਮਿਸਾਲ ਲਈ ਗੁਆਲ ਦਾਸ, ਭਗਵਾਨ ਰਾਇ, ਕੇਵਲ ਰਾਮ ਅਤੇ ਭਾਵਨ ਰਾਇ ਦੇ ਕਾਵਿ ਵਿੱਚੋਂ ਕੁਝ ਸਤਰਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ:—

ਹਰਿ ਦੇ ਘੂਘਰਿਆਲੇ ਵਾਲ ਮੈਂ ਕੁਰਬਾਨ ਵੈਣੀ ਹਾਂ ॥

... ...

ਮੋਰ ਮੁਕਟ ਪੀਤਾਂਬਰੁ ਸੋਹੈ ਉਹ ਬੈਜੰਤੀ ਮਾਲ ॥੨॥
ਮਾਖਣ ਖਾਇ ਮਟਕੀਆ ਫੋਰੇ ਹਰਿ ਦਾ ਇਹ ਖਿਆਲ ॥੩॥
ਦਾਸ ਗੁਆਲ ਤੇਰਾ ਜਸ ਗਾਵੇ ਮੈਨੂੰ ਰਖ ਚਰਨਾ ਦੇ ਨਾਲਿ ॥੪॥

(ਗੁਆਲ ਦਾਸ)

ਨੰਦ ਕੇ ਨੰਦਨ ਮੋਹੀਆ ਨੀ ਮੈਂ ਆਂਵਦਾ ਡਿਠਾ ਕੂੰਜ ਗਲੀ ਵਿਚਿ ॥
ਉਨ ਜੋ ਡਿਠਾ ਮੈਂ ਵਲਿ ਨੀ ਮੈਡਾ ਲੀਤਾ ਸੁ ਚਿਤੁ ਚੁਰਾਇ ॥੧॥ਰਹਾਉ॥
ਭਿੰਨਾ ਸਿੰਨਾ ਸੁਭ ਗਭਰੂ ਸੋਹੇ, ਸਾਵਰੀ ਸੂਰਤ ਮੂਰਤ ਮੋਹਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਾਇਲ ਮਾਇ ਕੀਤੀਆ ਨੀ ਪਗ ਪੰਕਜ ਨੈਨ ਚੁਹਾਇ ॥੧॥

(ਭਗਵਾਨ ਰਾਇ)

ਤੂੰ ਸੁਣਿ ਵੇ ਅਨੋਖਿਆ ਕਾਨਾਂ ਮੇਰੀ ਗਲ ਸੁਣਿ ਵੇ ॥੧॥ਰਹਾਉ॥
ਸਾਧੂ ਰੰਗ ਮਜੀਠੇ ਨੀ ਰਾਤੇ ਸੰਸਾਰੀ ਰੰਗੂ ਤੁਣਿ ਵੇ ॥੧॥
ਮੋਹਣ ਤੇਰੀ ਚਾਲ ਨਿਰਾਲੀ ਘੁੰਘਰੂਆ ਰੁਣਿ ਝੁਣਿ ਵੇ ॥੨॥
ਬਿੰਦ੍ਰਾਬਨ ਵਿਚਿ ਗਊ ਚਰਾਵੈ ਸੰਗਿ ਰਾਧੇ ਸੀ ਹੁਣਿ ਵੇ ॥੩॥
ਕੇਵਲ ਰਾਮ ਬਿੰਦ੍ਰਾਬਨ ਜੀਵਨ ਮੋਹੀਆਂ ਮੁਰਲੀ ਦੀ ਧੁਣਿ ਵੇ ॥੪॥

(ਕੇਵਲ ਰਾਮ)

ਮੋਹਨ ਮਥਰਾ ਦਾ ਰਾਜਾ ਵੇ ਅਣਾ ਚਿਰ ਜੀਵੇ ਸ਼ਾਮਾਂ
ਮੋਹਿ ਲਈਆ ਬ੍ਰਿਜਸਾਰੀ ॥੧॥ਰਹਾਉ॥
ਸਿਰ ਮੁਕਟ ਬਿਰਾਜੈ ਵੇ ਅਣਾ ਚਿਰ ਜੀਵੇ ਸ਼ਾਮਾ
ਕੁੰਡਲ ਕੀ ਛਬਿ ਨਿਆਰੀ ॥੧॥
ਬਨਿ ਧੈਨ ਚਰਾਵੈ ਵੇ ਅਣਾ ਚਿਰ ਜੀਵੇ ਸ਼ਾਮਾ ਬੰਸੀ ਮਾਰਨ ਹਾਰੀ ॥੨॥
ਕੁਬਜਾ ਵਸ ਕਰਿ ਲੀਆ ਵੇ ਅਣਾਂ ਚਿਰ ਜੀਵੈ ਸ਼ਾਮਾ
ਪਾਇ ਫੂਲਾ ਗਲਿ ਹਾਰੀ ॥੩॥
ਭਾਵ੍ਨ ਸਰਨੀ ਆਇਆ ਵੇ ਅਣਾ ਚਿਰ ਜੀਵੇ ਸ਼ਾਮਾ
ਰਾਖਹੁ ਲਾਜ ਹਮਾਰੀ ॥੪॥

(ਭਾਵਨ ਦਾਸ)

ਜਿਥੇ ਸਿਧੇ ਤੌਰ ਤੇ ਕ੍ਰਿਸ਼ਣ ਭਗਤ ਕਵੀਆਂ ਨੇ ਕ੍ਰਿਸ਼ਣ ਜੀ ਦੇ ਸਰੂਪ, ਪਹਿਨ ਪਹਿਰਾਵੇ ਆਦਿ ਦਾ ਜ਼ਿਕਰ ਕੀਤਾ ਹੈ, ਉਥੇ ਭਗਤ ਫਤਮਲ ਜੀ ਨੇ ਤਾਂ ਮੂਲੋਂ ਹੀ ਇਕ ਨਵਾਂ ਅਤੇ ਅਤਿ ਰੌਚਕ ਢੰਗ ਅਪਣਾਇਆ ਹੈ। ਉਹਨਾਂ ਨੇ ਕ੍ਰਿਸ਼ਣ ਜੀ ਦੇ ਜੋੜੇ ਅਰਥਾਤ ਬਸਤਰਾਂ ਦਾ ਜ਼ਿਕਰ ਕੀਤਾ ਹੈ। ਸੋਹਣਾ ਜੋੜਾ ਜੋ ਉਹਨਾਂ ਦੇ ਭਗਵਾਨ ਕ੍ਰਿਸ਼ਣ ਨੇ ਪਹਿਨਿਆਂ ਹੈ; ਸੋਹਣਾ ਕਿਵੇਂ ਬਣਿਆਂ, ਇਸ ਨੂੰ ਬਣਾਉਣ ਵਿੱਚ ਕਿਸ ਕਿਸ ਦੇ ਹਥ ਲਗੇ, ਕਿਸ ਕਿਸ ਨੇ ਯੋਗਦਾਨ ਦਿੱਤਾ, ਕਿਹੜੀ ਕਿਹੜੀ ਪ੍ਰਕਿਰਿਆ ਵਿੱਚੋਂ ਦੀ ਲੰਘ ਕੇ ਇਹ ਜੋੜਾ ਆਪਣੇ ਵਰਤਮਾਨ ਅਥਵਾ ਅੰਤਿਮ ਰੂਪ ਵਿੱਚ ਆਇਆ ਆਦਿ ਸਭ ਕੁਝ ਬਾਰੇ ਉਹਨਾਂ ਨੇ ਅਤਿ ਸੁੰਦਰ ਢੰਗ ਨਾਲ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਾਰ ਦਸਿਆ ਹੈ :—

ਸੁੰਦਰ ਸਿਆਮ ਦਾ ਜੋੜਾ ।। ਮੋਹਣ ਲਾਲ ਦਾ ਜੋੜਾ ।।੧।। ਰਹਾਉ ।।
ਧੰਨੇ ਨਰਮਾ ਬੀਜਿਆ ਜਮਨ ਕਿਨਾਰੇ ਆਏ ।।
ਜਮਨਾ ਜਲ ਸਿਉਂ ਸਿੰਚਿਆ ਪ੍ਰੀਤਿ ਸੋ ਹਿਤ ਚਿਤ ਲਾਇ ।।੧।।
ਚੁਣਿ ਲਿਆਈਆਂ ਸਭ ਗੋਪੀਆਂ ਉਨਾਂ ਵੇਲਿਆ ਸਹਿਜ ਸੁਭਾਇ ।।
ਫਿਰਿ ਦਾਦੂ ਪਿੰਜਾਰੇ ਨੂੰ ਸੰਉਪਿਆ ਉਸ ਲੀਤਾ ਧਨਖੁ ਚਢਾਇ ।।੨।।
ਉਸ ਨਿਕਾ ਕਰਿ ਕੇ ਸੋਧਿਆ ਸਗਲਾ ਤਾਣੁ ਲਗਾਇ ।।
ਗੋੜੇ ਫੁਲ ਗੁਲਾਬ ਦੇ ਲਿਆਇਆ ਹਛੇ ਬਨਾਇ ।।੩।।
ਰਾਧੇ ਰੁਕਮਣਿ ਆਈਆਂ ਸਭ ਸਖੀਆਂ ਲਈਆਂ ਬੁਲਾਇ ।।
ਵੰਡਿ ਵੰਡਿ ਲਈਆਂ ਉਨਾਂ ਪੂਨੀਆਂ ਉਹਨਾ ਲਈਆਂ ਪਿੜੋਟੇ ਪਾਇ ।।੪।।
ਉਨਾਂ ਨਿਕਾ ਕਰਿ ਕਤਿਆ ਹਸਿ ਹਸਿ ਬਾਂਹਿ ਲੁਡਾਇ ।।
ਫਿਰਿ ਦਾਸ ਕੰਬੀਰੇ ਨੂੰ ਸਉਪਿਆ ਸਿਤਾਬੀ ਨਲੀ ਵਹਾਇ ।।੫।।
ਕਮਾਲੀ ਨਲੀਆਂ ਵਟੀਆਂ ਪੂਤੁ ਕਮਾਲੁ ਪੀਆਇ ।।
ਤਣਿਆ ਲੋਈ ਭਗਤਣੀ ਵੁੰਣਿਆਂ ਕੰਬੀਰੇ ਚਾਇ ।।੬।।
ਫਿਰਿ ਨਾਮੇ ਛੀਪੇ ਨੂੰ ਸਉਪਿਆ ਝਬਿ ਝਬਿ ਖੁੰਬ ਚੜ੍ਹਾਇ ।।
ਉਸ ਗੰਗਾ ਜਲ ਸਿੰਉ ਝੋਲਿਆ ਲੈ ਆਇਆ ਤਹਿ ਬਣਾਇ ।।੭।।
ਭਲਾ ਮਹੂਰਤਿ ਦੇਖਿ ਕੈ ਜੋੜਾ ਲਇਆ ਵਉਤਾਇ ।।
ਸੂੰਈਂ ਆਂਦੀ ਸਾਰ ਦੀ ਪਟੁ ਧਾਗੇ ਰੇਸਮ ਲਾਇ ।।੮।।
ਹਛਾ ਜੋੜਾ ਬਣਿ ਰਹਿਆ ਹਰਖ ਜਸੋਧੇ ਮਾਇ ।।
ਪਹਿਰਾਇਆ ਪਰਭੁ ਪ੍ਰੀਤਿ ਸੋ ਜਨ ਕਹਤ ਫਤਮਲ ਰਾਇ ।।੯।।

(ਫਤਮਲ ਜੀ)

ਕ੍ਰਿਸ਼ਣ ਜੀ ਦੇ ਸਰੂਪ ਵਰਣਨ ਤੋਂ ਛੁਟ ਬਾਲ ਕ੍ਰਿਸ਼ਨ ਦੀਆਂ ਲੀਲ੍ਹਾਵਾਂ ਕ੍ਰਿਸ਼ਣ ਕਾਵਿ ਦੇ ਰਚਣਹਾਰਿਆਂ ਦਾ ਇਕ ਹੋਰ ਮਨ-ਭਾਉਂਦਾ ਵਿਸ਼ਾ ਹੈ। ਮਾਧਉਦਾਸ ਨੇ 'ਮਖਣ ਚੋਰ' ਬਾਲ ਕ੍ਰਿਸ਼ਣ ਦੀਆਂ ਮਖਣ ਚੋਰੀਆਂ ਦਾ ਵਰਣਨ ਕੀਤਾ ਹੈ। ਆਪਣੇ ਸਾਥੀਆਂ ਨੂੰ ਨਾਲ ਲੈ ਕੇ ਕ੍ਰਿਸ਼ਣ ਗੋਪੀਆਂ ਦੇ ਘਰੀਂ ਜਾਂਦੇ ਹਨ। ਛਿੱਕੇ ਤੇ ਟੰਗੇ ਦੁਧ-ਮਖਣ ਨੂੰ ਤਕਦੇ ਹਨ, ਪਰ ਹਥ ਨਹੀਂ ਅਪੜਦਾ। ਇਸ ਲਈ ਓਖਲੀ ਨੂੰ ਮੂਧਿਆਂ ਕਰਕੇ ਅਤੇ ਉਸ ਉਪਰ ਚੜ੍ਹਕੇ ਛਿੱਕੇ ਨੂੰ ਲਾਹ ਲੈਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਗੋਪੀਆਂ ਦੇ ਘਰੀਂ ਜਾਕੇ ਉਹਨਾਂ ਦੇ ਬਚਿਆਂ ਨੂੰ ਚੂੰਢੀਆਂ ਮਾਰ ਮਾਰ ਜਗਾ ਦਿੰਦੇ ਹਨ। ਗੋਪੀਆਂ ਤੰਗ ਪੈਕੇ ਜਸੋਧਾ ਅਗੇ ਸ਼ਿਕਾਇਤ ਕਰਦੀਆਂ ਹਨ :—

ਵਰਜਿ ਨੀ ਜਸੋਧੇ ਅਨੋਖੜਾ ਨੀ ਬਾਲ ॥
ਚਲਿ ਕਰਿ ਦੇਖਿ ਸਾਡੇ ਘਰਿ ਦਾ ਹਵਾਲ ॥੧॥ਰਹਾਉ॥
ਅਜ ਭਲਕੀ ਹੁਣਿ ਮੈ ਰਿੜਕਣਾ ਨੀ ਪਾਇਆ ॥
ਚਾਰਿ ਪੰਜ ਬਾਲਕੁ ਸੰਗਿ ਲੈ ਦਉੜਦਾ ਨੀ ਆਇਆ ॥
ਅਗੇ ਰਿੜਕਿਆ ਭੀ ਨਹੀਂ ਮਖਨ ਮੰਗਦਾ ਨੀ ਹਾਲੁ ॥੧॥
ਦੂਧੁ ਦੁਹਾਇਕੇ ਮੈ ਛਿਕੇ ਤੇ ਨੀ ਰੱਖਿਆ॥
ਰਖਦਿਆਂ ਕਾਂਨ ਤੇਰੇ ਮੈਂਕੂੰ ਭੀ ਲੱਖਿਆ ॥
ਚੁਪ ਚੁਪਾਤਾ ਮੇਰੇ ਅੰਦਰਿ ਵੜਿਆ ॥
ਮੂੰਧੀ ਘਤਿ ਉਖਲੀ ਤੈਂਦੇ ਉਤੇ ਨੀ ਚੜ੍ਹਿਆ ॥
ਉਨ ਸਭੋ ਸਭੋ ਪੀਤਾ ਮੈ ਕੀਤਾ ਨਾ ਖਿਆਲ ॥੨॥
ਵੱਛੇ ਕਟੇ ਛੇਰਿ ਕੋਈ ਗਾਈਂ ਨੂੰ ਲਹੇਂਦਾ ॥
ਚੂਢੀਆਂ ਭਰਿ ਸੁਤੇ ਬਾਲ ਨੀ ਜਗੇਂਦਾ ॥
ਮੈਂਡੇ ਅੰਦਰਿ ਵੰਞਿ ਹਥਿ ਗੋਲੜਾ ਨੀ ਦੇਂਦਾ ॥
ਜਾਂ ਲੜਿ ਪਕੜਾਂ ਤਾਂ ਡੁਸਕਿ ਡੁਸਕਿ ਰੋਂਦਾ ॥
ਵਰਜਿਆ ਨ ਰਹੇ ਮਾਧਉ ਚਕ ਚਾਲ ॥੩॥

(ਮਾਧਉਦਾਸ)

ਗੋਪੀਆਂ ਜਮਨਾ ਕਿਨਾਰੇ ਪਾਣੀ ਭਰਨ ਜਾਂਦੀਆਂ ਹਨ। ਕ੍ਰਿਸ਼ਣ ਉਹਨਾਂ ਦੀ ਵਾਟ ਘੇਰ ਲੈਂਦਾ ਹੈ। ਗੋਪੀਆਂ ਨੂੰ ਫੜ ਫੜ ਉਹਨਾਂ ਦੀਆਂ ਬਾਹਵਾਂ ਨੂੰ ਮਰੋੜੀਆਂ ਦਿੰਦਾ ਹੈ। ਉਹਨਾਂ ਦੀਆਂ ਮਟਕੀਆਂ ਭੰਨ ਸੁਟਦਾ ਹੈ, ਮੱਖਣ ਖੋਹ ਖੋਹ ਖਾਂਦਾ ਹੈ, ਗਾਗਰਾਂ ਨੂੰ ਵੱਟੇ ਮਾਰਦਾ ਫਿਰਦਾ ਹੈ ਅਤੇ ਨਾਲੇ ਹਾਸੇ ਹਸਦਾ ਹੈ। ਗੋਪੀਆਂ ਇਸ ਸਭ ਕੁਝ ਬਾਰੇ ਸ਼ਿਕਾਇਤ ਕਰਦੀਆਂ ਹਨ। ਭਾਵਨ ਦਾਸ ਲਿਖਦਾ ਹੈ :—

ਹਮਰੀ ਜਸਮਤ ਰਾਨੀ ਖੜੀ ਆ ਸਿਆਨੀ
ਤੇਰਾ ਸਾਰੰਗਪਾਨੀ ਕ੍ਰਿਸ਼ਨ ਅਸਾਂ ਨਾਲਿ ਝੇਰੇ ਕਿਉਂ॥੧॥ਰਹਾਉ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਜਮਨਾ ਜਾਈਏ ਜਲ ਭਰਿ ਲਿਆਈਏ
ਵਾਟ ਹਮਾਰੀ ਪ੍ਰਭ ਘੇਰੇ ਕਿਉ ॥੧॥
ਮੋਰੀ ਬਹੀਆਂ ਮਰੋਰੇ ਮਟਕੀਆ ਫੋਰੇ
ਖਾਂਦਾ ਮਾਖਣੁ ਖਸ ਪੇੜੇ ਕਿਉਂ ॥੨॥
ਹਸਿ ਕੰਕਰ ਮਾਰੇ ਗਾਗਰ ਫੋਰੇ
ਕ੍ਰਿਸ਼ਨ ਅਸਾਨੂੰ ਛੇੜੇ ਕਿਉਂ ॥੩॥
ਹਟਕਿ ਜਸੋਧੇ ਨੰਦ ਲਾਲੇ ਮਦਨ ਗੋਪਾਲੇ
ਕ੍ਰਿਸਨ ਅਸਾਡੇ ਵੇੜੇ ਕਿਉਂ ॥੪॥ (ਭਾਵਨ ਦਾਸ)

ਕਵੀ ਰਸਕ ਲਾਲ ਵੀ ਗੋਪੀਆਂ ਦੇ ਕੁਝ ਇਸੇ ਤਰ੍ਹਾਂ ਦੇ ਭਾਵਾਂ ਦਾ ਇਉਂ ਪ੍ਰਗਟਾਵਾ ਕਰਦਾ ਹੈ :—

ਪਰਾਤਿ ਸਮੇ ਮੈ ਜਿਤ ਕਿਤ ਵੇਲੇ ਜਾਵਾਂ ਜਮਨਾ ਪਾਨੀ ॥
ਤੇਰਾ ਹਸਿ ਮੋਹਨ ਕੰਕਰ ਮਾਰੇ ਗਾਗਰਿ ਧਰੇ ਨਿਸਾਨੀ ॥
ਨੰਦ ਅਹੀਰ ਗਰੀਬ ਜਸੋਧਾਂ ਕਾਨ ਪਿਤਾ ਕੋਈ ਹੋਰੁ ॥੧॥
ਨੀ ਮੈ ਕੈਨੂੰ ਆਖਾਂ ॥
ਅਨੀ ਸਮਝਾਇ ਜਸੋਧਾ ਤੂੰ ਬਿਰਜ ਦੀ ਰਾਨੀ ॥
ਤੂੰ ਖਰੀ ਸਿਆਨੀ ਕਾਂਨ ਕਰੇਂਦਾ ਤੇਰਾ ਜੋਰ ॥੧॥ਰਹਾਉ॥
ਅੰਦਰਿ ਵੜਾਂ ਤਾਂ ਅੰਦਰਿ ਮੋਹਨ ਮੈਨੂੰ ਬਾਹਰ ਮੋਹਨ ਦਿਸੈ ॥
ਸਾਵਲਾ ਰੰਗਿ ਸਲੋਈਆਂ ਅੱਖੀਆਂ ਮੋਹਿ ਲਇਆ ਮਨ ਤਿਸੇ॥
ਡਿਠੇ ਬਾਝੂ ਚੈਨ ਨ ਆਵੈ ਜੈਸੇ ਚੰਦ ਚਕੋਰ ॥੨॥
ਜਾਂ ਦੇਖਾਂ ਤਾਂ ਭਾਜਨ ਖਾਲੀ ਹੋਤ ਕਹਾ ਰੀ ਮਾਈ ॥
ਇਕ ਦਿਨ ਕੋਨੇ ਲਗਿ ਖਲੋਤੀ ਆਏ ਕੁਇਰ ਕਨਾਈ ॥
ਮੈਂ ਲੜਿ ਫੜਿਆ ਉਸ ਦਿਲ ਫੜਿਆ ਇਹ ਦਿਲਾਂ ਦਾ ਚੋਰੁ॥੩॥
ਇਕ ਦਿਹਾੜੇ ਗੁਆਰ ਮੰਡੀ ਪ੍ਰਭ ਅੰਗਣ ਮੇਰੇ ਆਇਆ ॥
ਜਨਮ ਜਨਮ ਦਾ ਸੇਵਕ ਤੇਰਾ ਰਸਕ ਲਾਲ ਜਸੁ ਗਾਇਆ ॥
ਤੂੰਹੇ ਮੇਰੀ ਸੇਵਾ ਤੂੰਹੇ ਮੇਰੀ ਪੂਜਾ ਦੀਜੈ ਦਰਸ ਨਿਸ ਭੋਰੁ ॥੪॥
(ਰਸਕ ਲਾਲ)

ਪਰ ਗੋਪੀਆਂ ਇਹਨਾਂ ਨਿਕੀਆਂ ਨਿਕੀਆਂ ਅਤੇ ਪਿਆਰੀਆਂ ਪਿਆਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਾਰਤਾਂ ਨੂੰ ਦਿਲੋਂ ਬੁਰਾ ਨਹੀਂ ਸਮਝਦੀਆਂ । ਇਕ ਗੋਪੀ ਤਾਂ ਜਸੋਧਾ ਅਗੇ ਇਹਨਾਂ ਸ਼ਰਾਰਤਾਂ ਦਾ ਜ਼ਿਕਰ ਵੀ ਕਰਦੀ ਹੈ ਅਤੇ ਨਾਲ ਹੀ ਇਸ ਕਾਰਣ ਉਪਜੀ ਆਪਣੇ ਦਿਲ ਦੀ ਖੁਸ਼ੀ ਦਾ ਪ੍ਰਗਟਾਵਾ ਵੀ ਕਰਦੀ ਹੈ । ਚੰਦ ਸਖੀ ਲਿਖਦਾ ਹੈ :—

ਮਾਈ ਤੇਰਾ ਮੋਹਨ ਮਿਲਿਆ ਦੁਖ ਗਇਆ ਸਭ ਤਨ ਦਾ ਨੀ
ਮੇਰਾ ਗੁਆਰਨਿ ਕੇ ਸੰਗਿ ਖੇਲਤ ਜਾਤਾ ॥੧॥ਰਹਾਉ॥
ਹਉ ਦਧਿ ਬੇਚਨ ਜਾਤਿ ਨਗਰ ਮੇਂ ਮਾਈ ਮੇਰਾ ਮਾਰਗਿ ਵਲਿਆ ॥੧॥
ਬ੍ਰਿੰਦਾਬਨ ਕੀ ਕੁੰਜ ਗਲਨਿ ਮੇਂ ਮਾਈ ਮੇਰਾ ਅੰਚਲ ਫੜਿਆ ॥੨॥
ਦੇਖਿ ਸਰੂਪ ਅਨੂਪ ਮਹਾਂ ਛਬਿ ਮਾਈ ਮੇਰਾ ਮਨ ਤਨ ਠਗਿਆ ॥੩॥
ਚੰਦ ਸਖੀ ਪ੍ਰਭ ਬਾਲ ਕ੍ਰਿਸ਼ਨ ਹਿਤ ਇਹ ਸਨਿਆਹਾ ਗੁਆਰਨਿ ਘਲਿਆ ॥੪॥

(ਚੰਦ ਸਖੀ)

ਕ੍ਰਿਸ਼ਣ ਗੋਪਾਂ ਦੇ ਭੇਸ ਵਿੱਚ ਲੀਲ੍ਹਾਵਾਂ ਕਰਦੇ ਫਿਰਦੇ ਹਨ, ਇਸ ਲਈ ਕਿ ਉਹਨਾਂ ਗੁਆਲਣਾਂ ਨਾਲ ਪ੍ਰੇਮ ਕਲੋਲ ਕਰਦਿਆਂ ਕੋਈ ਵੇਖ ਨਹੀਂ ਸਕਦਾ, ਪਛਾਣ ਨਹੀਂ ਸਕਦਾ । ਦੁਧ ਅਤੇ ਮਲਾਈਆਂ ਉਹਨਾਂ ਨੂੰ ਬੜੀਆਂ ਚੰਗੀਆਂ ਲਗਦੀਆਂ ਹਨ । ਗੁਆਲਣਾਂ ਨੂੰ ਤਾਂ ਉਹ ਦੁਧ ਰਿੜਕਣ ਹੀ ਨਹੀਂ ਦਿੰਦੇ ਅਤੇ ਰਿੜਕਿਆ ਹੋਇਆ ਮਖਣ ਖੋਹ ਖੋਹ ਨਸਦੇ ਹਨ । ਕਵੀ ਬਾਲ ਕ੍ਰਿਸ਼ਨ ਲਿਖਦਾ ਹੈ :—

ਕੋਈ ਦਸੋ ਖਾਂ ਮੋਹਨ ਦਿਸਦਾ ॥੧॥ਰਹਾਉ॥
ਆਉਂਦਾ ਜਾਉਂਦਾ ਲਖੇ ਨ ਕੋਈ ਅਜਬੁ ਤਮਾਸਾ ਇਸਦਾ ॥
ਗੁਆਰਨਿ ਸੰਗਿ ਫਿਰੈ ਰੰਗਿ ਰਤੜਾ ਅਖੀਆਂ ਦੇ ਵਿਚਿ ਹਸਦਾ ॥੧॥
ਦੁਧ ਮਲਾਈਆਂ ਛਡਦਾ ਨਾਹੀਂ ਲੋਭੀ ਗੋਰਸੁ ਰਸ ਦਾ ॥
ਖੀਰ ਬਿਲੋਵਨ ਦੇਵੈ ਨਾਹੀ ਮਾਖਣੁ ਲੈ ਲੈ ਨਸਦਾ ॥੨॥
ਜੋਗੀ ਜਤੀ ਤਪੀ ਸੰਨਿਆਸੀ ਪੁਛਿ ਰਹੀਆਂ ਭੇਦ ਨ ਦਸਦਾ ॥
ਬਾਲ ਕ੍ਰਿਸ਼ਨ ਪੂਰਨ ਅਬਿਨਾਸੀ ਗੋਪ ਭੇਖ ਵਿਚ ਵਸਦਾ ॥੩॥

(ਬਾਲ ਕ੍ਰਿਸ਼ਨ)

ਗੋਪੀਆਂ ਵੀ ਤਾਂ ਘਟ ਨਹੀਂ । ਜੇ ਕ੍ਰਿਸ਼ਣ ਉਹਨਾਂ ਦਾ ਰਿੜਕਿਆ ਮਖਣ ਖਾ ਜਾਂਦੇ ਹਨ, ਉਹਨਾਂ ਦੀਆਂ ਗਾਗਰਾਂ ਨੂੰ ਕੰਕਰ ਮਾਰਦੇ ਫਿਰਦੇ ਹਨ, ਉਹਨਾਂ ਦੀ ਵਾਟ ਘੇਰ ਲੈਂਦੇ ਹਨ ਤਾਂ ਗੋਪੀਆਂ ਵੀ ਉਹਨਾਂ ਨੂੰ ਚਿੜ੍ਹਾਉਣ ਲਈ ਉਨ੍ਹਾਂ ਦੀ ਬੰਸਰੀ ਖੋਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਛੁਪਾ ਦਿੰਦੀਆਂ ਹਨ। ਕ੍ਰਿਸ਼ਣ ਊਧੋ ਨੂੰ ਦਸ ਪਾਉਂਦੇ ਹਨ ਕਿ ਗੋਪੀਆਂ ਨੇ ਮੇਰੀ ਬੰਸਰੀ ਲੁਕਾ ਲਈ ਹੈ। ਪੁਛਦਾ ਹਾਂ ਤਾਂ ਅਗੋਂ ਝੇੜਾਂ, ਮਸ਼ਕਰੀਆਂ ਅਤੇ ਟਿਚਕਰਾਂ ਕਰਦੀਆਂ ਹਨ। ਮਚਲੀਆ ਬਣ ਬਣ ਬਹਿੰਦੀਆਂ ਹਨ ਅਤੇ ਉਲਟਾ ਮੈਨੂੰ ਪੁਛਦੀਆਂ ਹਨ ਕਿ ਬੰਸਰੀ ਕਿਥੇ ਗੁੰਮ ਕਰ ਲਈ ਆ। ਉਹਨਾਂ ਪਾਸੋਂ ਮੰਗਦਾ ਹਾਂ, ਤਾਂ ਦਿੰਦੀਆਂ ਨਹੀਂ। ਭਾਵਨ ਦਾਸ ਨੇ ਭਗਵਾਨ ਦੀ ਬੰਸਰੀ ਦੀ ਕਥਾ ਦਾ ਵਰਣਨ ਇਉਂ ਕੀਤਾ ਹੈ :—

ਏ ਊਧੋ ਮੇਰੀ ਬਿਰਹਾ ਬੰਸੀ ਖੱਸਿ ਖੜੀ ਮਹਰੇਟੀਆਂ
ਮੁਸ਼ਕ ਪਲੇਟੀਆਂ ਗਾਲੀਆਂ ਦੇਂਦੀਆਂ ਨੀ ਵੋ ॥੧॥ਰਹਾਉ॥
ਦੁਧ ਦਹੀਂ ਦੀਆਂ ਰਤੀਆਂ ਸੱਤੀਆਂ ਜੋਬਨਿ ਮਾਨੁ ਕਰੇਂਦੀਆਂ ਨੀ ਵੋ ॥੧॥
ਇਤ ਉਤੇ ਕਿਤੇ ਜਾਨ ਨ ਦੇਵਣ ਮਾਰਗੁ ਰੋਕ ਬਹੇਂਦੀਆਂ ਨੀ ਵੋ ॥੨॥
ਕਹੁ ਕਾਨਾ ਬੰਸੀ ਕਿਥੇ ਵੰਞਾਈਆ ਮਚਲੀਆਂ ਹੋਇ ਪੁਛੇਂਦੀਆਂ ਨੀ ਵੋ ॥੩॥
ਮੈਂ ਮੰਗਾ ਉਹ ਦੇਵਣੁ ਨਾਹੀ ਮਿਠੜੇ ਵੈਂਣੁ ਅਲੇਂਦੀਆਂ ਨੀ ਵੋ ॥੪॥
ਭਾਵਣ ਦਾਸ ਤੇਰਾ ਜਸੁ ਗਾਵੈ ਸਭ ਤੈਥੋਂ ਘੋਲੁ ਘੁਮੇਂਦੀਆ ਨੀ ਵੋ ॥੫॥

(ਭਾਵਨ ਦਾਸ)

ਕ੍ਰਿਸ਼ਣ ਜੀ ਦੀ ਬੰਸਰੀ ਦੀ ਚਰਚਾ ਪੰਜਾਬੀ ਕ੍ਰਿਸ਼ਣ ਕਾਵਿ ਵਿੱਚ ਬਹੁਤ ਹੋਈ ਹੈ। ਇਸਦਾ ਕਾਰਣ ਬੰਸਰੀ ਵਿਚਲਾ ਕਮਾਲ ਦਾ ਜਾਦੂ ਹੈ। ਇਸ ਜਾਦੂ ਦਾ ਪ੍ਰਭਾਵ ਜਿਸ ਉਪਰ ਪੈ ਗਿਆ ਉਸਨੂੰ ਘਰ ਦੇ ਸਾਰੇ ਕੰਮ ਭੁਲ ਗਏ। ਉਹਨੂੰ ਫੇਰ ਲੋਕ ਲਾਜ ਦੀ ਪਰਵਾਹ ਨਹੀਂ ਰਹਿੰਦੀ। ਬੰਸੀ ਵਾਲੇ ਦੀ ਸੂਰਤ ਦੇਖ ਦੇਖ ਉਹਦਾ ਮਨ ਖੁਸ਼ ਹੁੰਦਾ ਹੈ। ਲੋਕੀਂ ਪਏ ਹਸਣ ਉਸਨੂੰ ਕਿਸੇ ਦੀ ਪਰਵਾਹ ਨਹੀਂ :—

ਮੈਂ ਕਮਲੀ ਵੇ ਕਮਲੀ ਕੀਤੀ ਇਸ ਬੰਸਰੀ ਦੀਆਂ ਤਾਨਾਂ ॥੧॥ਰਹਾਉ।
ਰੈਨਿ ਦਿਨਾਂ ਮੈਨੂੰ ਚੈਨ ਨ ਆਵੈ ਮੈਨੂੰ ਗ੍ਰਿਹਿ ਕਾਰਜ ਬਿਸਰਾਨਾ ॥੧॥
ਏਕ ਕਹੋ ਕੋਈ ਲਾਖ ਕਹੋ ਮੈਂ ਤਾਂ ਲੋਕ ਲਾਜ ਨਹੀਂ ਮਾਨਾਂ ॥੨॥
ਸੋਹਨੀ ਸੂਰਤ ਮੋਹਨਿ ਵਾਲੀ ਮੇਰਾ ਇਹ ਜੀਅ ਦੇਖਿ ਲੁਭਾਨਾ ॥੩॥
ਖੇਮੁ ਕਰਨਿ ਮਨ ਮੋਹਨਿ ਲੀਤਾ ਮੈਨੂੰ ਹਸਦਾ ਲੋਕੁ ਦਿਵਾਨਾ ॥੪॥

(ਖੇਮ ਕਰਨ)

ਰਾਧਾ-ਕ੍ਰਿਸ਼ਣ, ਗੋਪੀ-ਕ੍ਰਿਸ਼ਣ ਅਤੇ ਇਹਨਾਂ ਦੇ ਪਰਸਪਰ ਪਿਆਰ ਕਲੋਲਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਣਨ ਕ੍ਰਿਸ਼ਣ ਕਾਵਿ ਦੇ ਰਚਣਹਾਰਿਆਂ ਦਾ ਪ੍ਰਮੁਖ ਅਤੇ ਪ੍ਰਿਅ ਵਿਸ਼ਾ ਹੈ।

ਰਾਧਾ, ਪ੍ਰੇਮ ਦੀ ਕੁਠੀ, ਨੂੰ ਕ੍ਰਿਸ਼ਣ ਦੀ ਬੰਸਰੀ ਨੇ ਮੋਹ ਲਿਆ ਹੈ। ਉਸਦੀ ਮਾਂ ਕਹਿੰਦੀ ਹੈ ਕ੍ਰਿਸ਼ਣ ਤਾਂ ਅਹੀਰ ਹੈ। ਪਰ ਰਾਧਾ ਮਾਂ ਨੂੰ ਸਮਝਾਉਂਦੀ ਹੈ ਕਿ ਪ੍ਰੇਮ ਜਾਤ-ਪਾਤ ਨੂੰ ਨਹੀਂ ਪੁਛਦਾ, ਉਹ ਅਹੀਰ ਹੈ ਤਾਂ ਕੀ ਹੋਇਆ ? ਰਾਧਾ ਕ੍ਰਿਸ਼ਣ ਨੂੰ ਮਿਲਣਾ ਚਾਹੁੰਦੀ ਹੈ। ਕੀ ਕੀ ਬਹਾਨੇ ਕਰਦੀ ਹੈ, ਮਾਂ ਕਿਵੇਂ ਧੀ ਦੇ ਪਿਆਰ-ਰੋਗ ਦਾ ਦਾਰੂ ਕਰਨ ਲਈ ਤਿਆਰ ਹੋ ਪੈਂਦੀ ਹੈ, ਕ੍ਰਿਸ਼ਣ ਜੀ ਦੀ ਮਾਤਾ ਕਿਵੇਂ ਪਹਿਲਾਂ ਲਾਏ ਗਏ ਦੂਸ਼ਣਾਂ ਅਤੇ ਲਾਂਛਣਾਂ ਨੂੰ ਰਦ ਕਰਦੀ ਹੈ ਅਤੇ ਫੇਰ ਕਿਵੇਂ ਅਕ ਕੇ ਮੰਨ ਜਾਂਦੀ ਹੈ, ਕ੍ਰਿਸ਼ਣ ਜੀ ਨੂੰ ਨਾਲ ਭੇਜਣ ਲਈ। ਇਸ ਸਭ ਕੁਝ ਦਾ ਵਰਣਨ ਮਨਹਰਿਦਾਸ ਨੇ ਬੜੇ ਕਲਾਮਈ ਢੰਗ ਨਾਲ ਕੀਤਾ ਹੈ :—

ਮੇਰਾ ਲੈ ਗਇਆ ਚਿਤਿ ਚੁਰਾਇ ਨੰਦ ਮਹਰ ਦਾ ਸਾਵਰਾ ॥
ਅਨੀ ਮਨ ਮੋਹਿ ਗਇਆ ਬੇਨ ਵਜਾਇ ਗਲੀ ਅਸਾਡੜੀ ਆਂਵਦਾ ॥
ਅਨੀ ਰਾਧੇ ਤੂੰ ਬ੍ਰਿਖਭਾਨ ਸੁਤਾ ਨੀ ਲਜੋਂ ਗਈਏਂ ਓਹੁ ਅਹੀਰ ਕਹਾਂਵਦਾ ॥
ਇਸ਼ਕ ਨਾ ਪੁਛਦਾ ਜਾਤਿ ਨੀ ਭੋਲੀ ਮਾਏ ਮਸਲਤਿ ਵਿਚਿ ਨ ਆਂਵਦਾ ॥
ਅਨੀ ਤੇਰੀ ਲੋਕ ਕਰੇਗਾ ਚਰਚਾ ਨੀ ਲਜੋਂ ਗਈਏਂ
ਤੈਨੂੰ ਤਾਂ ਸਰਮੁ ਨ ਆਂਵਦਾ ॥
ਬਿਰਹੋਂ ਬੁਰੀ ਬਲਾਇ ਨੀ ਭੋਲੀ ਮਾਏ ਲੋਕੁ ਪਰਲੋਕੁ ਗਵਾਵਦਾ ॥
ਅਨੀ ਰਾਧੇ ਸੰਮਲਿ ਸੰਮਲਿ ਬੋਲੁ ਨੀ ਲਜੋਂ ਗਈਏਂ
ਤੇਰਾ ਹੁਣੇ ਪਿਤਾ ਘਰਿ ਆਂਵਦਾ ॥
ਅਨੀ ਮਾਏ ਸੂਰੇ ਸਤੀ ਪਤੰਗ ਇਨਾ ਮਰਨੋ ਤਾਂ ਡਰਨੁ ਨ ਆਂਵਦਾ ॥
ਅਨੀ ਰਾਧੇ ਵੇਦਨੁ ਮੈਨੂੰ ਦੱਸਿ ਤੈਨੂੰ ਕੇੜਾ ਤਾ ਬਿਰਹੋਂ ਸੰਤਾਵਦਾ ॥
ਅਨੀ ਮਾਏ ਕੋਈ ਨੰਦ ਮਹਿਰ ਘਰਿ ਜਾਇ ਮੇਰਾ ਮੰਤ੍ਰ ਘਨਈਏ ਨੂੰ ਆਂਵਦਾ ॥
ਉਥੇ ਗਈ ਰਾਧੇ ਦੀ ਮਾਇ ਜਸੋਧੇ ਰਾਨੀ
ਤੇਰਾ ਮੰਤ੍ਰ ਘਨਈਆ ਤੇਰਾ ਜਾਣਦਾ ॥
ਅਨੀ ਜਸੋਧਾ ਰਾਨੀ ਬਾਲਕ ਨੂੰ ਸਮਝਾਇ ਇਹ ਤਾਂ ਅੱਜਿ ਕੱਲਿ
ਚੱਚਰੁ ਕੋਈ ਉਪਾਂਵਦਾ ॥
ਅਗੋਂ ਡਰ ਗਈ ਘਨਈਏ ਦੀ ਮਾਇ ਲੈ ਜਾਉ ਭੈਣਾਂ
ਅਹੁ ਦੇਖਿ ਬਾਲਕ ਆਂਵਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭ ਦੇ ਘੁੰਘਰਿਆਲੇ ਵਾਲ ਮਾਥੇ ਤੇ ਮੁਕਟ ਸੁਹਾਂਵਦਾ ।।
ਸੰਗ ਲੈ ਚਲੀ ਰਾਧੇ ਦੀ ਮਾਇ ਪ੍ਰਭ ਆਇਆ ਤ ਬੇਨ ਬਜਾਂਵਦਾ ।।
ਹੁਣਿ ਰਾਧੇ ਕ੍ਰਿਸ਼ਨ ਮਿਲੇ ਪੇਮੁ ਪੂਰਾ ਹੋਇਆ
ਤੇਰਾ ਮਨਹਰਿ ਜਸ ਗਾਂਵਦਾ ।।੧।।

(ਮਨਹਰਿ ਦਾਸ)

ਗੋਪੀਆਂ ਅਤੇ ਕ੍ਰਿਸ਼ਣ ਦੇ ਪ੍ਰੇਮ ਦਾ ਵਰਣਨ ਅਨੇਕ ਕਵੀਆਂ ਨੇ ਕੀਤਾ ਹੈ । ਕ੍ਰਿਸ਼ਣ ਗੋਪੀਆਂ ਨੂੰ ਛਡ ਕੇ ਮਥਰਾ ਚਲੇ ਜਾਂਦੇ ਹਨ, ਕੁਬਜਾਂ ਨਾਲ ਪ੍ਰੇਮ ਰਚਾਂਦੇ ਹਨ । ਪਿਛੋਂ ਗੋਪੀਆਂ ਕ੍ਰਿਸ਼ਣ ਦੇ ਪ੍ਰੇਮ ਦੀ ਬਿਰਹਾ ਵਿੱਚ ਤੜਪਦੀਆਂ ਹਨ । ਕਮਾਲ ਜੀ ਉਹਨਾਂ ਦੀ ਤੜਪਣੀ ਦਾ ਬਿਆਨ ਇਉਂ ਕਰਦੇ ਹਨ :—

ਅਸੀਂ ਭੂਲੀਆਂ ਨ ਗਈਆਂ ਪ੍ਰਭ ਜੀ ਕੇ ਸੰਗ ।।੧।।ਰਹਾਉ।।
ਚਲੋ ਸਖੀ ਮਥਰਾ ਜਾਇ ਬਸੀਏ ਤਜੀਐ ਗੋਕਲ ਗਾਂਉ ।।
ਕੁਬਜਾਂ ਦੀ ਜਾਇ ਟਹਲ ਕਮਾਈਐ ਦਾਸੀ ਧਰਾਈਐ ਨਾਂਉ ।।੧।।
ਆਗੁ ਲਗੇ ਇਨ ਨੇਤ੍ਰਾਂ ਜਿਸ ਨਹੀਂ ਦਿਸਦਾ ਸਿਆਮੁ ।।
ਸ਼ਾਮ ਸੁੰਦਰ ਬਿਨ ਜੀਵਣਾ ਨਹੀ ਜੀਵਨ ਕਾ ਕਾਮੁ ।।੨।।
ਦੂਧ ਮਖਣ ਛਾਹੀ ਦੇ ਦੇ ਪਾਲਿਆ ਏਹ ਤਾਂ ਮਾਤ ਜਸੋਧਾਂ ਦਾ ਬਾਲੁ ।।
ਕੰਸ ਗੁਮਾਨੀ ਦਾ ਭਾਣਜਾ ਏਹ ਤਾਂ ਪਰੀਤ ਕੀ ਜਾਣੈ ਪਾਲ ।।੩।।
ਨੰਦ ਮਹਰ ਦਾ ਲਾਡਲਾ ਸਿਰੀ ਕਰਿਸ਼ਨ ਜਾ ਕਾ ਨਾਉ ।।
ਭਗਤ ਉਧਾਰਣ ਆਇਆ ਤਾਰਿਆ ਸੁ ਗੋਕਲ ਗਾਉਂ ।।੪।।
ਊਧੋ ਇਹ ਸੰਦੇਸੜਾ ਜਾਇ ਕਹੀਐ ਕਰਿਸ਼ਨ ਸੁਨਾਇ ।।
ਗੋਪੀਆਂ ਸਭ ਜੋਗਨ ਹੋਈਆਂ ਅੰਗ ਬਿਭੂਤ ਲਗਾਇ ।।੫।।
ਮੋਹਨ ਤੁਮਰੇ ਦਰਸ ਬਿਨੁ ਸੂਕੇ ਸਕਲ ਸਰੀਰੁ ।।
ਪਾਪੀ ਨੈਨ ਨਾ ਸੂਕਤੇ ਭਰ ਭਰ ਲਿਆਵੈਂ ਨੀਰ ।।੬।।
ਸੁਕ ਸੁਕ ਹੋਈਆਂ ਪਿੰਜਰਾ ਹਾਲ ਤੇ ਹੋਈਆਂ ਬੇਹਾਲੁ ।।
ਗੋਪੀਆਂ ਸਭ ਸ੍ਰੀ ਕ੍ਰਿਸ਼ਣ ਬਿਨ ਜਸ ਕਹੈ ਦਾਸ ਕਮਾਲ ।।੭।।

(ਕਮਾਲ ਜੀ)

ਗੋਪੀਆਂ ਊਧੋ ਦੇ ਹਥ ਆਪਣੀ ਵੇਦਨ ਕਹਿੰਦੀਆਂ ਹਨ । ਲਖਮੀ ਦਾਸ

CC-0. In Public Domain. Gurukul Kangri Collection, Haridwar

6583

ਲਿਖਦਾ ਹੈ: Digitized by Arya Samaj Foundation Chennai and eGangotri

ਊਧੋ ਮੋਹਨ ਲਾਲ ਕਉਨ ਬ੍ਰਿਜ ਆਵਸੀ ॥
ਮੇਰੀ ਬਿਰਹੋਂ ਅਗਨਿ ਕੀ ਭਾਇ ਸੁ ਕਉਨ ਬੁਝਾਵਸੀ ॥੧॥ਰਹਾਉ॥
ਪੂੰਨੇ ਬਾਰਾਂਮਾਹ ਇਵੇਂ ਕੁਰਲਾਂਦਿਆਂ ॥
ਲਿਖਿ ਲਿਖਿ ਪਤੀਆਂ ਨਿਤਿ ਸੁਨੇਹੇ ਦੇਂਦਿਆਂ ॥੧॥
ਮਰਹਿ ਕਠਨ ਬਿਖੁ ਖਾਇ ਸਗਲ ਬ੍ਰਿਜ ਨਾਰੀਆਂ ॥
ਕੈਸੇ ਕੈ ਰਾਖੈ ਪ੍ਰਾਂਨ ਜੁ ਲਾਲ ਵਿਸਾਰੀਆਂ ॥੨॥
ਤੇਲ ਫੁਲੇਲ ਰਬੇਲ ਲਗਹਿ ਚਿਨਗਾਰੀਆਂ ॥
ਜਮਨਾਂ ਜਮੁ ਹੋ ਰਹੀ ਬਿਨਾ ਗਿਰਧਾਰੀਆਂ ॥੩॥
ਕਉਲ ਨੈਨ ਕੇ ਬਿਰਹੁ ਤਪਤ ਹੈ ਛਾਤੀਆਂ ॥
ਨਿਤ ਉਡੇਨੀ ਹਾਂ ਕਾਗੁ ਲਿਖੇਨੀ ਹਾਂ ਪ੍ਰਾਤੀਆਂ ॥੪॥
ਊਧੋ ਇਕੁ ਸਨੇਹਾ ਕਹੀਐ ਸਾਂਵਰੇ ॥
ਤੁਮ ਬਾਝੁ ਮੇਰੇ ਨੈਨ ਭਏ ਹੈਂ ਬਾਵਰੇ ॥੫॥
ਗ੍ਰਿਹ ਬਨ ਬੀਥਨ ਮਾਹਿ ਸੁ ਬਹਨਿ ਨ ਆਵਈ ॥
ਤਰਫਤ ਸਾਰੀ ਰੈਨ ਸੁ ਮੋਹਿ ਬਿਹਾਵਈ ॥੬॥
ਸੁਨਿ ਗੋਪੀਅਨ ਕਾ ਪ੍ਰੇਮ ਊਧੋ ਭਇਆ ਬਾਵਰਾ ॥
ਗਿਰਿਓ ਧਰਨਿ ਮੁਰਝਾਇ ਕਹੈ ਪੀਆ ਸਾਂਵਰਾ ॥੭॥
ਇਹੁ ਬਿਰਹੁ ਰਸ ਪ੍ਰੇਮ ਕੋਈ ਜਨ ਪਾਵਹੇ ॥
ਰਾਧੇ ਲਾਲ ਸਨੇਹੁ ਲਖਮੀ ਚੰਦ ਗਾਵਹੇ ॥੮॥

(ਲਖਮੀ ਚੰਦ)

ਬਿਰਹਾ ਅਤੇ ਵਿਛੋੜੇ ਕਾਰਣ ਗੋਪੀਆਂ ਦਾ ਮਨ ਕਿਸੇ ਕੰਮ ਵਿੱਚ ਨਹੀਂ ਲਗਦਾ । ਉਹ ਕਤਣਾ, ਤੁੰਮਣਾ ਸੱਭ ਕੁਝ ਭੁਲ ਗਈਆਂ ਹਨ । ਮਨ ਦੀ ਤਾਰ ਕੇਵਲ ਕ੍ਰਿਸ਼ਣ ਵਲ ਹੀ ਜੁੜੀ ਰਹਿੰਦੀ ਹੈ । ਗੁਆਲ ਦਾਸ ਕਹਿੰਦਾ ਹੈ :—

ਕਤਣ ਸਾਥੋਂ ਰਹਿ ਗਇਆ ਮਾਏ ਮੈਂਡੀ ਪਛੜੀ ਘਿੰਨੁ ਨੀ ਸਮਾਲਿ॥੧॥ਰਹਾਉ॥
ਜਿਤੁ ਵੰਝਾਂ ਤਿਤੁ ਵੰਝਣ ਨ ਦੇਂਦਾ ਪਾਇਆ ਸੁ ਬਿਰਹੁੰ ਦਾ ਜਾਲਿ ॥੧॥
ਅਤਨਿ ਚਰਖਾ ਤੇ ਪਿੜ ਪੂਣੀਆਂ ਜੁਹਦੀ ਰਹੀ ਸੁ ਤਕਲੇ ਦੇ ਨਾਲਿ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਠੇ ਪਹਿਰ ਮੈਨੂੰ ਧਿਆਨ ਮੋਹਨ ਦਾ ਹੋਰੁ ਨ ਸੁਰਤਿ ਖਿਆਲਿ ॥੩॥
ਦਾਸ ਗੁਆਲ ਤੇਰਾ ਜਸ ਗਾਵੈ ਮੈਨੂੰ ਰਖ ਚਰਨਾ ਦੇ ਨਾਲਿ ॥੪॥
(ਗੁਆਲ ਦਾਸ)

ਇਸੇ ਤਰ੍ਹਾਂ ਦੇ ਭਾਵਾਂ ਦਾ ਪ੍ਰਗਟਾਵਾ ਸਾਨੂੰ ਭਗਤ ਫੇਰੂ, ਚੰਦ ਸਖੀ ਅਤੇ ਭਾਵਨ ਦਾਸ ਦੀ ਰਚਨਾ ਵਿੱਚ ਵੀ ਮਿਲਦਾ ਹੈ, ਜਿਵੇਂ :—

ਅਣੀ ਮੇਰਾ ਕਉਣ ਕਤੇ ਹੁਣ ਪੂਣੀਆਂ ॥
ਸੁਧ ਬਿਸਰੀ ਮੇਰੀ ਮਤਿ ਬਉਰਾਨੀ ਸਾਵਲ ਪ੍ਰੇਮ ਝੰਝੂਣੀਆਂ ॥੧॥ਰਹਾਉ॥
ਨੇਹੁ ਲਗਾ ਦੇਹਾ ਸੁਧਿ ਭੂਲੀ ਸਹੁ ਬਾਝਹੁ ਗਲਾਂ ਊਂਣੀਆਂ ॥੧॥
ਫੇਰੂ ਜੀਵਦਿਆਂ ਨੇਹੁ ਨ ਵਿਸਰੈ ਜੀ ਮੁਇਆਂ ਭੀ ਦੂਣ ਚਊਣੀਆਂ ॥੨॥
(ਫੇਰੂ ਜੀ)

ਮੋਹਨ ਬੇਪਰਵਾਹ ਮੇਰੀ ਪੀਰ ਨਾ ਜਾਨੀ ॥੧॥ਰਹਾਉ॥
ਜੇ ਟੁਕ ਗਲੀ ਅਸਾਡੀ ਆਵੇਂ ਜੀਉ ਕਰਾਂ ਕੁਰਬਾਨੀ ॥੧॥
ਇਕੁ ਪਲੁ ਪਿਆਰਾ ਨਜਰਿ ਨਾ ਆਵੇ ਮੀਨ ਤਰਫੈ ਬਿਨੁ ਪਾਨੀ ॥੨॥
ਚੰਦ ਸਖੀ ਪ੍ਰਭ ਬਾਲ ਕ੍ਰਿਸ਼ਣ ਬਿਨ ਤਰਫਤ ਰੈਨਿ ਬਿਹਾਨੀ ॥੩॥
(ਚੰਦ ਸਖੀ)

ਪਾਤੀ ਮੈਨੂੰ ਹੋਰ ਨ ਕੋਈ ਸੁਨਾਉ ॥੧॥ ਰਹਾਉ ॥
ਕਰਉ ਸਖੀ ਚੰਗਿਆਈ ਮੈ ਨਾਲ ਟੁਕ ਮੋਹਣ ਆਣਿ ਮਿਲਾਵਉ ॥੧॥
ਜੀਵਉ ਜਾਨੀ ਜੀਉ ਮਹਿੰਡਾ ਮੇਰੀ ਜਾਂਨ ਜਾਂਨੀ ਵਿਚਿ ਪਾਵਉ ॥੨॥
ਦਾਰੂ ਲਾਇਆ ਲਗਦਾ ਨਾਹੀ ਤੁਸੀ ਕਾਹੇ ਘਸਿ ਘਸਿ ਲਾਵਉ ॥੩॥
ਭਾਵਨ ਜੋਏ ਮੈਂ ਬਿਰਹੁ ਦਿਵਾਨੀ ਟੂਕ ਝਾਤ ਅਸਾ ਕਰਾਵਉ ॥੪॥

(ਭਾਵਨ ਦਾਸ)

ਬਿਰਹਾ ਦੀ ਹਾਲਤ ਵਿੱਚ ਗੋਪੀਆਂ ਬੇਨਤੀਆਂ ਕਰ ਕਰ ਥਕ ਜਾਂਦੀਆਂ ਹਨ ਪਰ ਕ੍ਰਿਸ਼ਣ ਦੇ ਦੀਦਾਰ ਨਹੀਂ ਹੁੰਦੇ। ਇਹਨਾਂ ਬੇਨਤੀਆਂ ਜਾਂ ਅਰਦਾਸਾਂ ਵਿੱਚ ਕਿਨੀ ਆਜਜ਼ੀ ਹੈ, ਕਿਤਨੇ ਤਰਲੇ ਤੇ ਮਿੰਨਤਾਂ ਹਨ, ਇਹ ਸਭ ਗੁਆਲ ਦਾਸ ਦੀਆਂ ਇਨ੍ਹਾਂ ਸਤਰਾਂ ਤੋਂ ਸਪਸ਼ਟ ਭਾਂਤ ਪ੍ਰਗਟ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਸਰੀ ਵਾਲੜਾ ਮੇਲ ਸਾਈਆਂ ਵੇ ਲਾਲੁ
ਗੋਪੀਆਂ ਦਰਸਿ ਪਿਆਸੀਆਂ ॥੧॥ਰਹਾਉ॥
ਕਿਉਂ ਕਰਿ ਥੀਸੀ ਮੈਂਡੀ ਜਾਲ ਸਾਂਈਆ ਵੇ ਲਾਲ ਬਾਝਹੁ ਸੁੰਦਰ ਸਾਵਰੇ ॥
ਬੈਠਹੁ ਮਨਹੁ ਵਿਸਾਰ ਸਾਂਈਆ ਵੇ ਲਾਲੁ ਕੁਬਜਾਂ ਦੇ ਸੰਗਿ ਰਚਿ ਰਹਿਉ ॥
ਇਕਤ ਵਾਰੀ ਬ੍ਰਿਜ ਆਉ ਸਾਂਈਆ ਵੇ
ਲਾਲੁ ਦਾਸ ਗੁਆਲ ਦੀ ਬੇਨਤੀ ॥੩॥
(ਗੁਆਲ ਦਾਸ)

ਅਜਿਹੀਆਂ ਹੀ ਕੁਝ ਹੋਰ ਵੰਨਗੀਆਂ ਇਸ ਪ੍ਰਕਾਰ ਹਨ :—

ਤੂੰ ਸਾਡੀ ਗਲੀ ਕਦੀ ਆਉ ਰੇ ਗੋਪੀਆਂ ਦੇ ਸਾਂਈ ਗੋਬਿੰਦਾ ਗੁਮਾਨੀ ॥
ਤੁਧੁ ਬਿਨ ਪ੍ਰੀਤਮ ਅਤਿ ਬਿਆਕੁਲ ਭਈ
ਜਿਉਂ ਮਛਲੀ ਬਿਨੁ ਪਾਨੀ ॥੧॥ ਰਹਾਉ ॥
ਮੋਰੁ ਮੁਕਟ ਪੀਤੰਬਰ ਸੋਹੈ ਦਰਸਨ ਦੇਖਿ ਲੁਭਾਨੀ ॥੧॥
ਚੰਦ ਸਖੀ ਪ੍ਰਭ ਬਾਲ ਕਿਸ਼ਨ ਹਿਤ ਦੇਹਿ ਦਰਸ ਦਧਿ ਦਾਨੀ ॥੨॥
(ਚੰਦ ਸਖੀ)

ਸ਼ਾਮਾ ਬ੍ਰਿਜ ਲਟਕੰਦੜਿਆ ਆਈਂ ਮੈਂਡੇ ਆਵੀਂ ॥੧॥ ਰਹਾਉ ॥
ਦੂਹੁ ਨੈਣਾ ਵਿਚਿ ਬੈਠਕ ਤੈਂਡੀ ਡਰਦੀ ਪਲਕ ਨ ਲਾਈ ॥੧॥
ਕਉਣ ਵਕੀਲ ਘਤਾਂ ਪ੍ਰਭ ਤੈਂ ਵਿਚਿ ਜਾਇ ਕਹੀਂਦੀ ਨਾਹੀਂ ॥੨॥
ਸੰਤਾਂ ਦੇ ਹਿਤ ਜਨਮੁ ਲੀਤੋਈ ਬ੍ਰਿਜ ਵਿਚਿ ਚਾਰੀਉ ਗਾਂਈਂ ॥੩।
ਮੈ ਵਾਰੀ ਕੁਰਬਾਨੀ ਕੀਤਾ ਤੈਤੋਂ ਭਾਵਨ ਸਾਈਂ ॥੪॥
(ਭਾਵਨ ਦਾਸ)

ਬੰਸਰੀ ਵਾਲਾ ਮੈ ਮਿਲੇ ॥ ਮੈ ਮਿਲੇ ਨੀ ਸ਼ਾਮਿ ਮੈ ਮਿਲੇ ॥
ਨੀ ਮੈਂ ਜਾਂਦੀਆਂ ਸਦਕੜੇ ਘੋਲੂ ॥ ੧ ॥ ਰਹਾਉ ॥
ਵਡੀ ਵੇਲੇ ਉਠਿਕੇ ਮੈ ਰਿੜਕਨਾ ਪਾਉਂਨੀਆਂ ॥
ਮਖਣ ਤੇ ਛਾਹੀ ਮੈਂ ਵਖਰ ਕਢੇਨੀਆਂ ॥
ਘੋਲੀ ਰੱਤੀ ਕੁ ਮੁਖੜਾ ਚੋਲੁ ॥ ੧ ॥
ਲਿਖਿ ਲਿਖਿ ਭੇਜਾਂ ਊਧੋ ਚੇਰੀਆਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਾਂ ਆਜਜ਼ੀ ਤੇ ਜਹੀਰੀਆਂ ॥
ਇਹ ਅਨੰਤ ਦਾਸ ਦੀ ਬੇਨਤੀ ਮੈਨੂੰ ਰਖਲੈ ਚਰਨਾ ਦੇ ਕੋਲ ॥ ੩ ॥
(ਅਨੰਤ ਦਾਸ)

ਨੰਦ ਮਹਿਰ ਦਾ ਲਾਡਲਾ ਵਾਰੀ ਤੈਂਡੇ ਮਾਥੈ ਤੇ ਮਾਣਿਕੁ ॥ ੧ ॥ ਰਹਾਉ ।
ਗੋਲਿ ਲਧੋ ਸੇ ਸਿਪਰੀ ਨੰਦ ਦਿਆ ਲਖਾਂ ਦੇ ਵਿਚਿ ਇਕ ॥
ਪਾਰਿ ਸਜਣੁ ਵਿਚਿ ਨਏਂ ਵਹੈ ਮੈਂਡਾ ਲਹਰੀ ਦੇ ਵਿਚਿ ਚਿਤ ॥ ੧ ॥
ਜੇ ਰਬ ਦੇਵਨੁ ਖੰਭੜੇ ਨੰਦ ਦਿਆ ਮਿਲਿ ਮਿਲਿ ਆਵਾਂ ਨਿਤ ॥
ਦਾਸ ਕੇਵਲ ਦੀ ਬੇਨਤੀ ਨੰਦ ਦਿਆ ਮੇਰਾ ਰਖ ਚਰਨਾ ਵਿਚਿ ਚਿਤਿ ॥ ੨ ॥
(ਕੇਵਲ ਰਾਮ)

ਗੋਪੀਆਂ ਦੀਆਂ ਬੇਨਤੀਆਂ, ਤਰਲੇ ਅਤੇ ਮਿੰਨਤਾਂ ਸਭ ਵਿਅਰਥ ਹਨ । ਉਹਨਾਂ ਨੂੰ ਕ੍ਰਿਸ਼ਣ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਕ੍ਰਿਸ਼ਣ-ਮਿਲਾਪ ਲਈ ਊਧੋ ਦੀ ਮਦਦ ਲੈਂਦੀਆਂ ਹਨ । ਮਨੋਹਰਿ ਦਾਸ ਲਿਖਦਾ ਹੈ :—

ਲਿਖ ਭੇਜਾਂ ਊਧੋ ਤਾਂਈ ॥ ਸਾਨੂੰ ਮੋਹਨਿ ਆਨਿ ਮਿਲਾਈਂ ॥
ਨਹੀਂ ਸਿਕਦੀ ਮਰਿ ਵੈਸਾਂ ਈ ॥ ਵਿਛੋੜਾ ਭਾਇ ਪਿਆ ॥੧॥
ਹਰਿ ਹਰਿ ਗੋਪੀਅਨ ਬਿਰਹੁ ਬਿਆਕੁਲ
ਮੋਹਨ ਮੋਹਿ ਗਇਆ ਮੋਰੇ ਰਾਮ ॥੧॥
ਦਧਿ ਮਾਖਨ ਦੇ ਦੇ ਪਾਲਿਆ ॥ ਅਸਾਂ ਤਨਮਨ ਤੈਂ ਪਰਿ ਗਾਲਿਆ ॥
ਹੁਣਿ ਆਵੀਂ ਕਦੀ ਨੰਦਿ ਵਾਲਿਆ ਸਿੱਕਣ ਭਾਇ ਭਇਆ ॥੨॥
(ਮਨੋਹਰਿ ਦਾਸ)

ਊਧੋ ਗੋਪੀਆਂ ਨੂੰ ਜੋਗ ਦੀ ਸਿਖਿਆ ਦਿੰਦਾ ਹੈ, ਪਰ ਉਹ ਤਾਂ ਆਪਣੇ ਮੋਹਨ ਨੂੰ ਮਿਲਣਾ ਚਾਹੁੰਦੀਆਂ ਹਨ, ਜੋਗ ਦੀ ਤਾਂ ਉਹਨਾਂ ਨੂੰ ਲੋੜ ਹੀ ਨਹੀਂ :—

ਮੋਹਨ ਆਨਿ ਮਿਲਾਇ ਵੇ ਊਧੋ ਗੋਪੀ ਜਨ ਨੂੰ ਜੋਗ ਕੀ ਦਸਨੇ ॥੧॥ ਰਹਾਉ ॥
ਜੇ ਤੂੰ ਚਲਿਉਂ ਮਥਰਾ ਨਗਰੀ ॥ ਸਾਰੀ ਬ੍ਰਿਜ ਵਿੱਚ ਹੋਈਆ ਖਬਰੀ
ਮੈਂ ਵੀ ਚਲਸਾਂ ਨਾਲਿ ॥੧॥
ਰਾਤੀਂ ਦਰਦ ਦਿਹੈਂ ਦਰਮਾਂਦੀ ॥ ਦੂੱਖ ਅਪਾਰ ਬਾਹਿ ਨਹੀਂ ਕਾਂਧੀ ॥
ਤਰਫਤ ਰੈਣਿ ਬਿਹਾਇ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਬਜਾਂ ਦੇ ਇਕਿ ਰਹਿਉਂ ਰਾਤੀ ॥ ਸਾਨੂੰ ਲਿਖ ਕਰਿ ਭੇਜਨੈ ਪਾਤੀ ॥
ਬਿਰਹੁ ਬਹੁਤ ਸੰਤਾਇ ॥੩॥
ਭਾਵਨ ਦਾਸ ਤੇਰਾ ਜਸ ਗਾਵੈ ॥ ਦੇਹਿ ਦਰਸ ਸਗਲਾ ਦੂਖ ਜਾਵੈ ॥
ਮੈਨੂੰ ਰਖ ਚਰਨਾ ਦੇ ਨਾਲਿ ॥੪॥
(ਭਾਵਨ ਦਾਸ)

ਊਧੋ ਕ੍ਰਿਸ਼ਣ ਜੀ ਪਾਸ ਜਾਂਦਾ ਹੈ। ਕ੍ਰਿਸ਼ਣ ਜੀ ਕਹਿੰਦੇ ਹਨ ਕਿ ਹੋਰ ਸਭ ਕੁਝ ਮੈਂ ਕਿਸੇ ਨੂੰ ਵੀ ਦੇ ਸਕਦਾ ਹਾਂ ਪਰ ਆਪਣੀ ਭਗਤੀ ਤਾਂ ਕੇਵਲ ਉਸੇ ਨੂੰ ਦਿੰਦਾ ਹਾਂ ਜੋ ਆਪਣਾ ਆਪ ਮੈਨੂੰ ਅਰਪਨ ਕਰ ਦਿੰਦਾ ਹੈ ਜਾਂ ਜਿਸ ਅੰਦਰ ਮੇਰੇ, ਭਗਵਾਨ, ਪ੍ਰਤੀ ਸਮਰਪਣ ਦੀ ਭਾਵਨਾ ਮੌਜੂਦ ਹੈ। ਭਗਵਾਨ ਨਾਰਾਇਣ ਦੇ ਸ਼ਬਦਾਂ ਵਿੱਚ :—

ਏਕੋ ਭਗਤਿ ਨ ਦੇਊ ਊਧੋ ਮੈ ਕਾਹਿ ਕੋ ॥
ਹੋਰ ਜੋ ਮਾਗੈ ਸੋ ਦੇਉ ਊਧੋ ਮੈ ਤਾਹਿ ਕੋ ॥ ੧ ॥ ਰਹਾਉ ॥
ਦੇਉ ਭੂਖਨ ਅੰਬਰ ਨਾਨਾ ॥ ਦੇਉ ਹਸਤੀ ਮਾਲ ਖਜਾਨਾ ॥
ਦੇਉ ਰਾਜੁ ਬਪੁ ਇੰਦ੍ਰ ਸਮਾਨਾ ॥ ਏਕੋ ਭਗਤਿ ਨਾ ਦੇਉ ਊਧੋ
ਮੈ ਅਵਰਾਂ ਦਾਨਾ ॥੧॥
ਦੇਉ ਰੰਗ ਰੂਪ ਗੁਣ ਅਧਕਾ ॥ ਦੇਉ ਰਸ ਕਸਿ ਬਹੁਤੇ ਭੋਗਾ ॥
ਪਲ ਮੈ ਪੂਜ ਕਰਉਂ ਤਿਸੁ ਸਭਕਾ ॥ ਏਕੋ ਭਗਤਿ ਨ ਦੇਉ ਊਧੋ
ਮੈ ਅਵਰਾਂ ਜੋਗ ॥੨॥
ਦੇਉ ਰਿਧਿ ਸਿਧਿ ਅਰੁ ਜੁਗਤੀ ॥ ਚਾਰ ਭਾਂਤ ਕੀ ਦੇਵਉ ਮੁਕਤੀ ॥
ਦੇਉ ਰਾਜ ਮਾਲ ਪਾਤਸਾਹੀ ॥ ਏਕੋ ਭਗਤਿ ਨ ਦੇਉ ਊਧੋ
ਮੈਂ ਅਵਰਾਂ ਤਾਈ ॥੩॥
ਭਗਤ ਵਛਲ ਆਦਿ ਬਿਰਦ ਹਮਾਰਾ ॥ ਭਗਤਿ ਅਧੀਨ ਰਹੋ ਜੁਗ ਚਾਰਾ ॥
ਭਗਤਿ ਮੈ ਤਾਂ ਕਉ ਦੇਉ ਜੋ ਮੋਹਿ ਅਰਪੇ ਆਪਾ ॥
ਭਗਵਾਨ ਨਾਰਾਇਣੁ ਸੰਤਨ ਕੋ ਹਰਿ ਮਾਈ ਬਾਪਾ ॥੪॥
(ਭਗਵਾਨ ਨਾਰਾਇਣ)

ਗੋਪੀਆਂ ਨੂੰ ਜਦੋਂ ਕਿਸੇ ਤਰ੍ਹਾਂ ਵੀ ਕ੍ਰਿਸ਼ਣ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਇਕ ਸਖੀ ਦੂਜੀ ਦੀ ਮਦਦ ਲਈ ਉਤਰਦੀ ਹੈ। ਉਹ ਆਪਣੀ ਸਖੀ ਨੂੰ ਕ੍ਰਿਸ਼ਣ-ਮਿਲਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਵਿਸ਼ਵਾਸ ਦਿਲਾਉਂਦੀ ਹੋਈ ਕਹਿੰਦੀ ਹੈ :—

ਸੁਨਿ ਰੀ ਸਹੇਲੀ ਗਲਿ ਹੋਇ ਕੇ ਇਕੇਲੀ ਮੇਰੀ
ਗੋਕਲ ਦਾ ਬੇਲੀ ਤੇਰਾ ਮੇਲੀ ਕਰਿ ਦੇਨੀ ਹਾਂ ॥੧॥ਰਹਾਉ॥
ਜੈਨੂੰ ਬ੍ਰਿਜ ਨਾਰੀਆਂ ਝਾਕਦੀਆਂ ਨੀ ਵਾਰੇ ਵਾਰੇ
ਤੇਰੇ ਕਾਰਨਿ ਰਾਤੀ ਦਿਹੇ ਮਿੰਨਤ ਕਰੇਨੀ ਹਾਂ ॥ ੧ ॥
ਦੋਵੇਂ ਰੁਸੀ ਹੋ ਸਿਆਣੇ ਕੀਤਾ ਲੋੜੋ ਮਨ ਦੇ
ਭਾਣੇ ਮਾਣਾ ਤੂੰ ਮਣੇਨੀਵਿੱਚ ਤਾਣਾਂ ਮੈ ਤਣੇਂਨੀ ਹਾਂ ॥੨॥
ਟਹਕਨ ਬਿਹਾਰੀ ਲਾਲ ਗੁਨ ਜੋਬਨ ਗੁਮਾਨ ਭਰਿਉ
ਭਿਜਨ ਦਾ ਨਾਹੀ ਕਿਤੇ ਭਾਵੇਂ ਨਾਲਿ ਭੇਨੀ ਹਾਂ ॥੩॥

(ਟਹਕਨ)

ਪੰਜਾਬੀ ਕ੍ਰਿਸ਼ਣ ਕਾਵਿ ਨਾਲ ਸੰਬੰਧਤ ਰਚਨਾਵਾਂ ਵਿੱਚ ਕੁਬਜਾਂ ਨੂੰ ਥਾਂ ਥਾਂ ਤੇ ਬੁਰਾ ਭਲਾ ਕਿਹਾ ਗਿਆ ਹੈ ਜਿਸਨੇ ਕਿ ਕ੍ਰਿਸ਼ਣ ਨੂੰ ਆਪਣੇ ਵਸ ਵਿੱਚ ਕਰ ਲਿਆ ਹੈ। ਇਸ ਲਈ ਗੋਪੀਆਂ ਉਸ ਨਾਲ ਅਤਿ ਦੀ ਈਰਖਾ ਕਰਦੀਆਂ ਹਨ :—

ਜਾਤ ਦੀ ਕਮੀਨੀ ਆਹੇ ਜਾਂਣਦੀ ਨ ਕੁਝਿ ਵਾਹੇ
ਮਨ ਵਿਚਿ ਗੋਕਲ ਬ੍ਰਿਜਨਾਥ ਨੂੰ ਸੰਮਾਲਦੀ ॥੧॥ਰਹਾਉ॥
ਸਜਣ ਸੁਹਾਰੇ ਉਤੋ ਤਨ ਮਨ ਵਾਰਿ ਡਾਰਉਂ
ਸਭੋ ਕਿਛੁ ਜਾਣਦਾ ਨਿਮਾਂਣਿਆਂ ਦੇ ਹਾਲ ਦੀ ॥੧॥
ਚੰਦਨ ਕਟੋਰਾ ਕੁੰਗੂ ਹਾਰ ਫੁਲਾਂ ਸੰਦਾ ਲੈਂਦੋ
ਮਿਲੀ ਸਾਂਮ ਜੀ ਨੂੰ ਜੈਂਦਾ ਰਾਹੁ ਭਾਲਦੀ ॥੨॥
ਤਾਰੀ ਸੁ ਕੁੱਬੀ ਜੇਹੀ ਕੁਬਜਾਂ ਅਰਾਇਣ
ਸਾਚੀ ਪਰੀਤਿ ਜੋਗੀਆ ਤ੍ਰਿਭੰਗੀ ਨੰਦ ਲਾਲ ਦੀ ॥੩॥

(ਜੋਗੀ)

ਕ੍ਰਿਸ਼ਣ ਕਾਵਿ ਵਿੱਚ ਨਾ ਕੇਵਲ ਕੁਬਜਾਂ ਨੂੰ ਬੁਰਾ ਭਲਾ ਕਿਹਾ ਗਿਆ ਹੈ ਸਗੋਂ ਕ੍ਰਿਸ਼ਣ ਨੂੰ ਵੀ ਨਿਹੋਰੇ ਦੇਣ ਲਗਿਆਂ ਕੋਈ ਕਸਰ ਨਹੀਂ ਛਡੀ ਗਈ :—

ਤੈਨੂੰ ਕੁਬਜਾਂ ਕਾਮਨ ਪਾਏ ॥ ਬ੍ਰਿਜਿ ਵਿਚਿ ਸਨੇਹੇ ਆਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਹੋਇਉਂ ਕੁਬਜਾਂ ਦਾ ਸਾਂਈ ॥ ਸਾਂਈਆ ਕੁਬਜਾਂ ਮਰਿ ਜਾਈ ॥
ਤਾਂ ਜਾਣਾ ਨਿਆਉਂ ਭਇਆ ॥੩॥
ਲੈ ਟਿਕੀਆਂ ਗਊਆਂ ਚਰਾਵੈਂ ॥ ਦਧਿ ਮਾਖਣ ਚੋਰ ਕਹਾਵੈਂ ॥
ਪਕੜੇਂਦੀ ਨੂੰ ਸਰਮ ਨ ਆਵੈ ॥ ਹੁਣਿ ਮਹਾਰਾਜਿ ਭਇਆ ॥੪॥
ਸਾਨੂੰ ਲਾਈਆ ਪ੍ਰੇਮ ਕਟਾਰੀ ॥ ਤੇਰੀ ਬੰਸੀ ਮਾਰਨਿਹਾਰੀ ॥
ਸਾਡੀ ਸਉਕਣੁ ਭਈ ਪਨਿਹਾਰੀ ॥ ਕੁਬਜਾਂ ਦਾ ਸ਼ਾਮੁ ਭਇਆ ॥੫॥
ਜਨ ਮੋਹਰਿ ਦਾਸ ਪੁਕਾਰੇ ॥ ਪ੍ਰਭ ਗੋਪੀ ਗੁਆਲ ਉਧਾਰੇ ॥
ਸਾਡੇ ਸਤਿਗੁਰ ਕਾਜ ਸਵਾਰੇ ॥ ਗੁਰਮਿਲਿ ਮੇਲਿ ਭਇਆ ॥੬॥

(ਮਨਹਰਿ ਦਾਸ)

ਪਰ ਕਿਤੇ ਕਿਤੇ ਕੁਬਜਾਂ, ਜਿਸਨੇ ਕਿ ਕ੍ਰਿਸ਼ਣ ਜੀ ਦਾ ਪ੍ਰੇਮ ਪ੍ਰਾਪਤ ਕਰ ਲਿਆ ਸੀ, ਦੇ ਪ੍ਰੇਮ ਨੂੰ ਧੰਨ ਧੰਨ ਕਹਿ ਕੇ ਯਾਦ ਕੀਤਾ ਹੈ, ਜਿਵੇਂ :—

ਅਲਬੇਲੀ ਧੰਨਿ ਧੰਨਿ ਕੁਬਰੀ ॥ ਗੋਪਾਲ ਕ੍ਰਿਪਾ ਤੇ ਉਬਰੀ ॥੧॥ਰਹਾਉ॥
ਕੁਬਜਾਂ ਜਾਤਿ ਅਰਾਇਣੁ ॥ ਨਿਤਿ ਬੇਚੇ ਫੂਲਿ ਜਵਾਇਣੁ ॥
ਪਟਰਾਨੀ ਕਰੀ ਨਰਾਇਣ ॥੧॥
ਘਸਿ ਚੰਦਨ ਕੁਬਜਾਂ ਲਿਆਈ ॥ ਮੇਰੇ ਗੋਬਿੰਦ ਕੇ ਮਨ ਭਾਈ ॥
ਪ੍ਰਭ ਮਥਰਾ ਮਾਹਿ ਲਡਾਈ ॥੨॥
ਇਕ ਕੁਬਜਾਂ ਟੋਣਾਂ ਕੀਨਾਂ ॥ ਮੇਰਾ ਗੋਬਿੰਦੁ ਵਸਿ ਕਰਿ ਲੀਨਾ ॥
ਜਿਨ ਸਾਧ ਸੰਗਤਿ ਮਨ ਦੀਨਾਂ ॥੩॥
ਜੋ ਹਰਿ ਕਾ ਜਸ ਸੁਨੈ ਸੁਣਾਵੈ ॥ ਸੋ ਗਰਭਿ ਜੋਨਿ ਨਹੀ ਆਵੈ ॥
ਤੇਰਾ ਦਾਸ ਛਬੀਲਾ ਜਸੁ ਗਾਵੈ ॥੪॥

(ਛਬੀਲ ਦਾਸ)

ਸਮੁੱਚੇ ਤੌਰ ਤੇ ਪੰਜਾਬੀ ਕ੍ਰਿਸ਼ਣ ਕਾਵਿ ਵਿਚ ਕ੍ਰਿਸ਼ਣ ਜੀ ਦੇ ਨਖਸ਼ਿਖ ਵਰਣਨ, ਬਾਲ ਕ੍ਰਿਸ਼ਣ ਦੇ ਚੋਜ, ਕ੍ਰਿਸ਼ਣ-ਰਾਧਾ ਅਤੇ ਕ੍ਰਿਸ਼ਣ-ਗੋਪੀਆਂ ਦੀ ਪ੍ਰੇਮ-ਕ੍ਰੀੜਾ ਜਾਂ ਪ੍ਰੇਮ-ਕਲੋਲ, ਗੋਪੀਆਂ ਦੇ ਬਿਰਹਾ ਵਰਣਨ ਅਤੇ ਕੁਬਜਾਂ ਦੀ ਨਿੰਦਿਆ ਆਦਿ ਦੇ ਵਿਸ਼ਿਆਂ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ । ਇਸ ਤੋਂ ਛੁਟ ਰਾਧਾ ਅਤੇ ਗੋਪੀਆਂ ਦੇ ਕ੍ਰਿਸ਼ਣ ਨੂੰ ਦਿਤੇ ਨਿਹੋਰੇ, ਤਾਹਨੇ, ਪੰਜਾਬੀ ਕ੍ਰਿਸ਼ਣ ਕਾਵਿ ਵਿੱਚ ਵਿਸ਼ੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਾਨ ਰਖਦੇ ਹਨ। ਇਥੋਂ ਤੀਕ ਕਿ ਕਈ ਰਚਨਾਵਾਂ ਦਾ ਨਾਮਕਰਣ ਵੀ ਇਹਨਾਂ ਮਿਹਣਿਆਂ, ਤਾਹਨਿਆਂ ਨੂੰ 'ਮਿਠੜੇ' ਦਾ ਰੂਪ ਦੇ ਕੇ ਕੀਤਾ ਗਿਆ ਹੈ, ਜਿਵੇਂ ਸੌਂਧਾ ਕਵੀ ਦੀ ਰਚਨਾ 'ਮਿਠੜੇ ਕ੍ਰਿਸ਼ਣ ਰਾਧਾ ਪ੍ਰੇਮ ਕੇ' ਦੇ ਵਿੱਚ । ਇਹ ਰਚਨਾ ਪੰਜਾਬੀ ਕ੍ਰਿਸ਼ਣ ਕਾਵਿ ਦੀ ਇਕ ਅਤਿ ਸੁੰਦਰ ਵੰਨਗੀ ਹੈ। ਇਸ ਦਾ ਮੂਲ ਵਿਸ਼ਾ ਪ੍ਰੇਮਾ ਭਗਤੀ ਹੈ। ਇਸ ਵਿਸ਼ੇ ਨੂੰ ਉਘਾੜਨ ਲਈ ਇਸਦੇ ਰਚਿਤਾ ਸੌਂਧਾ ਕਵੀ ਨੇ ਇਕ ਕਥਾ ਵਸਤੂ ਨੂੰ ਆਧਾਰ ਬਣਾਇਆ ਹੈ ਜੋ ਸੰਖੇਪ ਵਿੱਚ ਇਸ ਪ੍ਰਕਾਰ ਹੈ :—

ਰਾਧਾ, ਜੋ ਕ੍ਰਿਸ਼ਣ ਜੀ ਉਪਰ ਆਪਣਾ ਸੰਪੂਰਣ ਅਧਿਕਾਰ ਸਮਝਦੀ ਹੈ, ਇਕ ਵੇਰ ਕ੍ਰਿਸ਼ਣ ਜੀ ਨਾਲ ਪ੍ਰੇਮ ਸੰਬੰਧਾਂ ਪ੍ਰਤੀ ਅਹੰਕਾਰ ਗ੍ਰਸਿਤ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਸਰਬੋਤਮ ਸੁੰਦਰੀ ਮੰਨਦੀ ਹੈ ਜਿਸ ਨੇ ਕ੍ਰਿਸ਼ਣ ਜੀ ਨੂੰ ਪੂਰਣ ਤੌਰ ਤੇ ਆਪਣੇ ਵਸ ਵਿੱਚ ਕਰ ਲਿਆ ਹੈ । ਕਵੀ ਦਸਦਾ ਹੈ ਕਿ ਪ੍ਰੇਮਾ ਭਗਤੀ ਵਿਚ ਹਉਮੈ ਦਾ ਕੋਈ ਸਥਾਨ ਨਹੀਂ । ਇਹਨਾਂ ਦੋਹਾਂ ਦਾ ਸਹਿਵਾਸ ਅਸੰਭਵ ਹੈ। ਸਿੱਟੇ ਵਜੋਂ ਕ੍ਰਿਸ਼ਣ ਰਾਧਾ ਨੂੰ ਛਡਕੇ ਕੁਬਜਾਂ ਨਾਲ ਪ੍ਰੇਮ-ਲੀਲ੍ਹਾ ਵਿੱਚ ਸੰਲਗਨ ਹੋ ਜਾਂਦੇ ਹਨ। ਰਾਧਾ, ਕ੍ਰਿਸ਼ਣ ਜੀ ਨੂੰ ਨਿਹੋਰੇ ਦਿੰਦੀ ਹੈ, ਤਾਹਨੇ ਅਤੇ ਮਿਹਣੇ ਮਾਰਦੀ ਹੈ। ਕਵੀ ਨੇ ਇਸ ਰੁਸਵਾਈ ਨੂੰ 'ਮਿਠੜੇ' ਦਾ ਨਾਮ ਦਿੱਤਾ ਹੈ । ਰਾਧਾ ਬਿਰਹੋਂ ਵਿਰਲਾਪ ਕਰਦੀ ਕਰਦੀ ਇਹ ਅਨੁਭਵ ਕਰਨ ਲਗ ਜਾਂਦੀ ਹੈ ਕਿ ਅਹੰਕਾਰ ਕਰਨ ਕਾਰਣ ਹੀ ਭਗਵਾਨ ਉਸ ਤੋਂ ਦੂਰ ਹੋ ਗਏ ਸਨ । ਇਸ ਲਈ ਉਹ ਆਪਣੀ ਹਉਮੈ ਤਜਦੀ ਅਤੇ ਫਲਸਰੂਪ ਭਗਵਾਨ ਕ੍ਰਿਸ਼ਣ ਨਾਲ ਮਿਲਾਪ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੀ ਹੈ।

ਇਸ ਰਚਨਾ ਦੇ ਮੰਗਲਾਚਰਣ ਦੀ ਪ੍ਰਥਾਇ 'ਦੋਹਿਰਾ' ਅਤੇ 'ਸੋਰਠਾ' ਦੇ ਸਿਰਲੇਖ ਅਧੀਨ ਰਚਿਤ ਪੰਕਤੀਆਂ ਵਿੱਚ ਪਰੰਪਰਾ ਅਧੀਨ ਬ੍ਰਜ ਦਾ ਪ੍ਰਭਾਵ ਪ੍ਰਤੱਖ ਹੈ, ਬਾਕੀ ਸਾਰੀ ਦੀ ਸਾਰੀ ਰਚਨਾ ਠੇਠ ਪੰਜਾਬੀ ਵਿੱਚ ਹੈ। ਹੇਠਾਂ ਦਰਜ ਮੰਗਲਾ-ਚਰਣਕ 'ਦੋਹਿਰੇ' ਅਤੇ 'ਸੋਰਠੇ' ਤੋਂ ਇਸ ਰਚਨਾ ਦੇ ਵਿਸ਼ੇ ਅਤੇ ਉਦੇਸ਼ ਦਾ ਸਪਸ਼ਟੀਕਰਣ ਹੋ ਜਾਂਦਾ ਹੈ :—

ਦੋਹਿਰਾ

ਪ੍ਰੇਮ ਭਗਤ ਸ੍ਰੀ ਰਾਮ ਕੀ ਸਭ ਤੇ ਉਤਮ ਜਾਨ ॥
ਕਿਰਪਾ ਕਰਕੇ ਦੇਹਿ ਹਰਿ ਜਨ ਅਪਨੇ ਕੋ ਦਾਨੁ ॥੧॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੇਮ ਬਾਨ ਜਾ ਕੇ ਲਗੇ ਸੋ ਜੀਵਤ ਮਰ ਜਾਇ ॥
ਜਾ ਕੇ ਘਟ ਮੈ ਸੰਚਰੇ ਸੁਧ ਬੁਧ ਦੇਤ ਭੁਲਾਇ ॥ ੨ ॥
ਦੇਖੋ ਕੁਬਜਾ ਪ੍ਰੇਮ ਕਰ ਪਾਇਓ ਹਰਿ ਸੋ ਮੀਤ ॥
ਪ੍ਰੇਮ ਨ ਹਾਸੀ ਖੇਲ ਹੈ ਕਠਨ ਪ੍ਰੇਮ ਕੀ ਰੀਤ ॥ ੩ ॥
ਕਚਾ ਤੰਤੁ ਪ੍ਰੇਮ ਕਾ ਮਾਨ ਲੇਹੁ ਸਭ ਕੋਇ ॥
ਗਰਬ ਨ ਕੀਚਹ ਪ੍ਰੀਤ ਮਹ ਟੂਟ ਨ ਜਾਵੇ ਸੋਇ ॥ ੪ ॥
ਦ੍ਰਪਨ ਮੈ ਮੁਖ ਦੇਖ ਕੇ ਰਾਧੇ ਕੀਆ ਗੁਮਾਨ ॥
ਸੁੰਦਰ ਰੂਪ ਨਿਹਾਰ ਕੈ ਕੀਨੋ ਮਨ ਅਭਮਾਨੁ ॥ ੫ ॥
ਮੋਰੇ ਜੈਸੀ ਜਗਤ ਮੈ ਔਰ ਨ ਦੂਜੀ ਨਾਰ ॥
ਮੋਹਿ ਲੀਆ ਮੈ ਕ੍ਰਿਸਨ ਕਉ ਫਾਸ ਪ੍ਰੇਮ ਕੀ ਡਾਰ ॥ ੬ ॥
ਜਬ ਇਤਨਾ ਮੁਖ ਤੇ ਕਹਯੋ ਗਏ ਕ੍ਰਿਸਨ ਤਿਹ ਤਿਆਗ ॥
ਪਈ ਚਿਣਗ ਤਨ ਪ੍ਰੇਮ ਕੀ ਕੀਓ ਬਹੁਤ ਬੈਰਾਗ ॥ ੭ ॥

ਸੋਰਠਾ

ਜਾ ਸੋ ਲਾਗੇ ਪ੍ਰੇਮ ਗਰਬ ਨ ਕੀਜੈ ਤਾਹ ਸੋ ॥
ਏਹੀ ਪ੍ਰੇਮ ਕਾ ਨੇਮ ਤਾ ਕੋ ਉਤਮ ਜਾਨੀਏ ॥ ੮ ॥
ਮੋ ਸੋ ਕਹਯੋ ਨ ਜਾਇ, ਜੋ ਵੈਰਾਗ ਰਾਧੇ ਕੀਓ ॥
ਸੋ ਸਭ ਕਹੋ ਸੁਨਾਇ, ਪਾਹਨ ਚਿਤ ਕਠੋਰ ਹੋਇ ॥ ੯ ॥
ਰਾਧੇ ਕਰੇ ਬਖਾਨ, ਜੋ ਉਰਾਹਨੇ ਕ੍ਰਿਸਨ ਕੋ ॥
ਸੁਨਹੁ ਚਤਰ ਧਰ ਧਿਆਨ, ਸੋ ਸਭ ਮਿਠੜੇ ਮੈਂ ਕਹੇ ॥੧੦॥
ਛੇੜੋ ਪ੍ਰੇਮ ਸੁਨਾਇ ਅਬ ਮੈਂ ਰਾਧੇ ਕ੍ਰਿਸਨ ਕਾ ॥
ਸੁਨਹੁ ਸਰਬ ਮਨ ਲਾਇ, ਜੋ ਪ੍ਰੇਮੀ ਸ੍ਰੀ ਕ੍ਰਿਸਨ ਕਾ ॥੧੧॥
ਪ੍ਰੇਮੀ ਦੁਖੀਆ ਦੇਇ, ਮਤਵਾਰੇ ਕੀ ਗਾਰ ਮੈ ॥
ਕ੍ਰੋਧ ਨ ਸੁਘੜ ਕਰੇਇ, ਮਾਤ ਪਿਤਾ ਗੁਰ ਭੂਪ ਕੀ ॥੧੨॥

ਰਾਧਾ ਦੇ 'ਮਿਠੜੇ' ਰੂਪੀ ਨਿਹੋਰਿਆਂ ਦੀ ਵੰਨਗੀ ਇਸ ਪ੍ਰਕਾਰ ਹੈ :—

ਸੋਹਣੀ ਨੂੰ ਛਡ ਕੇ ਕਸੋਹਣੀ ਦੇ ਨਾਲ ਰਤਾ
ਕੁਬੀ ਜੇਹੀ ਨਾਰ ਨਿਤ ਸੀਨੇ ਨਾਲ ਲਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਛ ਸੰਦੀ ਪੁਤਰੀ ਲੈ ਆਇਆ ਡੋਲੀ ਵਿਚ ਪਾਇ
ਕਾਲੇ ਜੇਹੇ ਕਾਨ ਨੂੰ ਹਯਾਉ ਨਹੀਂ ਆਉਂਦਾ ॥
ਜਗ ਦਾ ਹੈ ਹਾਸੋ ਹਾਨਾ ਸਾਵਰੇ ਦਾ ਨਾਉ ਕਾਨਾ
ਬੰਸਰੀ ਬਜਾਇਕੈ ਹੈ ਨਾਰੀਆਂ ਰਿਝਾਉਂਦਾ ॥
ਇਕਨਾ ਨੂੰ ਸਾਈ ਦਿੰਦਾ ਇਕਨਾ ਵਧਾਈ ਕਾਨ
ਜਣੀ ਖਣੀ ਨਾਲ ਨੇਹੁ ਕਾਹੇ ਨੂੰ ਲਗਾਉਂਦਾ ॥੧੩॥

... ...

ਸਿਖਿਆ ਕੁਬਾਣੀਆ ਓਹ ਛਡ ਕੇ ਸਵਾਣੀਆ ਨੂੰ
ਕੁਬੀ ਜੇਹੀ ਨਾਰ ਮੁਡ ਗੋਡੇ ਦੇ ਬਹਾਉਂਦਾ ॥
ਜਗ ਦੀ ਛਨਾਰ ਸੋ ਬਨਾਇ ਲਈ ਨਾਰ ਕਾਨ
ਜਾਤ ਦਾ ਅਹੀਰ ਛਡ ਖੀਰ ਸਾਗ ਖਾਉਂਦਾ ॥

... ...

ਕਾਨ ਜੇਹਾ ਹੋਰ ਨਾਹੀ ਦੂਸਰਾ ਕਠੋਰ ਚੋਰ
ਚਿਤ ਨੂੰ ਚੁਰਾਇ ਕੇਹੀ ਬੰਸਰੀ ਬਜਾਉਂਦਾ ॥੧੬॥

... ...

ਛੁਟੜਾ ਛਨਾਰ ਨਾਲ ਕਰਦਾ ਹੈ ਪਿਆਰ
ਨਾ ਹੀ ਕਾਨ ਦਾ ਇਤਬਾਰ ਸਾਨੂੰ ਰਤੀ ਇਕੁ ਆਉਂਦਾ ॥
ਜੀਉ ਜਿੰਦ ਖਸ ਵਿਚੋਂ ਜਾਂਦਾ ਆਪ ਨਸ
ਸਾਡਾ ਚਲਦਾ ਨਾ ਵਸੁ ਅਗ ਕਖਾ ਵਿੱਚ ਪਾਉਂਦਾ ॥
ਆਪੇ ਨੇਹੁ ਲਾਇਆ ਆਪੇ ਦਿੰਦਾ ਹੈ ਭੁਲਾਇ ॥
ਚਿਤ ਰੰਨਾਂ ਦਾ ਚੁਰਾਇ ਨਾਉ ਕਾਨ ਜੀ ਕਹਾਉਂਦਾ ॥
ਕੌਣ ਆਖੇ ਕਾਨ ਕਢ ਲੈਂਦਾ ਵਿਚੋਂ ਜਾਨ
ਫਾਹੀ ਅਖੀਆ ਦੀ ਪਾਇ ਵਾਂਗੁ ਤਿਤਰਾਂ ਫਸਾਉਂਦਾ ॥੧੮॥
ਟੇਢੀ ਟੇਢੀ ਪਗ ਧਰੇ ਟੇਢੇ ਹੀ ਉਹ ਨੈਣ ਕਰੇ
ਕਾਲੇ ਜੇਹੇ ਸਪ ਵਾਂਗੁ ਟੇਢਾ ਹੋਇ ਡਰਾਉਂਦਾ ॥
ਟੇਢੀ ਟੇਢੀ ਚਾਲ ਚਲੇ ਤੀਨੋ ਵਲ ਪਾਇ ਹਲੇ
ਟੇਢੀ ਭਵਾ ਨਾਲ ਤੀਰ ਕਸਕੇ ਚਲਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦ੍ਰ ਬਾਹਰ ਕਾਲਾ ਟੇਢਾ ਰਖ ਕੇ ਦੁਸਾਲਾ ਸੀਸ
ਟੇਢੀਆਂ ਈ ਗਲਾ ਨਾਲ ਸਾਡੇ ਚਿਤ ਨੂੰ ਚੁਰਾਉਂਦਾ ॥

... ...

ਕਾਨ ਦੀ ਦੁਖਾਈ ਦਿਆ ਕਿਸ ਥੇ ਦੁਹਾਈ ਅਜ
ਉਸੇ ਦੀ ਸਿਖਾਈ ਸਾਨੂੰ ਕੁਬਰੀ ਸੰਤਾਉਂਦੀ ॥
ਛਡ ਕੇ ਗੁਆਲਣੀ ਨੂੰ ਮਾਲਣੀ ਦੇ ਨਾਲ ਰਤਾ
ਮਾਲਣੀ ਸੁਗੰਧ ਲਾਇ ਕਾਨ ਨੂੰ ਰੀਝਾਉਂਦੀ ॥

ਪਰ ਛੇਤੀ ਹੀ ਰਾਧਾ ਨੂੰ ਆਪਣੀ ਹਉਮੈਂ ਅਤੇ ਇਸਦੇ ਮਾਰੂ ਪ੍ਰਭਾਵ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਹ ਪੁਕਾਰ ਉਠਦੀ ਹੈ :—

ਕੀਤਾ ਸੀ ਗੁਮਾਨ ਤਾ ਹੀ ਨਾਠੇ ਮੈਥੋਂ ਕਾਨ
ਰਾਧੇ ਹੋਈ ਸੀ ਅਜਾਨ ਏਹੋ ਸਹੀਯਾ ਨੂੰ ਸੁਣਾਉਂਦੀ ॥
ਸਾਵਰੇ ਸੁਜਾਨ ਬਾਝੋ ਹੋਈ ਮੈਂ ਹਰਾਨ ਅਜ
ਉਚੀ ਉਚੀ ਰੋਇ ਰੋਇ ਗੀਤ ਏਹੋ ਗਾਉਂਦੀ ॥
ਆਵੀ ਲਾਲ ਆਵੀ ਸਾਡੇ ਦੇਸ਼ ਨੂੰ ਵਸਾਵੀ
ਮੂਖੁ ਆਪਣਾ ਦਿਖਾਵੀ ਤੈਨੂੰ ਰਾਧਕੇ ਬੁਲਾਉਂਦੀ ॥

... ...

ਕਰਾਂ ਸਿਯਾਮ ਸਿਯਾਮ ਤੇਰੀ ਰਾਧਕੇ ਗੁਲਾਮ
ਦਿਨ ਗਿਆ ਹੋਈ ਸਾਂਮ ਸਿਯਾਮ ਅਜੇ ਭੀ ਨ ਆਉਂਦਾ ॥੩੦॥
ਕਿਥੇ ਗਇਓ ਸਾਮ ਮੇਰਾ ਲੈ ਗਇਓ ਗੁਮਾਨ
ਅਜ ਰਾਧਕੇ ਗੁਲਾਮ ਨੂੰ ਤੂੰ ਕਿਉਂ ਨਹੀਂ ਬੁਲਾਉਂਦਾ ॥

ਅੰਤ, ਇਸ ਰਚਨਾ ਵਿੱਚ ਭਗਵਾਨ ਕ੍ਰਿਸ਼ਣ ਨੂੰ ਆਪਣਾ ਬਿਰਦ ਪਾਲਦਿਆਂ ਵਿਖਾਇਆ ਗਿਆ ਹੈ :—

ਬੇਨਤੀ ਕਰੇਦਿਆ ਦੇ ਅਗੇ ਪਿਛੇ ਫਿਰੇ ਕਾਨ
ਦੂਰ ਹੈ ਗੁਮਾਨੀਆ ਦੇ ਨੇੜੇ ਨਹੀਂ ਆਉਂਦਾ ॥
ਭਗਤਾਂ ਅਧੀਨ ਸਾਮ ਜੇਹਾ ਨਾ ਪ੍ਰਬੀਨ ਕੋਈ
ਦੀਨਾ ਨੂੰ ਨਿਹਾਰ ਮੁਖ ਆਪਣਾ ਦਿਖਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਰਨੇ ਚਿਤਾਰ ਕੇ ਉਰਾਹਨੇ ਵਿਸਾਰ ਸਾਰੇ
ਤਤਕਾਲ ਰਾਧਕੇ ਨੂੰ ਸੀਨੇ ਨਾਲ ਲਾਉਂਦਾ ॥
ਛਾਤੀ ਨਾਲ ਲਾਇ ਦੁਖ ਦਿੰਦਾ ਹੈ ਭੁਲਾਇ ਸਾਰੇ
ਰਾਧੇ ਨੂੰ ਬੁਲਾਇ ਸਾਂਮ ਹੰਝੂ ਆ ਪੂੰਝਾਂਉਂਦਾ ॥੩੨॥
ਰਾਧੇ ਗਲ ਲਾਇ ਸਾਂਮ ਹੰਝੂ ਆ ਪੁਝਾਇ
ਦੁਖ ਦਏ ਸੂ ਗਵਾਇ ਕਹੇ ਤੇਰੋ ਮੈਂ ਕਹਾਉਂਦਾ ॥
ਤੇਰਾ ਨਾਉ ਅਗੋਂ ਦੀ ਤੇ ਮੇਰਾ ਨਾਉ ਪਿਛੋਂ ਲੈਂਦੇ
ਰਾਧੇ ਕ੍ਰਿਸ਼ਨ ਰਾਧੇ ਕ੍ਰਿਸ਼ਨ ਸਭੋ ਕੋਈ ਗਾਉਂਦਾ ॥
ਰਾਧੇ ਕ੍ਰਿਸ਼ਨ ਗਾਵੇ ਸੋਈ ਜੂਨਿ ਮੈ ਨਾ ਆਵੈ
ਸਾਂਮ ਭੈਜਲ ਤਰਾਵੈ ਪ੍ਰੇਮ ਨਾਲ ਜੋ ਧਿਆਉਂਦਾ ॥
ਕ੍ਰਿਸਨ ਦੇ ਸੁਣਾਏ ਜਸ ਦੁਖ ਸਾਰੇ ਜਾਂਦੇ ਨਸ
ਪ੍ਰੇਮ ਦੇ ਹੋਇ ਵਸ ਸੋਧਾ ਆਖ ਕੇ ਸੁਣਾਉਂਦਾ ॥੩੩॥

ਊਧੋ ਅਤੇ ਕ੍ਰਿਸ਼ਣ ਦੇ ਸੰਬਾਦਾਂ ਨੂੰ ਵੀ ਪੰਜਾਬੀ ਕ੍ਰਿਸ਼ਣ ਕਾਵਿ ਵਿੱਚ ਮਹਤਵ-ਪੂਰਣ ਸਥਾਨ ਪ੍ਰਾਪਤ ਹੈ। ਨਾਟਕੀਅਤਾ ਦੇ ਅੰਸ਼ ਨਾਲ ਪਰਿਪੂਰਣ ਇਕ ਅਜਿਹੀ ਰਚਨਾ ਮਸਤ ਰਾਮ ਕਿਰਤ, 'ਸੰਬਾਦਿ ਊਧੋ ਤਥਾ ਗੋਪੀਆਂ', ਸਾਨੂੰ ਪ੍ਰਾਪਤ ਹੋਈ ਹੈ। ਪਾਠਕਾਂ ਦੀ ਜਾਣਕਾਰੀ ਨਮਿਤ ਇਸਦੀ ਵੰਨਗੀ ਇਥੇ ਦੇਣੀ ਉਚਿਤ ਹੈ :—

ਵਾਰੀ ਵਾਰਿ ਵਾਰੀ ਲਖ ਵਾਰੀਆਂ ਨੀ, ਇਸ ਮੋਹਨ ਤੋਂ
ਸਭ ਵਾਰੀਆਂ ਨੀ ॥੧॥ਰਹਾਉ॥
ਆਉ ਸਖੀਏ ਮਸਲਤਿ ਕੀਜੀਏ ਨੀ, ਜਿਤੁ ਮੋਹਨਿ ਮਥਰਾ ਨਾ ਜਾਵੈ ॥
ਅਸਾਂ ਸੁੰਦਰ ਰੂਪ ਨਿਹਾਰਿਦੀਆਂ ਨੂੰ ਕੋਈ ਦੁਖ ਵਿਛੋੜੇ ਦਾ ਨਾ ਪਾਵੈ ॥
ਦਿਨੁ ਬੀਤਦਾ ਪੰਧੁ ਤਕੇਂਦੀਆਂ ਨੂੰ, ਸੁਖ ਹੋਇ ਜਾ ਧੈਨ ਚਰਾਇ ਆਵੈ ॥
ਮਸਤ ਰਾਮ ਉਹ ਸੁਖ ਨ ਸਉਦੀਆਂ ਨੀ,
ਜਿਨਾਂ ਪ੍ਰੇਮ ਕਲੇਜੜੇ ਘਾਉ ਲਾਵੈ ॥੧॥

ਪਰ ਜਿਉਂ ਜਿਉਂ ਇਹ ਰਚਨਾ ਸੰਬਾਦ-ਮੁਖੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਇਸ ਰਚਨਾ ਵਿਚੋਂ ਪੰਜਾਬੀ ਦੀ ਠੇਠਤਾ ਅਲੋਪ ਹੁੰਦੀ ਜਾਂਦੀ ਹੈ ਅਤੇ ਬ੍ਰਜ ਦੀ ਨੇੜਤਾ ਆਈ ਜਾਂਦੀ ਹੈ। ਹੇਠਲੀਆਂ ਉਦਾਹਰਣਾਂ ਤੋਂ ਸੰਬਾਦਾਂ ਅਤੇ ਇਹਨਾਂ ਵਿਚਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਜ ਦਾ ਪ੍ਰਭਾਵ ਸਪਸ਼ਟ ਭਾਂਤ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ :—

ਉਧੋ ਦੂਤ ਨਹੀਂ ਜਮਦੂਤ ਸਾ ਹੈ, ਭੋਗ ਤਿਆਗ ਅਰੁ ਜੋਗ ਬਤਾਵਤਾ ਹੈ ॥
ਅਰੂਪ ਕਰੂਪ ਕਾ ਗਿਆਨ ਕਹੈ, ਜਹਾ ਦ੍ਰਿਸ਼ਟਿ ਨਹੀ ਕਛੂ ਆਵਤਾ ਹੈ ॥
ਯਹਿ ਤਉ ਹਾਰ ਸੀਗਾਰ ਛਡਾਇਕੇ ਜੀ,
ਮ੍ਰਿਗ ਤ੍ਰਚਾ ਕੇ ਚੀਰ ਪਹਿਰਾਵਤਾ ਹੈ ॥
ਮਸਤ ਰਾਮ ਸੁਗੰਧ ਉਤਰਾਇਕੇ ਜੀ,
ਤਹਿ ਤਉ ਭਸਮ ਕੋ ਅੰਗ ਚੜ੍ਹਾਵਤਾ ਹੈ ॥੩੮॥

... ...

ਊਧੋ ਗਿਆਨ ਬਿਗਿਆਨ ਪਰਗਟ ਕੀਓ,
ਕਹਾ ਸਰਬ ਮੈ ਆਤਮਾ ਦੇਖੀਏ ਜੀ ॥
ਪੂਰਨ ਬ੍ਰਹਮ ਬਿਨਾ ਕਛੂ ਅਉਰ ਨਹੀ,
ਦੁਐਤ ਦ੍ਰਿਸਟ ਤੇ ਤਾਹਿ ਨ ਦੇਖੀਏ ਜੀ।
ਦ੍ਰਿਸਟਮਾਨ ਵਿਵਰਤ ਹੈ ਤਾਹਿਕੋ ਜੀ, ਪ੍ਰਭ ਸਦਾ ਅਰੂਪ ਅਰੇਖੀਏ ਜੀ ॥
ਮਸਤ ਰਾਮ ਬਿਗਿਆਨ ਵੀਚਾਰ ਦੇਖਹੁ,
ਤੁਮ ਆਪ ਹੀ ਅਰੂਪ ਅਲੇਖੀਏ ਜੀ ॥੪੦॥
ਊਧੋ ਪੂਰਖ ਅਲੇਖ ਕੋ ਢੂਢ ਲੇਵਹੁ, ਹਮੇ ਸਿਆਮ ਹੀ ਰੂਪ ਦਿਖਾਈਏ ਜੀ ॥
ਪਰਤਛ ਸਰੂਪ ਕੋ ਛੋਡਿਕੇ ਜੀ, ਕੈਸੇ ਧਿਆਨ ਅਰੂਪ ਸੋ ਲਾਈਏ ਜੀ ॥
ਗਿਆਨ ਜੋਗੁ ਸਮਾਧ ਮਿਲਾਪ ਕਹੋ, ਜੋਊ ਮੂੜ ਹੈ ਤਿਸੈ ਪਰਚਾਈਏ ਜੀ ॥
ਮਸਤ ਰਾਮ ਕਿਆ ਜੋਗ ਬਿਓਗ ਆਗੇ,
ਏਕ ਆਂਸੁਰੀ ਸਾਥਿ ਬਹਾਈਏ ਜੀ ॥੪੧॥

... ...

ਕਹਾ ਪ੍ਰੇਮ ਤੇ ਜੋਗੁ ਬਿਸੇਖ ਹੈ ਜੀ, ਜੋ ਪ੍ਰੇਮ ਕੋ ਤਿਆਗ ਕੇ ਜੋਗ ਲੀਜੈ ॥
ਪ੍ਰੇਮ ਮੂਲ ਹੈ ਜਗਤ ਬਿਚਾਰ ਕਾ ਜੀ, ਕਹੋ ਪ੍ਰਾਣ ਬਿਨਾ ਕੈਸੇ ਜਗਤ ਜੀਜੈ ॥
ਬਿਨਾ ਪ੍ਰੇਮ ਕਹੋ ਕਿਨ ਪਾਇਓ ਹੈ, ਕੋਊ ਬੇਦ ਪੁਰਾਣ ਕੀ ਸਾਖ ਦੀਜੈ ॥
ਮਸਤ ਰਾਮ ਅਗਿਆਨ ਬਤਾਵਤੇ ਹੋ,
ਰੂਪ ਤਿਆਗ ਅਰੂਪ ਕੋ ਧਿਆਨ ਕੀਜੈ ॥੪੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਹਨ ਅਤੇ ਗੁਜਰੀ ਦੇ ਝੇੜਿਆਂ ਨੂੰ ਮੁਖ ਰਖਕੇ ਕਈ ਕਵੀਆਂ ਨੇਵਿਸ਼ੇਸ਼ ਰਚਨਾਵਾਂ ਵੀ ਰਚੀਆਂ ਹਨ । ਦਾਨਾ ਕਵੀ ਰਚਿਤ 'ਕਥਾ ਕਾਨ੍ਹ ਗੁਜਰੀ ਦੀ' ਦੀਆਂ ਦੋ ਹਥ ਲਿਖਤ ਪ੍ਰਤਿਲਿਪੀਆਂ ਸਾਨੂੰ ਪ੍ਰਾਪਤ ਹੋਈਆਂ ਹਨ । ਇਹਨਾਂ ਬਾਰੇ ਵਿਸਥਾਰ ਨਾਲ ਇਥੇ ਚਰਚਾ ਕਰਨ ਦੀ ਗੁੰਜਾਇਸ਼ ਨਹੀਂ । ਇਥੇ ਅਸੀਂ ਪਾਠਕਾਂ ਦੇ ਗਿਆਨ-ਲਾਭ-ਹਿਤ ਦਾਨਾ ਕਵੀ ਦੀਆਂ ਕੁਝ ਕੁ ਪੰਗਤੀਆਂ ਹੀ ਦੇ ਸਕਦੇ ਹਾਂ :—

ਗੋਕਲ ਦੇ ਵਿਚ ਪੈਦੇ ਹੋਈਆ ਚੰਦ੍ਰਾਵਲ ਗੁਜਰੇਟੀ ।।
ਜਿਸ ਦਾ ਮੂਹ ਮਤਾਹ ਅਖੀ ਗੁਲ ਨਰਗਸ ਦੇਹੀ ਮੁਸਕ ਲਪੇਟੀ ।।
ਸਹੀਆ ਦੇ ਵਿਚ ਫਿਰੇ ਲੇਟਦੀ ਆਹੀਰਾ ਦੀ ਬੇਟੀ ।।
ਦਾਨਿਆ ਅਖੇ ਤਾ ਦੇਖੀ ਝੰਗ ਸਿਆਲੀ ਚੂਚਕ ਘਰ ਸਹਲੇਟੀ ।।

... ...

ਮੈਂ ਗੁਜਰੀ ਤੂ ਜਾਤ ਅਹੀਰ ਹੈ ਕੇਹੀ ਕੁ ਸਾਮਤ ਪਾਈ ।।
ਬੀਬਾ ਮਾਰ ਚਪੇੜਾ ਦੰਦ ਨਿਕਾਲ ਦੇਨੀਆਂ ਰਤ ਚਵਾਈ ।।
ਸਵਾ ਲਾਖ ਦੀ ਰਖਨਾ ਹੈ ਮੁੰਦਰੀ ਪਚਦੀ ਨਹੀਂ ਪਚਾਈ ।।
ਕਉਣ ਦੇਸ ਕੇ ਰਾਜੇ ਸੇ ਤੁਮ ਲਖ ਦੀ ਮੁੰਦਰੀ ਪਾਈ ।।
ਅਉਰ ਤੁਮਾਰੇ ਜੇਵਰ ਕੀ ਕੁਛ ਕੀਮਤ ਕਹੀ ਨ ਜਾਈ ।।
ਜਾਇ ਢੂਢ ਰੇਤੂ ਵਿਚ ਮੁੰਦਰੀ ਜਹਾਂ ਬੈਠ ਕਰਿ ਨਾਈ ।।
ਰੇਤੂ ਵਿਚੁ ਮੈ ਜਾਇ ਜੁ ਢੂੰਢਾ ਹੋਵੇ ਆਪ ਗਵਾਈ ।।
ਕਾਨਾ ਤੂ ਕਰਨਾ ਹੈ ਹਸ ਹਸ ਗਲਾਂ ਸਾਨੂ ਖੁਸ ਨ ਰਾਈ ।।
ਇਨਾ ਕਮਉਤਾਂ ਨੂ ਮੈ ਨਾਤੀ ਲੋਕੋ ਨਿਜ ਏਤ ਵਲ ਆਈ ।।
ਇਸ ਮੁੰਦਰੀ ਦੀ ਕੂਕ ਕਾਨ ਜੀ ਤੋੜ ਹੰਸ ਥੇ ਜਾਈ ।।
ਨੰਦ ਮਹਰ ਦੇ ਬਛੇ ਚਾਰਾਂ ਕੰਸ ਕਿ ਜਾਣਾ ਕੇਹਾ ।।
ਪਤਲੀ ਲਸੀ ਰੋਜ ਅਸਾਡਾ ਟੁਕਰ ਮਿਲਦਾ ਬੇਹਾ ।।
ਜਿਸ ਵਲ ਪੈਦਾ ਕੰਮ ਨੰਦ ਦਾ ਲਯਾਵਾ ਘਿੰਨ ਸਨੇਹਾ ।।
ਗੁਜਰੀ ਵਡੇ ਸਾਹ ਪਰ ਕਰ ਤੂ ਦਾਵਾ ਕਿਸਬ ਤੁਮਾਰਾ ਏਹਾ ।।
ਕਿਸਬ ਅਸਾਡਾ ਖਰਾ ਲਾਲ ਜੀ ਨੰਦ ਮਹਰ ਦਾ ਚਾਕਾ ।।
ਵਿਚ ਉਜਾੜੀ ਕਰਨਾ ਹੈ ਲੋਟੀ ਮੂਰਖ ਸਾਹ ਪਿਆਕਾ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਾ ਲਾਖ ਦੀ ਰਖਨਾ ਹੈ ਮੁੰਦਰੀ ਖਰਾ ਇਆਣਾ ਕਾਕਾ ॥
ਦੇ ਮੁੰਦਰੀ ਘਰ ਜਾਂ ਸਵੇਰੇ ਵਿਚੋਂ ਲਹੇ ਲਟਾਕਾ ॥

ਪੰਜਾਬੀ ਕ੍ਰਿਸ਼ਨ ਕਾਵਿ ਦੇ ਰੂਪਕ ਪਖ ਸੰਬੰਧੀ ਵਿਚਾਰ ਕਰਨ ਲਗਿਆਂ ਸਭ ਤੋਂ ਪਹਿਲੀ ਗਲ ਜੋ ਸਾਡੇ ਦ੍ਰਿਸ਼ਟੀਗੋਚਰ ਹੁੰਦੀ ਹੈ ਉਹ ਹੈ ਇਸ ਰਚਨਾ ਦਾ ਵਖ ਵਖ ਰਾਗਾਂ ਵਿੱਚ ਰਾਗ-ਬੱਧ ਹੋਣਾ। ਹੇਠ ਲਿਖੇ ਰਾਗਾਂ ਵਿੱਚ ਸਾਨੂੰ ਇਹ ਰਚਨਾ ਪ੍ਰਾਪਤ ਹੋਈ ਹੈ :—

1. ਸਿਰੀ 2. ਮਾਝ 3. ਤਿਲੰਗ 4. ਬਰਵਾ 5. ਸੂਹੀ 6. ਬਿਲਾਵਲ 7. ਭੈਰਉ 8. ਹਿੰਡੋਲ 9. ਕਾਨੜਾ ਤਿਲੰਗ 10. ਕਲਿਆਣ 11. ਪਰਜ 12. ਆਸਾ 13. ਢੋਲਾ 14. ਕਾਨੜਾ 15. ਖੰਭਾਇਚੀ 16. ਜੈਜਾਵੰਤੀ 17. ਮਾਰੂ 18. ਗਉੜੀ ਪੂਰਬੀ 19. ਵਡਹੰਸ 20. ਰਾਮਕਲੀ 21. ਆਸਾਵਰੀ।

ਇਹਨਾਂ ਰਾਗਾਂ ਤੋਂ ਛੁਟ ਅਨੇਕ ਰਾਗਾਂ-ਉਪਰਾਗਾਂ, ਤਾਲਾਂ ਅਤੇ ਖਿਆਲਾਂ* ਵਿੱਚ ਬੱਧ ਵੀ ਕਈ ਰਚਨਾਵਾਂ ਮਿਲਦੀਆਂ ਹਨ ਜਿਵੇਂ ਆਨੰਦਘਨ ਦੀ 'ਪਦਾਵਲੀ' ਅਤੇ 'ਫੁਟਕਲ ਪਦੇ' ਅਤੇ ਨਾਗਰੀ ਦਾਸ ਦੀ 'ਪਦ ਮੁਕਤਾਵਲੀ' ਅਤੇ 'ਉਤਸਵ ਮਾਲਾ' ਆਦਿ।

ਰਾਗ-ਬੱਧਤਾ ਤੋਂ ਛੁਟ ਪ੍ਰਚਲਿਤ ਕਾਵਿ-ਰੂਪਾਂ ਦੀ ਵਰਤੋਂ ਰੂਪਕ ਪਖ ਤੋਂ ਪੰਜਾਬੀ ਕ੍ਰਿਸ਼ਨ ਕਾਵਿ ਦੀ ਇਕ ਹੋਰ ਵਿਸ਼ੇਸ਼ਤਾ ਹੈ। ਇਹ ਕਾਵਿ ਪਦਿਆਂ ਅਥਵਾ ਸ਼ਬਦਾਂ, ਚਉਬੋਲਿਆਂ, ਕਾਫੀਆਂ, ਸੀਹਰਫੀਆਂ, ਮਾਝਾਂ,** ਮਿਠੜਿਆਂ ਅਤੇ ਬਾਰਾਂ

---

*ਜਿਵੇਂ ਪਰਜ ਕਲਿੰਗਰਾ-ਚਰਚਰੀ ਤਾਲ, ਕਾਨੜੀ ਬਿਲਾਵਲ ਖਿਆਲ-ਮੂਲਤਾਲ, ਅਰਗਜਾ ਪੰਚਮ-ਮੂਲਤਾਲ, ਖੰਭਾਇਚੀ-ਇਕਤਾਲਾ, ਬਿਭਾਸ ਖਿਆਲ-ਮੂਲਤਾਲ, ਗੋਰੀ ਖਿਆਲ-ਮੂਲਤਾਲ, ਧਨਾਸਰੀ-ਮੂਲਤਾਲ, ਆਸਾਵਰੀ-ਮੂਲਤਾਲ, ਰਾਮਕਲੀ-ਮੂਲਤਾਲ, ਸੋਹਨੀ-ਮੂਲਤਾਲ, ਏਮਨ ਬਿਹਾਗ ਖਿਆਲ-ਚਰਚਰੀ ਤਾਲ, ਏਮਨ ਖਿਆਲ-ਮੂਲਤਾਲ, ਧਨਾਸਰੀ-ਮੂਲਤਾਲ, ਟੋਡੀ ਖਿਆਲ-ਚਰਚਰੀ ਤਾਲ, ਸੋਹਨੀ-ਇਕਤਾਲਾ, ਸੋਹਨੀ-ਜਮਾਤਾਲ, ਧਨਾਸਰੀ-ਇਕਤਾਲਾ, ਗੰਧਾਰ-ਮੂਲਤਾਲ, ਗੰਧਾਰ ਖਿਆਲ-ਮੂਲਤਾਲ, ਏਮਨ-ਮੂਲਤਾਲ, ਪਰਜ-ਮੂਲਤਾਲ, ਆਸਾਵਰੀ-ਇਕਤਾਲ, ਪੂਰਬੀ-ਤਾਲਜਾਤ੍ਰਾ, ਰਾਗ ਬਿਹਾਗੜਾ ਕਾ ਖਿਆਲ-ਇਕਤਾਲ ਅਤੇ ਰਾਗ ਅਡਾਨੋ-ਇਕਤਾਲ ਆਦਿ।

**ਅਨੇਕ ਕਾਵਿ ਰੂਪਾਂ ਵਾਂਗ 'ਮਾਝ' ਵੀ ਪੰਜਾਬੀ ਦਾ ਇਕ ਪੁਰਾਤਨ ਕਾਵਿ ਰੂਪ ਮੰਨਿਆ ਗਿਆ ਹੈ। (ਦੇਖੋ 'ਪੰਜਾਬੀ ਮਾਝਾਂ' ਪਹਿਲਾ ਸੰਸਕਰਣ, 1960, ਭੂਮਿਕਾ, ਪਿਆਰਾ ਸਿੰਘ ਪਦਮ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਹਿਆਂ ਆਦਿ ਵਿੱਚ ਰਚਿਤ ਮਿਲਦਾ ਹੈ। ਪਾਠਕਾਂ ਦੀ ਗਿਆਤ ਲਈ ਕੁਝ ਵੰਨਗੀਆਂ ਅਸੀਂ ਹੇਠਾਂ ਦਰਜ ਕਰ ਰਹੇ ਹਾਂ।

ਪਦ ਅਥਵਾ ਸ਼ਬਦ

ਸਾਮਾਂ ਬ੍ਰਿਜ ਲਟਕੰਦੜਿਆ ਆਂਵੀ ਮੈਂਡੇ ਆਵੀ ॥ ੧ ॥ ਰਹਾਉ ॥
ਦਹੁ ਨੈਣਾ ਵਿਚਿ ਬੈਠਕ ਤੈਂਡੀ ਡਰਦੀ ਪਲਕ ਨ ਲਾਈ ॥ ੧ ॥
ਕਉਣ ਵਕੀਲ ਘਤਾਂ ਪ੍ਰਭ ਤੈਂ ਵਿਚਿ ਜਾਇ ਕਹੀਂਦੀ ਨਾਂਹੀ ॥ ੨ ॥
ਸੰਤਾ ਦੇ ਹਿਤ ਜਨਮੁ ਲੀਤੋਈ ਬ੍ਰਿਜ ਵਿਚ ਚਾਰੀਓ ਗਾਂਈ ॥ ੩ ॥
ਮੈਂ ਵਾਰੀ ਕੁਰਬਾਨੀ ਕੀਤਾ ਤੈਤੋਂ ਭਾਵਨ ਸਾਂਈ ॥ ੪ ॥

(ਰਾਗ ਹਿੰਡੋਲ, ਭਾਵਨ ਦਾਸ)

ਚਉਬੋਲਾ (ਚਬੋਲਾ)

ਏਕ ਚਬੋਲਾ ਮੈਂ ਕਹੋ ਕਾਲੀ ਦੇ ਦਰਬਾਰ ॥
ਦੂਰੋਂ ਦੂਰੋਂ ਚਲ ਆਂਵਦੇ ਬੋਲਨਿ ਜੈ ਜੈ ਕਾਰ ॥
ਬੋਲਨਿ ਜੈ ਜੈ ਕਾਰ ਕਾਲਕਾ ਤੁਮਰੀ ਜੋਤਿ ਸਵਾਈ ॥
ਸਵ ਵਾਹਿਨ ਤ੍ਰਿਸੂਲ ਹਾਥ ਮੈ ਦੰਤ ਮਾਰਨੇ ਧਾਈ ॥
ਚੌਸਠ ਜੋਗਨਿ ਸੰਗ ਬਿਰਾਜੇ ਰੁੰਡ ਮਾਲ ਗਲ ਪਾਈ ॥
ਖੁਲੇ ਵਾਲ ਕਾਲ ਕੇ ਸਮ ਬਿਕ੍ਰਾਲ ਰੂਪ ਹੋ ਆਈ ॥
ਅਸਰ ਸਿੰਘਾਰੇ ਕਾਲੀ ਬਾਂਕਿਆਂ ਭੌਣਾ ਵਾਲੀ ॥
ਲੈ ਭੈਰੋਂ ਅਗਵਾਨ ਰਾਮ ਮਨ ਹੋਈ ਕੁਸਾਲੀ ॥
ਤਾ ਥਈ ਤਾ ਥਈ ਤਾਰੇ ਦੇਵੀ ਕੇ ਸਵਰ ਸਜਾ ॥

(ਬਾਰਾਂਮਾਹ ਬੈਂਤ ਚਬੋਲੇ ਕ੍ਰਿਸ਼ਨ ਜੀ ਦੇ, ਰਸਕ ਰਾਮ)

ਕਾਫੀ''

ਲੂੰ ਲੂੰ ਵਿਚਿ ਵਸਦੀ ਹੈ, ਅਖੀ ਨਾਹੀ ਦਿਸਦੀ ਹੈ
ਚੁਖ ਨ ਦਿਖਾਲੀ ਨੀ ਮੈ ਅੰਗੁ ਅੰਗੁ ਸੀਤੀ ਹੈ ॥ ੧ ॥ ਰਹਾਉ ॥
ਪੁਛਣਿ ਸਹੇਲੀਆਂ ਹੋਇਕੇ ਇਕੇਲੀਆਂ,
'ਆਖਿ ਦੇਖਾ ਵੇਦਨ ਤੈਨੂੰ ਵਾਣੀ ਹੈ ਕਿ ਵੀਤੀ ਹੈ ॥ ੧ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਾਂ ਨੀ ਸਹੇਲੀਏ ਆਖਣ ਦੀ ਗਲ ਤੈਨੂੰ,
ਬੈਣਾ ਵਿਚਿ ਆਵੈ ਨਾਹੀ ਨੈਣਾ ਲਖ ਲੀਤੀ ਹੈ ॥ ੨ ॥
ਟਹਕਣ ਬਿਹਾਰੀ ਆਵੈ ਵਿਛੋੜੇ ਦੀ ਪੀੜ ਪਾਵੈ,
ਨੇਹੁ ਦੀ ਅਨੋਖੀ ਗਾਲ ਜਾਣੈ ਜੈ ਸਹੀਤੀ ਹੈ ॥ ੩ ॥
(ਰਾਗ ਜੈਜਾਵੰਤੀ, ਕਾਫੀ, ਟਹਕਨ)

ਓਹੁ ਦਿਨ ਤੈਨੂੰ ਵੀਸਰੇ ਖਸ ਮਖਣੁ ਖਾਦਾ ॥
ਆਪਿ ਬੰਧਾਇਓ ਊਖਲ ਸੇਂਤੀ ਕੇਹੇ ਕਰਮ ਕਮਾਦਾ ॥
ਵੇ ਊਧੋ ਨਹੀ ਜੋਰ ਅਸਾਡਾ ਅਸੀ ਕਿਤ ਬਿਧਿ ਗੋਕਲ ਵੇ ਵਸੀਏ ॥
ਆਪ ਰਤੋ ਸੰਗ ਕੁਬਰੀ ਸਾਨੂੰ ਜੋਗੁ ਦਿੜਾਦਾ ॥
ਸੰਗ ਕੁਬਜਾ ਕੈ ਰਵਿ ਰਹਿਓ ਸਾਡੈ ਪੈਰੁ ਨ ਪਾਦਾ ॥
ਮੁਖ ਮੁਰਲੀ ਕਾਧੈ ਕੰਬਲੀ ਗਊਆ ਬਨੇ ਚਰਾਦਾ ॥
ਸੂਰਦਾਸ ਕੀ ਬੇਨਤੀ ਸੰਗਿ ਚਰਨ ਕਮਲ ਲਪਟਾਦਾ ॥
(ਕਾਫੀ, ਸੂਰਦਾਸ)

ਸੀਹਰਫੀ

ਅਲਫ ਆਨ ਬ੍ਰਿਖਭਾਨ ਲਾਡਲੀ, ਦਧ ਵੇਚਨੇ ਸਿਧਾਰੀ, ਸਿਰਪੁਰ ਖਾਰੀ ॥
ਮਾਰਗ ਮੈ ਮਿਲ ਗਏ ਕਾਂਨ ਜੀ ਮਟਕੀ ਪਕਰ ਉਤਾਰੀ, ਭੂ ਪਰ ਡਾਰੀ ॥
ਦੇ ਜਗਾਤ ਗੋਰਸ ਕਾ ਗੁਜਰੀ ਹੈ ਤੂੰ ਗੋਕਲ ਨਾਰੀ, ਹਮਰੀ ਪਿਆਰੀ ॥
ਰਸਕ ਰਾਮ ਅਰੀ ਨਾ ਕਰ ਝੇੜਾ ਬਣਿ ਬੈਚਨ ਹਿਤਕਾਰੀ, ਅਰਜ ਹਮਾਰੀ ॥ ੧ ॥
ਯੇ ਯਦੁਪਤਿ ਕਰ ਪਕਰ ਬੰਸਰੀ ਪ੍ਰੇਮ ਸਹਿਤ ਮੁਖ ਲਾਈ, ਚਾਇ ਬਜਾਈ ॥
ਅਪਨੇ ਵਸ ਕਰ ਲਈ ਰਾਧਕੇ ਪ੍ਰੇਮ ਪ੍ਰੀਤ ਉਪਜਾਈ, ਹੋਸ ਭੁਲਾਈ ॥
ਸੋ ਬ੍ਰਿਜ ਲਾਲ ਪ੍ਰੇਮ ਕੇ ਭੂਖੇ ਕਰੋ ਪ੍ਰੇਮ ਮਨ ਲਾਈ, ਹੋਇ ਸਹਾਈ ॥
ਡੇਹਰੇ ਸਹਿਰ ਦਾਨ ਕੀ ਲੀਲਾ ਰਸਕ ਰਾਮ ਬਤਲਾਈ, ਆਖ ਸੁਣਾਈ ॥ ੩੦ ॥
(ਸੀਹਰਫ਼ੀ ਬੈਂਤ ਕਾਂਨ-ਗੁਜਰੀ ਦੇ, ਰਸਕ ਰਾਮ)

ਮਾਝ

ਹਿਕ ਦਿਨ ਆਹੀ ਮੈ ਅੰਦਰਿ ਸੁਤੀ, ਮੈਡੀ ਸਾਮ ਹਲਾਈ ਖਿੜਕੀ ॥
ਖਿੜਕੀ ਹਲੀ ਤੇ ਧਮਕ ਪਹੁਤੀ, ਤ੍ਰੁਟੀ ਕੰਨ ਦੀ ਲੁੜਕੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰਿ ਮਾਊ ਗਾਲੀ ਦਿਤੀਆਂ, ਬਾਹਰਿ ਬਾਬੁਲਿ ਝਿੜਕੀ ॥
ਸਾਮ ਸਲੋਣੇ ਦੀ ਲ਼ਟਕ ਬਿਹਾਰੀ, ਅਸਾ ਰੋਦਿਆਂ ਚਾਟੀ ਰਿੜਕੀ ॥
(ਬਿਹਾਰੀ)

ਕੈਨੂ ਬ੍ਰਿਜ ਵਿਚ ਆਇਓ ਊਧੋ ਤੂਹ ਆਣ ਰੁਆਂਈਆਂ ਸਹੀਯਾਂ ॥
ਤੂ ਬੇਦ੍ਰਦੂ ਤੈਨੂੰ ਦਰਦੂ ਨ ਕੋਈ ਅਸੀਂ ਦਰਦਾਵੰਦਾਂ ਦੁਖ ਗਹੀਯਾਂ ॥
ਕੁਬਜਾ ਸੰਗ ਉਨ ਆਪੁ ਰਵਾਯਾ ਅਸਾਂ ਸਭ ਦੁਖ ਸਿ੍ ਪ੍ਰ ਸਹੀਯਾ ॥
ਰਹੁ ਵੇ ਊਧੋ ਬ੍ਰਿਜ ਵਤਿ ਨ ਆਂਵੀ ਅਸੀ ਆਪ ਸਿਯਾਂਮ ਹੋਇ ਰਹੀਯਾ ॥
(ਸਿਆਮ)

ਮਿਠੜਾ

ਸੋਹਣੀ ਨੂੰ ਛਡ ਕੇ ਕਸੋਹਣੀ ਦੇ ਨਾਲ ਰਤਾ
ਕੁਬੀ ਜੇਹੀ ਨਾਰ ਨਿਤ ਸੀਨੇ ਨਾਲ ਲਾਉਂਦਾ ॥
ਰਿਛ ਸੰਦੀ ਪੁਤਰੀ ਲੈ ਆਇਆ ਡੋਲੀ ਵਿਚ ਪਾਇ
ਕਾਲੇ ਜੇਹੇ ਕਾਨ ਨੂੰ ਹਯਾਉ ਨਹੀ ਆਉਂਦਾ ॥
ਜਗ ਦਾ ਹੈ ਹਾਸੋ ਹਾਨਾ ਸਾਵਰੇ ਦਾ ਨਾਉ ਕਾਨਾ
ਬੰਸਰੀ ਬਜਾਇਕੈ ਹੈ ਨਾਰੀਆ ਰਿਝਾਉਂਦਾ ॥
ਇਕਨਾ ਨੂੰ ਸਾਈ ਦਿੰਦਾ ਇਕਨਾ ਵਧਾਈ ਕਾਨ
ਜਣੀ ਖਣੀ ਨਾਲ ਨੇਹੁ ਕਾਹੇ ਨੂੰ ਲਗਾਉਂਦਾ ॥ ੧੩ ॥
(ਮਿਠੜੇ ਕ੍ਰਿਸ਼ਨ ਰਾਧਾ ਪ੍ਰੇਮ ਕੇ, ਸੋਧਾ)

ਬਾਰਾਂਮਾਹ

ਚੇਤ ਮਹੀਨੇ ਚਲੇ ਸਾਮ ਜੀ, ਮਥਰਾ ਉਰ ਸਿਧਾਰੇ ॥
ਸਾਰੇ ਬ੍ਰਿਜ ਦੀ ਰੋਵੈ ਲੁਕਾਈ, ਬਹਿ ਬਹਿ ਜਮਨ ਕਿਨਾਰੇ ॥
ਹਾਰ ਸੀਗਾਰ ਉਤਾਰ ਚੋਲੀਆ, ਚੀਰ ਗੋਪੀਅ ਂਫਾਰੇ ॥
ਬਾਝ ਸਿਆਮ ਦੇ ਮੂਲ ਸਿੰਘਾ, ਸਭ ਸੁੰਞੇ ਮਹਲ ਚੁਬਾਰੇ ॥ ੧ ॥
(ਬਾਰਾਂਮਾਹ, ਮੂਲ ਸਿੰਘ)

ਚੇਤ੍ਰ ਚਰਨ ਕ੍ਰਿਸਨ ਦੇ ਸਿਮਰੋ ਪੂਜੋ ਕ੍ਰਿਸਨ ਗੁਪਾਲ, ਓਹੁ ਨੰਦ ਲਾਲ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਮਥੁਰਾ ਦੇ ਜਨਮ ਲੀਤਾ ਹੈ ਸ੍ਰੀ ਹਰਿ ਕ੍ਰਿਪਾਲ, ਆਇਆ ਖਿਆਲ ॥
ਸਿਮਰਿ ਨਾਮੁ ਹਰਿ ਜੀ ਕਾ ਪਿਆਰੇ ਸਿਰ ਤੋਂ ਹਟਦਾ ਕਾਲ, ਜਾਇ ਜੰਜਾਲ ॥
ਕ੍ਰਿਸਨ ਕ੍ਰਿਸਨ ਕਰੋ ਰੋਜ ਪਿਆਰੇ ਕਹਿਦਾ ਸਿੰਘ ਨਿਹਾਲ,
ਕਰ ਪ੍ਰਿਤਪਾਲ ॥ ੧ ॥

(ਬਾਰਾਂਮਾਹ, ਨਿਹਾਲ ਸਿੰਘ)

ਜਬ ਚੜੇ ਚੇਤ ਮੈਂ ਸੰਤ ਕਿ ਚੇਤ੍ਰ ਅਜਬ ਸੁਹਾਵਾ ਚੰਤਿ
ਬਣ ਤਣ ਫੂਲੇ ਫੂਲ ਬਸੰਤ ਨਿਤਿ ਉਠ ਕਰੇ ਚਲਾਣਾ ਕੰਤ
ਨ ਦੇਂਦਾ ਭੇਤੁ ਨ ਦੇਂਦਾ ਅੰਤੁ ਦਿਲਾਂ ਦਿਆ ਜਾਨੀਆਂ ॥
ਅਵੇ ਮੈ ਕਾਮਨ ਸਦ ਮਤਵਾਲੀ ਮਾਥੇ ਜੋਬਨ ਨਾਗਨ ਕਾਲੀ
ਨਿਤ ਉਠ ਦਰ ਤੇ ਬਿਰਹੁ ਸੁਵਾਲੀ ਜਦ ਕਦ ਮਰਸਾਂ ਹੋਇ ਬੁਰਹਾਲੀ
ਸਿਰ ਪਰ ਗਜਦਾ ਇਸ਼ਕ ਜਵਾਲੀ ਹੁਣ ਬਿਸੁ ਖਾਨੀਆਂ ॥
ਅਵੇ ਤੂੰ ਆਖ ਵਿਖਾਂ ਕਿਉ ਜਾਨਾ ਮੇਰਾ ਪੇਸ਼ ਤੇਰੇ ਜੀਉ ਜਾਮਾ
ਜੋਬਨ ਘਤਦਾ ਧੂਮਾਂ ਧਾਮਾਂ ਬ੍ਰਿਹੁ ਬੰਦੂਕ ਲਾਈ ਤਨ ਸਿਆਮਾ
ਜਾਂਦੀ ਭੰਨ ਕਲੇਜਾ ਰਾਮਾ, ਸੁਧ ਬਿਸਰਾਨੀਆਂ ॥
ਬਰਖੁਰਦਾਰ ਪਯਾ ਦੁਖ ਸਾਨੂੰ, ਰੋ ਰੋ ਬਿਰਥਾ ਕਹਾਂ ਤੁਸਾਨੂ
ਛਡਿਕੇ ਭਉਰ ਚਲਿਆ ਫੂਲਾਂ ਨੂੰ, ਵਿਛੋੜਾ ਪਿਆ ਜੋ ਦੁਹਾਂ ਧਿਰਾਂ ਨੂੰ
ਅਉਸੀ ਪਾਨੀਆਂ ॥ ੧ ॥

(ਬਾਰਾਂਮਾਹ, ਬਰਖੁਰਦਾਰ)

ਚੇਤ ਫੂਲ ਝੂਲ ਸਭ ਬਣ ਤਣ ਭਵਰ ਲਟਕ ਰਹੇ ਬੇਲੀ ॥
ਬ੍ਰਿਜ ਨਾਥ ਸਾਥ ਮੈ ਜਾਂਦੀ ਸਾ ਹੁਣ ਕਿਉ ਰਹੇ ਅਕੇਲੀ ॥
ਸਾਮ ਭਗਵਾਨ ਪੀਆਰੀ ਜੀ, ਅੰਤਰਜਾਮੀ ਮੇਲੀ ॥ ੧ ॥

(ਬਾਰਾਂਮਾਹ ਸ੍ਰੀ ਕ੍ਰਿਸ਼ਨ ਜੀ ਦਾ, ਕੇਸੋ)

ਚੜਿਆ ਚੇਤ ਬਸੰਤ ਬਹਾਰਾਂ ॥ ਬਾਗੀ ਖਿੜੀਆਂ ਸਭ ਫੁਲਵਾਰਾਂ ॥
ਵਿਚਿ ਵਿਚਿ ਕਰਦੇ ਭਵਰ ਗੁਜਾਰਾਂ ॥ ਜਲ ਵਿਚਿ ਜਲਜ ਕਰਨ ਗੁਲਜਾਰਾਂ ॥
ਬਨ ਬਨ ਛੁਟਦੀ ਮੁਸਕ ਫੁਹਾਰਾਂ ॥ ਮਾਨੋ ਛਿੜ ਕੇ ਅਤਰ ਅਤਾਰਾਂ ॥
ਇਤ ਵਲ ਚਾਈਆਂ ਇਸਕ ਮੁਹਾਰਾਂ ॥ ਵੇ ਮੈਂ ਪਈਆਂ ਵਾਂਗੁ ਬੀਮਾਰਾਂ ॥

(ਬਾਰਾਂਮਾਹ, ਸਾਹਿਬ ਮ੍ਰਿਗਿੰਦ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਾਗ ਸਾਂਮ ਰਾਧਾ ਗ੍ਰਿਹਿ ਆਏ, ਸੁਖ ਉਪਜੇ ਦੁਖ ਸਭ ਬਿਸਰਾਏ ॥
ਗ੍ਰਿਹਿ ਭੀਤਰ ਸੁਖ ਸੇਜ ਵਿਛਾਏ, ਨੰਦ ਕੁਮਾਰ ਅੰਗ ਲੈ ਆਏ ॥
ਜਿਨ ਸਿਮਰਿਓ ਹਰਿ ਹਿਤ ਚਿਤ ਲਾਏ, ਸੋ ਨਰ ਮੁਕਤਿ ਦਾਨ ਫਲ ਪਾਏ ॥
ਕਵੀ ਸੁਣਾਵਦਾ ॥ ੫ ॥ ੧੨ ॥
(ਬਾਰਾਂਮਾਹ ਬੈਂਤ ਚਬੋਲੇ ਕ੍ਰਿਸ਼ਨ ਜੀ ਦੇ, ਰਸਕ ਰਾਮ)

ਰੂਪਕ ਪਖ ਤੋਂ ਪੰਜਾਬੀ ਕ੍ਰਿਸ਼ਣ ਕਾਵਿ ਦੀ ਇਕ ਹੋਰ ਵਿਸ਼ੇਸ਼ਤਾ ਇਸ ਵਿਚ ਵਰਤੇ ਗਏ ਵੰਨ-ਸੁਵੰਨੇ ਛੰਦਾਂ ਕਰਕੇ ਵੀ ਹੈ ਜਿਵੇਂ ਦੋਹਰਾ, ਸੋਰਠਾ, ਬੈਂਤ, ਕੁੰਡਲੀਆ, ਸਵੈਯਾ, ਕਬਿਤ, ਕੜਖਾ ਅਤੇ ਛਪੈ ਆਦਿ। ਪਾਠਕਾਂ ਦੀ ਗਿਆਤ ਲਈ ਕੁਝ ਉਦਾਹਰਣਾਂ ਹੇਠ ਦਰਜ ਹਨ।

ਦੋਹਰਾ

ਪ੍ਰੇਮ ਬਾਨ ਜਾ ਕੋ ਲਗੇ ਸੋ ਜੀਵਤ ਮਰ ਜਾਇ ॥
ਜਾ ਕੇ ਘਟ ਮੈਂ ਸੰਚਰੇ ਸੁਧ ਬੁਧ ਦੇਤ ਭੁਲਾਇ ॥
(ਮਿਠੜੇ ਕ੍ਰਿਸ਼ਨ ਰਾਧਾ ਪ੍ਰੇਮ ਕੇ, ਸੋਧਾ)

ਸੋਰਠਾ

ਜਾ ਸੋ ਲਾਗੇ ਪ੍ਰੇਮ ਗਰਬ ਨ ਕੀਜੈ ਤਾਹ ਸੋ ॥
ਏਹੀ ਪ੍ਰੇਮ ਕਾ ਨੇਮ ਤਾ ਕੋ ਉਤਮ ਜਾਨੀਏ ॥
(ਮਿਠੜੇ ਕ੍ਰਿਸ਼ਨ ਰਾਧਾ ਪ੍ਰੇਮ ਕੇ, ਸੋਧਾ)

ਬੈਂਤ

ਸੀਨ ਸੋਹਣੇ ਸਾਵਲੇ ਯਾਰ ਪਿਛੇ, ਲਖ ਬਦੀਆਂ ਜਗ ਦੀਆਂ ਝਲੀਆਂ ਨੀ ॥
ਮੂਹਿ ਮਿਟੀ ਮਲੀ ਬੂਹੇ ਯਾਰ ਦੇ ਦੀ, ਘਰੁ ਛਡਿ ਕੈ ਗਲੀਆਂ ਮਲੀਆਂ ਨੀ ॥
ਚਰਖਾ ਭੰਨਿ ਪਿੜੋਟੜਾ ਫੂਕਿ ਦਿਤਾ, ਖਹਿ ਸੁਟੀਆਂ ਪੂਣੀਆਂ ਛਲੀਆਂ ਨੀ ॥
ਮੀਰਨ ਨੇਹੁ ਲਗਾ ਕਤਣਿ ਕਉਣ ਬਹੇ, ਸਹੀਆਂ ਰੋਦੀਆਂ ਮੈਂ ਘਰਿ ਘਲੀਆਂ ਨੀ ॥
(ਬੈਂਤਾਂ, ਮੀਰਨ)

ਕੰਡਲੀਆ

ਫਾਗਨ ਮਨ ਤਨ ਅਤਿ ਆਨੰਦ ਗ੍ਰਿਹਿ ਆਏ ਬ੍ਰਿਜ ਨਾਥ ॥
ਸਗਲ ਬਾਮ ਹਰਖਤ ਭਈ ਜੋਊ ਰਾਧਕਾਂ ਸਾਥ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਊ ਰਾਧਕਾਂ ਸਾਥ ਹਾਥ ਆਰਤੀ ਲਿਆਵੇ ॥
ਬਾਜਤ ਢੋਲ ਮ੍ਰਿਦੰਗ ਤਾਨ ਸੁਰ ਦੇ ਕਰ ਗਾਵੇ ॥
ਨਾਚਤ ਰਾਧੇ ਨੰਦ ਸੁਤ ਜੋੜੀ ਅਟਲ ਸੁਹਾਗ ॥
ਮਾਘ ਆਗ ਪੀਛੇ ਰਹੀ ਮਿਟੇ ਕਸਟ ਸਭ ਫਾਗ ॥੧॥
(ਬਾਰਾਂਮਾਹ ਕ੍ਰਿਸਨ ਜੀ ਕਾ, ਰਸਕ ਰਾਮ)

ਸਵੈਯਾ

ਫਾਗਨ ਮਹਿ ਹੁਲਾਸ ਭਯੋ ਹੋਰੀ ਖੇਲਤ ਸਾਂਮ ਸੰਗ ਬ੍ਰਿਜ ਸਾਰੀ ॥
ਢੋਲ ਮ੍ਰਿਦੰਗ ਬਜਾਵਤ ਸੰਗ ਉਡਾਵਤ ਰੰਗ ਚਲੇ ਪਿਚਕਾਰੀ ॥
ਗਾਵਤ ਏਕ ਭਰੀ ਸੁਹ ਸੋ ਇਕ ਤਾਲ ਬਜਾਵਤ ਹਾਥ ਪਸਾਰੀ ॥
ਕੌਨ ਕਹੈ ਉਨਕੀ ਛਬ ਰਾਮ ਭਲੀ ਬਿਧ ਸੋ ਸਭ ਨਾਚਤ ਨਾਰੀ ॥੨॥
(ਬਾਰਾਂਮਾਹ ਕ੍ਰਿਸਨ ਜੀ ਕਾ, ਰਸਕ ਰਾਮ)

ਕਬਿੱਤ

ਫਾਗਨ ਜੁ ਆਇ ਮਨ ਭਾਏ ਹੈ ਹੁਲਾਸ ਸਖੀ
ਬਾਜਤ ਮ੍ਰਿਦੰਗ ਧੁਨਿ ਖੇਲੇ ਸਾਮ ਹੋਰੀਆਂ ॥
ਜਮਨਾ ਕੇ ਤੀਰ ਪਰੀ ਭੀਰ ਕੌਨ ਧਰੈ ਧੀਰ
ਸਾਵਰ ਸਰੀਰ ਐਸੇ ਕਰੈ ਮਿਲ ਜੋਰੀਆਂ ॥
ਐਸੀ ਛਬ ਆਈ ਉਪਮਾ ਕਹੀ ਨ ਜਾਈ ਮੋਪੈ ॥
ਕਹੈ ਰਸ ਰਾਮ ਸੰਗ ਲਈਆਂ ਬ੍ਰਿਜ ਗੋਰੀਆਂ ॥
ਖੇਲਤ ਹੈ ਨੰਦ ਲਾਲ ਰਾਧਕਾਂ ਪਿਆਰੀ ਨਾਲ
ਇਸੀ ਭਾਂਤ ਖੇਲੈ ਸਭੀ ਭਰੀ ਰੰਗ ਝੋਰੀਆਂ ॥੩॥
(ਬਾਰਾਂਮਾਹ ਕ੍ਰਿਸਨ ਜੀ ਕਾ, ਰਸਕ ਰਾਮ)

ਕੜਖਾ

ਰੁਤ ਫਾਗਨ ਬਡੇ ਭਾਗ ਬ੍ਰਿਜ ਕੇ ਸਖੀ ਸਾਵਰਾ ਕਾਨ ਮੁਰਲੀ ਬਜਾਵੈ ॥
ਬ੍ਰਿਜ ਜੁਵਤੀ ਸੁਨਤ ਹਰਖ ਮਨ ਮੈ ਭਯੋ ਸਭਨ ਕੇ ਨਾਲ ਲੈ ਲੈ ਬੁਲਾਵੇ ॥
ਅਰਧ ਬੰਸੀ ਮਧਰ ਚਲਤ ਬਨ ਮੈਂ ਫਿਰਤ ਕਰਤ ਕਲੋਲ ਜੁਵਤਨ ਰਿਝਾਵੈ ॥
ਦਾਨ ਦਧ ਲੇਤ ਰਸ ਰਾਮ ਮਾਰਗ ਖੜਾ ਜਾਨ ਨਹਿ ਦੇਤ ਤਰਨੀ ਜੁ ਆਵੈ ॥੪॥
(ਬਾਰਾਂਮਾਹ ਕ੍ਰਿਸਨ ਜੀ ਕਾ, ਰਸਕ ਰਾਮ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਪੈ

ਸੰਮਤ ਅਜ ਮੁਖ ਦ੍ਰਿਸਟ ਕੰਠ ਦਸ ਗ੍ਰਿਹ ਸਸ ਜਾਨ ॥
ਕ੍ਰਿਸਨ ਪੱਖ ਭ੍ਰਿਗਵਾਰ ਤਿਥ ਅਸਟਮ ਹਿਤ ਮਾਨੋ ॥
ਮਾਘ ਮਾਸ ਰਿਤ ਸਿਸਰ ਰਾਸ ਤੁਲ ਦਿਜ ਉਚਾਰ ਬਰਿ ॥
ਐਰਾਵਤ ਕੇ ਕੂਲ ਨਾਮ ਰਸ ਰਾਮ ਪ੍ਰੀਤ ਧਰ ॥
ਨਾਨਕ ਸਥਾਨ ਦੇਹਰਾ ਪੁਰੀ ਬਸਤ ਭਗਤਿ ਗੋਪਾਲ ਕਾ ॥
ਗੁਰ ਲਾਲ ਦਿਆਲ ਕਰਣਾ ਕਰੀ ਦੁਰਗਾ ਜੀ ਰਛਪਾਲ ਕਾ ॥੧॥

(ਬਾਰਾਂਮਾਹ ਕ੍ਰਿਸ਼ਨ ਜੀ ਕਾ, ਰਸਕ ਰਾਮ)

ਪੰਜਾਬੀ ਕ੍ਰਿਸ਼ਣ ਕਾਵਿ ਦੀ ਭਾਸ਼ਾ ਅਨੇਕ ਰਚਨਾਵਾਂ ਵਿੱਚ ਪੰਜਾਬੀ ਹੈ ਪਰ ਕਈਆਂ ਵਿੱਚ ਬ੍ਰਜੀ ਦਾ ਰਲਾ ਹੈ। ਕਈਆਂ ਦਾ ਆਰੰਭ ਅਰਥਾਤ ਮੰਗਲਾਚਰਣ ਬ੍ਰਜੀ ਦੇ ਰਲਾ ਵਾਲਾ ਹੈ ਜਿਵੇਂ 'ਮਿਠੜੇ ਕ੍ਰਿਸ਼ਨ ਰਾਧਾ ਪ੍ਰੇਮ ਕੋ' ਦੇ ਵਿਚ ਪਰ ਬਾਕੀ ਸਾਰੀ ਦੀ ਸਾਰੀ ਰਚਨਾ ਠੇਠ ਪੰਜਾਬੀ ਵਿੱਚ ਹੈ। ਕਈ ਰਚਨਾਵਾਂ ਦਾ ਆਰੰਭ ਠੇਠ ਪੰਜਾਬੀ ਵਾਲਾ ਹੈ ਪਰ ਜਿਉਂ ਜਿਉਂ ਰਚਨਾ ਅਗਾਂਹ ਤੁਰਦੀ ਜਾਂਦੀ ਹੈ ਤਿਉਂ ਤਿਉਂ ਬ੍ਰਜ ਭਾਸ਼ਾ ਦਾ ਪ੍ਰਭਾਵ ਵਧਦਾ ਚਲਾ ਜਾਂਦਾ ਹੈ, ਮਾਨੋ ਪੰਜਾਬ ਤੋਂ ਤੁਰ ਕੇ ਕਵਿਤਾ ਬ੍ਰਜ-ਪ੍ਰਦੇਸ਼ ਵਲ ਚਾਲੇ ਪਾ ਰਹੀ ਹੋਵੇ ਜਿਵੇਂ ਮਸਤ ਰਾਮ ਦੀ ਰਚਨਾ 'ਸੰਬਾਦਿ ਊਧੋ ਤਥਾ ਗੋਪੀਆ ਕਾ' ਵਿੱਚ।

ਉਪ੍ਰੋਕਤ ਅਧਿਅਨ ਦੇ ਆਧਾਰ ਤੇ ਅਸੀਂ ਇਸ ਸਿਟੇ ਤੇ ਪੁਜਦੇ ਹਾਂ ਕਿ ਪੰਜਾਬੀ ਵਿਚ ਕ੍ਰਿਸ਼ਣ ਕਾਵਿ ਦੀ ਰਚਨਾ ਕਾਫੀ ਮਾਤਰਾ ਵਿੱਚ ਹੋਈ ਹੈ। ਇਸ ਦੀ ਪ੍ਰਾਪਤੀ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇਕ ਨਵਾਂ ਕਾਂਡ ਆਰੰਭ ਹੁੰਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇਸਨੂੰ ਅਜੇ ਤਕ ਯੋਗ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਕਿਉਂਕਿ ਇਹ ਸਾਹਿਤ ਚਿਰ ਕਾਲ ਤੋਂ ਅਣਖੋਜਿਆ ਅਤੇ ਅਣ-ਜੋਖਿਆ ਰਿਹਾ ਹੈ। ਇਸ ਕਾਵਿ ਦੀ ਤੁਛ ਜਿਹੀ ਪ੍ਰਾਪਤੀ ਇਸ ਦੀ ਵਧੇਰੇ ਖੋਜ ਦੀ ਪ੍ਰੇਰਣਾ ਪ੍ਰਦਾਨ ਕਰਦੀ ਹੈ, ਪੰਜਾਬੀ ਸਾਹਿਤ ਵਿੱਚ ਖੋਜ ਦੇ ਖੇਤਰ ਨੂੰ ਹੋਰ ਵੀ ਵਿਸਤ੍ਰਿਤ ਅਤੇ ਵਿਸ਼ਾਲ ਕਰਦੀ ਹੈ। ਇਹੀ ਇਸਦੀ ਮਹਤਵਪੂਰਣ ਵਿਸ਼ੇਸ਼ਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਧਾ

ਮਿਠੜੇ ਕ੍ਰਿਸ਼ਨ ਰਾਧਾ ਪ੍ਰੇਮ ਕੇ

ਦੋਹਰਾ

ਪ੍ਰੇਮ ਪ੍ਰੇਮ ਸਭ ਕੋ ਕਹੈ ਪ੍ਰੇਮ ਨ ਜਾਨੈ ਕੋਇ ॥
ਪ੍ਰੇਮ ਪੁਰਖ ਪਰਮਾਤਮਾ ਜਲ ਥਲ ਮਹੀਅਲ ਸੋਇ ॥੧॥
ਬਾਟ ਘਾਟ ਨਹਿ ਪਾਈਐ ਪ੍ਰੇਮ ਨਾ ਹਾਟ ਬਿਕਾਇ ॥
ਜਿਸ ਪ੍ਰ ਪ੍ਰਭੂ ਕ੍ਰਿਪਾ ਕਰੈ ਘਟ ਮੈ ਲੇਤ ਮਿਲਾਇ ॥੨॥

ੴ ਸਤਿਗੁਰ ਪ੍ਰਸਾਦਿ ॥

ਅਥ ਪ੍ਰੇਮ ਬਿਲਾਸ ਰਾਧਕਾ ਜੀ ਦਾ ਲਿਖਯਤੇ ॥

ਦੋਹਰਾ

ਪ੍ਰੇਮ ਭਗਤ ਸ੍ਰੀ ਰਾਮ ਕੀ ਸਭ ਤੇ ਉਤਮ ਜਾਨ ॥
ਕਿਰਪਾ ਕਰਕੇ ਦੇਹ ਹਰ ਜਨ ਅਪਨੇ ਕੋ ਦਾਨ ॥੧॥

ਪ੍ਰੇਮ ਬਾਨ ਜਾਕੋ ਲਗੇ ਸੋ ਜੀਵਤ ਮਰ ਜਾਇ ॥
ਜਾਂਕੇ ਘਟ ਮੈਂ ਸੰਚਰੇ ਸੁਧ ਬੁਧ ਦੇਤ ਭੁਲਾਇ ॥੨॥

ਦੇਖੋ ਕੁਬਜਾ ਪ੍ਰੇਮ ਕਰ ਪਾਇਓ ਹਰਿ ਸੋ ਮੀਤ ॥
ਪ੍ਰੇਮ ਨਾ ਹਾਸੀ ਖੇਲ ਹੈ ਕਠਨ ਪ੍ਰੇਮ ਕੀ ਰੀਤ ॥੩॥

ਕਚਾ ਤੰਤੁ ਪ੍ਰੇਮ ਕਾ ਮਾਨ ਲੇਹੁ ਸਭ ਕੋਇ ॥
ਗਰਬ ਨ ਕੀਚਹ ਪ੍ਰੇਮ ਮਹ ਟੂਟਿ ਜਾਇ ਮਤ ਸੋਇ ॥੪॥

ਦ੍ਰਪਨ ਮੈ ਮੁਖ ਦੇਖ ਕੇ ਰਾਧੇ ਕੀਆ ਗੁਮਾਨ ॥
ਸੁੰਦਰ ਰੂਪ ਨਿਹਾਰ ਕੈ ਕੀਨੋ ਮਨ ਅਭਮਾਨ ॥੫॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਰ ਜੈਸੀ ਜਗਤ ਮੈ ਔਰ ਨ ਦੂਜੀ ਨਾਰ ॥
ਮੋਹਿ ਲੀਆ ਮੈ ਕ੍ਰਿਸਨ ਕਉ ਫਾਸ ਪ੍ਰੇਮ ਕੀ ਡਾਰ ॥ ੬ ॥

ਜਬ ਇਤਨਾ ਮੁਖ ਤੇ ਕਹਯੋ ਗਏ ਕ੍ਰਿਸਨ ਤਿਹ ਤਿਆਗ ॥
ਪਈ ਚਿਣਗ ਤਨ ਪ੍ਰੇਮ ਕੀ ਕੀਓ ਬਹੁਤ ਬੈਰਾਗ ॥ ੭ ॥

ਸੋਰਠਾ

ਜਾ ਸੋ ਲਾਗੇ ਪ੍ਰੇਮ ਗਰਬ ਨ ਕੀਜੈ ਤਾਹ ਸੋ ॥
ਏਹੀ ਪ੍ਰੇਮ ਕਾ ਨੇਮ ਤਾਕੋ ਉਤਮ ਜਾਨੀਏ ॥ ੮ ॥

ਮੋ ਸੋ ਕਹਯੋ ਨ ਜਾਇ, ਜੋ ਵੈਰਾਗ ਰਾਧੇ ਕੀਓ ॥
ਸੋ ਸਭ ਕਹੋ ਸੁਨਾਇ, ਪਾਹਨ ਚਿਤ ਕਠੋਰ ਹੋਇ ॥ ੯ ॥

ਰਾਧੇ ਕਰੇ ਬਖਾਨ, ਜੋ ਉਰਾਹਨੇ ਕ੍ਰਿਸਨ ਕੋ ॥
ਸੁਨਹੁ ਚਤਰ ਧਰ ਧਿਆਨ, ਸੋ ਸਭ ਮਿਠੜੇ ਮੈ ਕਹੇ ॥੧੦॥

ਦੇਵੋ ਪ੍ਰੇਮ ਸੁਨਾਇ ਅਬ ਮੈ ਰਾਧੇ ਕ੍ਰਿਸਨ ਕਾ ॥
ਸੁਨਹੁ ਸਰਬ ਮਨ ਲਾਇ, ਜੋ ਪ੍ਰੇਮੀ ਸ੍ਰੀ ਕ੍ਰਿਸਨ ਕਾ ॥੧੧॥

ਪ੍ਰੇਮੀ ਦੁਖੀਆ ਦੇਇ, ਮਤਵਾਰੇ ਕੀ ਗਾਰ ਮੈ ॥
ਕ੍ਰੋਧ ਨ ਸੁਘੜ ਕਰੇਇ, ਮਾਤ ਪਿਤਾ ਗੁਰੂ ਭੂਪ ਕੀ ॥੧੨॥

ਰਾਧੇ ਵਾਚ ਮਿਠੜੇ

ਸੋਹਣੀ ਨੂੰ ਛਡ ਕੇ ਕਸੋਹਣੀ ਦੇ ਨਾਲ ਰਤਾ
ਕੁਬੀ ਜੇਹੀ ਨਾਰ ਨਿਤ ਸੀਨੇ ਨਾਲ ਲਾਉਂਦਾ ॥
ਰਿਛ ਸੰਦੀ ਪੁਤਰੀ ਲੈ ਆਇਆ ਡੋਲੀ ਵਿਚ ਪਾਇ
ਕਾਲੇ ਜੇਹੇ ਕਾਨ ਨੂੰ ਹਯਾਉ ਨਹੀ ਆਉਂਦਾ ॥
ਜਗ ਦਾ ਹੈ ਹਾਸੋ ਹਾਨਾ ਸਾਵਰੇ ਦਾ ਨਾਉ ਕਾਨਾ
ਬੰਸਰੀ ਬਜਾਇਕੈ ਹੈ ਨਾਰੀਆ ਰਿਝਾਉਂਦਾ ॥
ਇਕਨਾ ਨੂੰ ਸਾਈ ਦਿੰਦਾ ਇਕਨਾ ਵਧਾਈ ਕਾਨ
ਜਣੀ ਖਣੀ ਨਾਲ ਨੇਹੁ ਕਾਹੇ ਨੂੰ ਲਗਾਉਂਦਾ ॥੧੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨਾ ਅਖੀ ਡਿਠਾ ਉਨਾ ਕਿਉ ਨਾ ਲਗ ਮਿਠਾ
ਸਾਮ ਡਿਠੇ ਬਾਝੂ ਨਾਰੀ ਨੂੰ ਆਰਾਮ ਨਹੀ ਆਉਂਦਾ ॥
ਦੋਸੁ ਕੇਹਾ ਰੰਨਾ ਚਿਤ ਜਿਨਾ ਦਾ ਲੈ ਭੰਨਾ
ਸਾਰੇ ਜਗ ਵਿਚ ਸਾਵਰੇ ਨੂੰ ਸਭੋ ਕੋਈ ਗਾਉਂਦਾ ॥
ਰਾਜੇ ਰਾਜ ਛਡ ਕੇ ਬਿਭੂਤ ਲਾਇ ਬੈਠੇ
ਸਾਨੂੰ ਆਇਕੇ ਸਲੋਨਾ ਮੁਖ ਕਿਉ ਨਹੀ ਦਿਖਾਉਂਦਾ ॥
ਜੋਗੀ ਅਤੇ ਜੰਗਮ ਸਰੇਵੜਾ ਸੰਨਿਆਸੀ ਬੈਠਾ
ਮੜੀਆ ਤੇ ਮਸਾਣਾ ਵਿੱਚ ਉਸੇ ਨੂੰ ਧਿਆਉਂਦਾ ॥੧੪॥

ਮੁਠੀ ਹਾਵੇ ਮੁਠੀ ਲੋਕਾ ਸਾਵਰੇ ਨੇ ਕੁਠੀ ਆਜਿ
ਚੁਠੀ ਹੋਈ ਕੂਬਰੀ ਨੂੰ ਆਪੇ ਹੈ ਮਨਾਉਂਦਾ ॥
ਸਾਹੁਰੇ ਤੇ ਮਾਪੇ ਮੈ ਤਾ ਛਡ ਆਈ ਆਪੇ
ਅਜੁ ਰਾਧਕੇ ਦੇ ਫਟਾਂ ਉਤੇ ਲੂਣ ਕੇਹਾ ਪਾਉਂਦਾ ॥
ਬੰਸਰੀ ਬਜਾਇ ਰੰਨਾ ਲੈਂਦਾ ਹੈ ਰਿਝਾਇ
ਨਿਤ ਸਾਵਰਾ ਸਲੋਨਾ ਸਿਯਾਮ ਜਗ ਨੂੰ ਹਸਾਉਂਦਾ ॥
ਗੋਪ ਤੇ ਗਵਾਰ ਲੈ ਕੇ ਆਪਣੇ ਹੀ ਯਾਰ ਸਾਰੇ
ਗੁਜਰਾ ਦਾ ਦੁਧੁ ਦਹੀ ਸਾਰੋ ਹੀ ਲੁਟਾਉਂਦਾ ॥੧੫॥

ਸਿਖਿਆ ਕੁਬਾਣੀਆ ਓਹ ਛਡ ਕੇ ਸਵਾਣੀਆ ਨੂੰ
ਕੁਬੀ ਜੇਹੀ ਨਾਰ ਮੁਡ ਗੋਡੇ ਦੇ ਬਹਾਉਂਦਾ ॥
ਜਗ ਦੀ ਛਨਾਰ ਸੋ ਬਨਾਇ ਲਈ ਨਾਰ ਕਾਨ੍ਹ
ਜਾਤ ਦਾ ਅਹੀਰ ਛਡ ਖੀਰ ਸਾਗ ਖਾਉਂਦਾ ॥
ਡਿਠੇ ਡਰ ਆਵੈ ਸੋਈ ਸੀਨੇ ਨਾਲ ਲਾਵੈ ਗੁੰਡੀ
ਜਗ ਨੂੰ ਨ ਭਾਵੈ ਸੋਈ ਰਾਤ ਦਿਨੇ ਗਾਉਂਦਾ ॥
ਕਾਲ ਜੇਹਾ ਹੋਰ ਨਾਹੀ ਦੂਸਰਾ ਕਠੋਰ ਚੋਰ
ਚਿਤ ਨੂੰ ਚੁਰਾਇ ਕੇਹੀ ਬੰਸਰੀ ਬਜਾਉਂਦਾ ॥੧੬॥

ਬਾਸ ਦੀ ਕਮਾਈ ਦੇਖੋ ਬੰਸਰੀ ਬਨਾਈ ਕਾਨ੍ਹ
ਰੀਝ ਰੀਝ ਰਾਤ ਦਿਨੇ ਹੋਠਾ ਨਾਲ ਲਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਹਾ ਪੁੰਨ ਕੀਤਾ ਚੰਗਾ ਨਾਇਕੇ ਨਾ ਆਇਆ ਗੰਗਾ
ਮੋਹਿ ਲੈਂਦਾ ਪੰਛੀਆ ਨੂੰ ਫੂਕ ਕੇ ਬਜਾਉਂਦਾ ॥
ਲੋਕਾਂ ਦੀ ਬਡਾਈ ਜੋ ਮੁਖ ਦਹੀ ਪਾਈ ਰਾਧੇ
ਨਿਤ ਦਾ ਵਿਛੋੜਾ ਸਾਨੂੰ ਮਿਤ ਦਾ ਸੰਤਾਉਂਦਾ ॥
ਜਾਨੀ ਨੇ ਲਗਾਈ ਕਾਨੀ ਕੀਤੀ ਹਾਂ ਦਿਵਾਨੀ ਮੈ ਤਾਂ
ਸੁਫਨੇ ਭੀ ਆਇ ਸਾਮ ਰੂਪ ਨਾ ਦਿਖਾਉਂਦਾ ॥੧੭॥

ਛੁਟੜਾ ਛਨਾਰ ਨਾਲ ਕਰਦਾ ਹੈ ਪਿਆਰ
ਨਾ ਹੀ ਕਾਨ ਦਾ ਇਤਬਾਰ ਸਾਨੂੰ ਰਤੀ ਇਕੁ ਆਉਂਦਾ ॥
ਜੀਉ ਜਿੰਦ ਖਸ ਵਿਚੋਂ ਜਾਂਦਾ ਆਪ ਨਸ
ਸਾਡਾ ਚਲਦਾ ਨਾ ਵਸੁ ਅਗ ਕਖ ਵਿੱਚ ਪਾਉਂਦਾ ॥
ਆਪੇ ਨੇਹੁ ਲਾਇਆ ਆਪੇ ਦਿੰਦਾ ਹੈ ਭੁਲਾਇ
ਚਿਤ ਰੰਨਾ ਦਾ ਚੁਰਾਇ ਨਾਉ ਕਾਨ ਜੀ ਕਹਾਉਂਦਾ ॥
ਕੌਣ ਆਖੇ ਕਾਨ ਕਢ ਲੈਂਦਾ ਵਿਚੋਂ ਜਾਨ
ਫਾਹੀ ਅਖੀਆ ਦੀ ਪਾਇ ਵਾਂਗੁ ਤਿਤਰਾਂ ਫਸਾਂਉਂਦਾ ॥੧੮॥

ਟੇਢੀ ਟੇਢੀ ਪਗ ਧਰੇ ਟੇਢੇ ਹੀ ਉਹ ਨੈਣ ਕਰੇ
ਕਾਲੇ ਜੇਹੇ ਸਪ ਵਾਂਗੁ ਟੇਢਾ ਹੋਇ ਡਰਾਉਂਦਾ ॥
ਟੇਢੀ ਟੇਢੀ ਚਾਲ ਚਲੇ ਤੀਨੋ ਵਲ ਪਾਇ ਹਲੇ
ਟੇਢੀ ਭਵਾ ਨਾਲ ਤੀਰ ਕਸਕੇ ਚਲਾਉਂਦਾ ॥
ਅੰਦ੍ਰ ਬਾਹਰ ਕਾਲਾ ਟੇਢਾ ਰਖਕੇ ਦੁਸਾਲਾ ਸੀਸ
ਟੇਢੀਆ ਈ ਗਲਾ ਨਾਲ ਸਾਡੇ ਚਿਤ ਨੂੰ ਚੁਰਾਉਂਦਾ ॥
ਕੀ ਕਰਾ ਨੀ ਮਾਇ ਚਿਤ ਰਖਿਆ ਨ ਜਾਏ
ਕਾਮਦੇਉ ਦੇ ਸੰਤਾਏ ਮਨ ਵਸ ਨਹੀ ਆਉਂਦਾ ॥੧੯॥

ਡਰੇ ਨ ਡਰਾਇਆ ਦੁਖ ਦਿੰਦਾ ਹੈ ਸਵਾਇਆ
ਨਿਤ ਗੋਪੀਆ ਨੂੰ ਛੇੜ ਛੇੜ ਘੇਰ ਕੇ ਖੁਹਾਉਂਦਾ ॥
ਸਾਵਰੇ ਸਮਾਨ ਨਾਹੀ ਦੂਸਰਾ ਜਹਾਨ ਵਿਚ
ਕਿਸੇ ਦੀ ਕਣੋਡ ਚਿਤ ਵਿਚ ਨ ਧਰਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਪੀਆ ਭੀ ਸਦਕੇ ਜਾਨ ਚਿਤ ਵਿਚ ਵਸੇ ਕਾਨ
ਸਈਯਾ ਦਾ ਦਲਾਲ ਹੈ ਗੁਪਾਲ ਜੀ ਕਹਾਉਂਦਾ ॥
ਆਪ ਹੈ ਅਕਾਲ ਹੋਰ ਸਾਰੋ ਜਗ ਕਾਲ ਵਸ
ਸੋਹਣਾ ਸਜਾਦਾ ਲਾਲ ਸਾਨੂੰ ਅਜ ਭਾਉਂਦਾ ॥੨੦॥

ਦੋਵੈ ਬਾਪ ਦੋਵੈ ਮਾਇ ਕਾਨ ਦੀ ਨਾ ਇਕ ਜਾਇ
ਕੋਈ ਆਖੇ ਦੇਵਕੀ ਜਸੋਧਾ ਦਾ ਕਹਾਉਂਦਾ ॥
ਕੋਈ ਆਖੇ ਬਾਸਦੇਵ ਜਾਇਆ ਹੈ ਖਿਡਾਇਆ ਨੰਦ
ਕੋਈ ਆਖੇ ਨੰਦ ਹੀ ਦਾ ਨੰਦ ਹੈ ਸਦਾਉਂਦਾ ॥
ਸੁੰਦ੍ਰ ਗੰਭੀਰ ਕੋਈ ਜਾਤ ਦਾ ਅਹੀਰੁ ਆਖੇ
ਟੋਲ ਭਾਲ ਹਾਰੇ ਸਾਰੇ ਅੰਤ ਨਹੀ ਆਉਂਦਾ ॥
ਸੋਧਾ ਕੀ ਸੁਣਾਵੈ ਜੈਦਾ ਅੰਤ ਨਹੀ ਆਵੈ
ਸੇਸ ਨਾਗ ਲੈ ਲੈ ਨਏ ਨਾਮ ਰਾਤਿ ਦਿਨੇ ਗਾਉਂਦਾ ॥੨੧॥

ਬਡੇ ਸੀਲਵੰਤ ਜਾਸੋ ਕੂਬਰੀ ਨਾ ਊਬਰੀ ਹੈ
ਕੈਸੋ ਕੁਲਵੰਤ ਜਾਤਪਾਤ ਨਾ ਧਰਾਉਂਦਾ ॥
ਅਰਜਨ ਸੋ ਸਿਧਾਰੀ ਭੈਣ ਸਾਮਣੇ ਨ ਕੀਤੇ ਨੈਣ
ਭਾਬੀ ਦੇ ਭਤਾਰ ਪੰਚ ਰੰਚ ਨਾ ਲਜਾਉਂਦਾ ॥
ਮੇਹਣਾ ਨਾ ਗਾਲ ਕੋਈ ਡਾਢਿਆ ਦੇ ਨਾਲ ਸਹੀਯੋ
ਡਾਢੇ ਨੂੰ ਹਯਾਉ ਸੂਮ ਰਤੀ ਭੀ ਨਾ ਆਉਂਦਾ ॥
ਕੰਸ ਨੂੰ ਪਛਾੜ ਕੇ ਨਾ ਪਛੋਤਾਣਾ ਚਿਤ ਵਿਚ
ਦੇਖੋ ਤੋ ਬੀਚਾਰ ਕੋਈ ਮਾਮੇ ਨੂੰ ਕੁਹਾਉਂਦਾ ॥੨੨॥

ਕੀਰਨੇ ਬ੍ਰਿਲਾਪ ਕਰੇ ਰਾਧੇ ਬੈਠੀ ਆਪ
ਹੋਇ ਕਾਨ ਦਾ ਮਿਲਾਪ ਨਿਤ ਕਾਵਾਂ ਨੂੰ ਉਡਾਉਂਦੀ ॥
ਕੀਤੀ ਹਾਂ ਦਿਵਾਨੀ ਅਜੁ ਸਾਵਰੇ ਗੁਮਾਨੀ
ਛਲਾ ਯਾਰ ਦੀ ਨਿਸਾਨੀ ਦੇਖ ਚਿਤ ਨੂੰ ਵਲਾਉਂਦੀ ॥
ਕਾਨ ਜੇਹੀ ਚਾਲ ਚਲੇ ਹਥੀ ਪੈਰੀ ਪਾਇ ਛਲੇ
ਬੰਸਰੀ ਬਜਾਇ ਸਦ ਸਈਯਾ ਨੂੰ ਸੁਣਾਉਂਦੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤ੍ਰ ਸੁਗੰਧ ਲਾਇ ਕਾਨ ਨੂੰ ਲਿਆ ਰਿਝਾਇ
ਕੂਬਰੀ ਨੇ ਪਾਇਆ ਮਿਤ ਚਿਤ ਮੈ ਬੁਲਾਉਂਦੀ ।।੨੩।।

ਮੇਰੀ ਸੀ ਸੋ ਤੇਰੀ ਹੋਈ ਰਾਧੇ ਦਾ ਨਾ ਜੋਰ ਕੋਈ
ਕਾਨ ਨੂੰ ਲੁਭਾਇ ਸਾਨੂੰ ਮੁਖ ਨਾ ਵਿਖਾਉਂਦੀ ।।
ਕਿਥੋਂ ਸਾਡੇ ਲੇਖ ਨੂੰ ਉਪਾਈ ਮੁਠੀ ਕੂਬਰੀ
ਰੂਪ ਨੂੰ ਸਿੰਗਾਰ ਅਜ ਕਾਨ ਥੋ ਲੁਟਾਉਂਦੀ ।।
ਸੁਰਮੇ ਦੀ ਸਲਾਈ ਪਾਇ ਸਾਮਣੇ ਝਮਕੇ ਲਾਇ
ਸਾਡੇ ਅਜ ਸਾਵਰੇ ਦੇ ਚਿਤ ਨੂੰ ਵਲਾਉਂਦੀ ।।
ਸਾਡੇ ਮੰਦੇ ਭਾਗ ਨੂੰ ਸੁਹਾਗ ਪਾਇਆ ਮਾਲਣੀ ਨੇ
ਰਾਗ ਦਾ ਵਿਰਾਗ ਰਾਧੇ ਰੋਇ ਰੋਇ ਗਾਉਂਦੀ ।।੨੪।।

ਸਿਯਾਮ ਦਾ ਚੁਰਾਇ ਚਿਤ ਆਪਣਾ ਬਣਾਏ ਮਿਤ
ਗੁਝੇ ਗੁਝੇ ਤੀਰ ਗੁਝੀ ਨੈਣਾ ਦੇ ਚਲਾਉਂਦੀ ।।
... ...
... ...
ਮੋਹਣਾ ਨਾ ਤਾਨਾ ਕੋਈ ਕਾਨ ਦਾ ਯਰਾਨਾ ਦੇਖੋ
ਦੇਵਕੀ ਜਸੋਧਾ ਨੂੰ ਉਹ ਲੀਕ ਕੇਹੀ ਲਾਉਂਦੀ ।।
ਨੇਹਿ ਤੇ ਸਨੇਹਿ ਸਹੀਯੋ ਇਕੋ ਜੇਹਾ ਚੰਗਾ ਅਜ
ਨੀਚ ਜਾਤ ਮਾਲਣੀ ਓਹ ਕਉਣ ਸੀ ਕਹਾਉਂਦੀ ।।੨੫।।

ਕਾਨ ਦੀ ਦੁਖਾਈ ਦਿਆ ਕਿਸ ਥੇ ਦੁਹਾਈ ਅਜ
ਉਸੇ ਦੀ ਸਿਖਾਈ ਸਾਨੂੰ ਕੁਬਰੀ ਸੰਤਾਉਦੀ ।।
ਛਡ ਕੇ ਗੁਆਲਣੀ ਮਾਲਣੀ ਦੇ ਨਾਲ ਰਤਾ
ਮਾਲਣੀ ਸੁਗੰਧ ਲਾਇ ਕਾਨ ਨੂੰ ਰੀਝਾਉਂਦੀ ।।
ਮੇਰੇ ਵਸ ਆਵੇ ਰਾਧੇ ਆਖ ਕੇ ਸੁਣਾਵੇ ਸਹੀਯੋ
ਦੰਦਾ ਨਾਲ ਵਢ ਵਢ ਮਾਸ ਸਾਰੋ ਖਾਉਂਦੀ ।।
ਕੰਸ ਦੀ ਅਰਾਇਣੀ ਕਸਾਇਣੀ ਦੀ ਚਾਲ ਦੇਖੋ
ਕਾਨ ਨੂੰ ਉਧਾਲ ਸਾਥੋ ਅਖੀਆ ਚੁਰਾਉਂਦੀ ।।੨੬।।

ਕੂਬਰੀ ਦਾ ਕੁਬ੍ਰ ਭੰਨ ਸੋਹਿਣੀ ਬਨਾਇ ਰੰਨ
ਅੰਨ ਧੰਨ ਲਛਮੀ ਦੀ ਤੋਟ ਨਹੀ ਆਉਂਦੀ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਠੀ ਹਾਵੇ ਮੁਠੀ ਲਾਲ ਸੀਨਾ ਮੇਰਾ ਸਾੜ ਬਾਲ
ਸਾਵਰੇ ਗੁਪਾਲ ਨਾਲ ਯਾਰੀਆ ਕਮਾਉਂਦੀ ॥
ਜਾਤ ਦੀ ਅਰਾਇਣੀ ਕਸਾਇਣੀ ਦੀ ਚਾਲ ਦੇਖੋ
ਹੀਰਾ ਪੰਨਾ ਮੋਤੀ ਲਾਲ ਚੂੰਨੀਯਾ ਹੰਢਾਉਂਦੀ ॥
ਸਾਵਰੇ ਦੀ ਪ੍ਰੀਤ ਸੰਦੀ ਇਕ ਭੀ ਨਾ ਗਲ ਮੰਦੀ
ਪਾਪੀਆ ਪਰਾਧੀਆ ਨੂੰ ਪਾਰ ਹੈ ਲੰਘਾਉਂਦੀ ॥੨੭॥

ਭੀਲਣੀ ਤਰਾਈ ਨੀਚ ਜਾਤ ਬੰਨੇ ਲਾਈ
ਬੇਰ ਚਖ ਕੇ ਲਿਆਈ ਪਿਆਰ ਨਾਲ ਜੋ ਖਵਾਉਂਦੀ ॥
ਮੀਰਾਂਬਾਈ ਤਾਰੀ ਔਰ ਦ੍ਰੋਪਤੀ ਉਧਾਰੀ
ਕਰਮਾਬਾਈ ਦੀ ਪ੍ਰੀਤਿ ਧਾਮ ਸਾਂਮ ਨੂੰ ਬੁਲਾਉਂਦੀ ॥
ਕੂਬਰੀ ਸਮਾਨ ਨ ਕਸੋਹਣੀ ਜਹਾਨ ਵਿੱਚ
ਕੁਬੀ ਜੇਹੀ ਠੇਂਗਣੀ ਸੀ ਜਗ ਨੂੰ ਹਸਾਉਂਦੀ ॥
ਸੋਈ ਅਜ ਕੂਬਰੀ ਸੁਗੰਧ ਲਾਇ ਉਬਰੀ ਹੈ
ਗੋਪਾਲ ਦਾ ਖਿਆਲ ਦੇਖੋ ਸੀਨੇ ਵਿੱਚ ਭਾਉਂਦੀ॥੨੮॥

ਕੀਤਾ ਸੀ ਗੁਮਾਨ ਤਾਹੀ ਨਾਠੇ ਮੈਥੋ ਕਾਨ
ਰਾਧੇ ਹੋਈ ਸੀ ਅਜਾਨ ਏਹੋ ਸਹੀਯਾ ਨੂੰ ਸੁਣਾਉਂਦੀ ॥
ਸਾਵਰੇ ਸੁਜਾਨ ਬਾਝੋਂ ਹੋਈ ਮੈ ਹਰਾਨ ਅਜ
ਉਚੀ ਉਚੀ ਰੋਇ ਰੋਇ ਗੀਤ ਏਹੋ ਗਾਉਂਦੀ ॥
ਆਵੀ ਲਾਲ ਆਵੀ ਸਾਡੇ ਦੇਸ ਨੂੰ ਵਸਾਵੀ
ਮੁਖੁ ਆਪਣਾ ਦਿਖਾਵੀ ਤੈਨੂੰ ਰਾਧਕੇ ਬੁਲਾਉਂਦੀ ॥
ਸੁਞਾ ਕੀਤੋ ਦੇਸ਼ ਹੋਇਆ ਜੋਗੀਆ ਦਾ ਭੇਸੁ
ਖੁਲੇ ਗੋਪੀਆ ਦੇ ਕੇਸ ਸੜੀ ਕੂਬਰੀ ਗੁੰਦਾਉਂਦੀ ॥੨੯॥

ਕੇਹੀ ਤੇਰੀ ਚਾਲ ਲੈਕੇ ਗੋਪੀਆ ਨੂੰ ਨਾਲ
ਵਿਚ ਜੰਗਲ ਦੇ ਜਾਇ ਰਾਸ ਮੰਡਲ ਮਚਾਉਂਦਾ ॥
ਲਾਇਕੇ ਪ੍ਰੀਤ ਪਿਛੋਂ ਕਰਨਾ ਹੈ ਅਨੀਤ
ਤੇਰੀ ਏਹੁ ਕੇਹੀ ਰੀਤਿ ਅਗ ਲਾਇਕੇ ਬੁਝਾਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਝੇ ਨਾ ਬੁਝਾਈ ਨਿਤ ਭੜਕੇ ਸਵਾਈ
ਬ੍ਰਿਹੋਂ ਜਾਤ ਦਾ ਕਸਾਈ ਖਲਾ ਬਾਝੂ ਸੀਨਾ ਤਾਉਂਦਾ ॥
ਕਰਾਂ ਸਿਯਾਮ ਸਿਯਾਮ ਤੇਰੀ ਰਾਧਕੇ ਗੁਲਾਮ
ਦਿਨ ਗਿਆ ਹੋਈ ਸਾਮ ਸਿਯਾਮ ਅਜੇ ਭੀ ਨ ਆਉਂਦਾ ॥੩੦॥

ਕਿਥੇ ਗਇਓਂ ਸਾਮ ਮੇਰਾ ਲੈ ਗਇਓ ਗੁਮਾਨ
ਅਜ ਰਾਧਕੇ ਗੁਲਾਮ ਨੂੰ ਤੂੰ ਕਿਉਂ ਨਹੀਂ ਬੁਲਾਉਂਦਾ ॥
ਵਿਸਰ ਗਈ ਬਾਤ ਜਦੋ ਹੁੰਦੀ ਅਧੀ ਰਾਤ
ਸਾਥੋਂ ਚੋਰੀ ਚੋਰੀ ਆਇ ਬਾਹਾ ਟੁੰਬਕੇ ਜਗਾਉਂਦਾ ॥
ਓਹਾ ਹਾ ਪਿਯਾਰੀ ਬ੍ਰਿਖਭਾਨ ਦੀ ਦੁਲਾਰੀ
ਜੈਨੂੰ ਕੂਬਰੀ ਦੀ ਸਾਰੀ ਪਿਛੇ ਕਾਨ ਜੀ ਸੰਤਾਉਂਦਾ ॥
ਆਵੀ ਲਾਲ ਆਵੀ ਮੁਖ ਆਪਣਾ ਦਿਖਾਵੀ
ਤੈਨੂ ਰਾਧੇ ਦੇ ਦੁਖਾਏ ਜਸ ਹਥ ਨਹੀ ਆਉਂਦਾ ॥੩੧॥

ਬੇਨਤੀ ਕਰੇਦਿਆ ਦੇ ਅਗੇ ਪਿਛੇ ਫਿਰੇ ਕਾਨ
ਦੂਰ ਹੈ ਗੁਮਾਨੀਆ ਦੇ ਨੇੜੇ ਨਹੀ ਆਉਂਦਾ ॥
ਭਗਤਾਂ ਅਧੀਨ ਸਾਮ ਜੇਹਾ ਨਾ ਪ੍ਰਬੀਨ ਕੋਈ
ਦੀਨਾ ਨੂੰ ਨਿਹਾਰ ਮੁਖ ਆਪਣਾ ਦਿਖਾਉਂਦਾ ॥
ਕੀਰਨੇ ਚਿਤਾਰ ਕੇ ਉਰਾਹਨੇ ਵਿਸਾਰ ਸਾਰੇ
ਤਤਕਾਲ ਰਾਧਕੇ ਨੂੰ ਸੀਨੇ ਨਾਲ ਲਾਉਂਦਾ ॥
ਛਾਤੀ ਨਾਲ ਲਾਇ ਦੁਖ ਦਿੰਦਾ ਹੈ ਭੁਲਾਇ ਸਾਰੇ
ਰਾਧੇ ਨੂੰ ਬੁਲਾਇ ਸਾਂਮ ਹੰਝੂ ਆ ਪੁੰਝਾਉਂਦਾ ॥੩੨॥

ਰਾਧੇ ਗਲ ਲਾਇ ਸਾਂਮ ਹੰਝੂ ਆ ਪੁਝਾਇ
ਦੁਖ ਦਏ ਸੂ ਗਵਾਇ ਕਹੇ ਤੇਰੋ ਮੈ ਕਹਾਉਂਦਾ ॥
ਤੇਰਾ ਨਾਉ ਅਗੋ ਦੀ ਤੇ ਮੇਰਾ ਨਾਉ ਪਿਛੋ ਲੈਂਦੇ
ਰਾਧੇ ਕ੍ਰਿਸਨ ਰਾਧੇ ਕ੍ਰਿਸਨ ਸਭੋ ਕੋਈ ਗਾਉਂਦਾ ।
ਰਾਧੇ ਕ੍ਰਿਸਨ ਗਾਵੈ ਸੋਈ ਜੂਨਿ ਮੈ ਨਾ ਆਵੈ
ਸਾਂਮ ਭੈਜਲ ਤਰਾਵੈ ਪ੍ਰੇਮ ਨਾਲ ਜੋ ਧਿਆਉਂਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਸ਼ਨ ਦੇ ਸੁਣਾਏ ਜਸ ਦੁਖ ਸਾਰੇ ਜਾਂਦੇ ਨਸ
ਪ੍ਰੇਮ ਦੇ ਹੋਇ ਵਸ ਸੋਧਾ ਆਖ ਕੇ ਸੁਣਾਉਂਦਾ ॥੩੩॥

ਦੋਹਰਾ

ਸਭ ਤੇ ਉਤਮ ਨਾਮ ਹਰਿ ਕਿਸੀ ਭਾਤ ਕੋਈ ਲੇਇ ॥
ਰੀਝਿ ਖੀਝਿ ਕੋਈ ਜਪੈ ਸਭੁ ਹੀ ਕੋ ਫਲ ਦੇਇ ॥

ਮਿਠੜੇ ਸੰਪੂਰਨੰ ॥੧॥੨॥

●

ਰਸਕ ਰਾਮ

੧

ਸੀਹਰਫੀ ਬੈਂਤ ਕਾਂਨ-ਗੁਜਰੀ ਦੇ

ਅਲਫ ਆਦਿ ਕਰਿ ਯਾਦ ਓਸ ਨੂੰ ਲੰਬੋਦਰ ਸੁਖਦਾਤਾ, ਉਠ ਪ੍ਰਭਾਤਾ ॥
ਪਕਰ ਸਰਨ ਦੁਖ ਹਰਨ ਕਰਨ ਸੁਖ ਲਾਲ ਵਰਨ ਵਖਿਆਤਾ, ਪਰਥਮ ਬਿਧਾਤਾ ॥
ਏਕ ਰਦਨ ਗਜ ਬਦਨ ਸਦਨ ਸੁਤਿ ਮਦਨ ਜੀਤ ਜਗ ਜਾਤਾ, ਮੰਗਲ ਦਾਤਾ ॥
ਰਸਕ ਰਾਮ ਪੁਰ ਕੀਜੋ ਕਿਰਪਾ, ਸਦਾ ਭਵਾਨੀ ਮਾਤਾ, ਮੈਂ ਜਸ ਗਾਤਾ ॥ ੧ ॥

ਅਲਫ ਆਨ ਬ੍ਰਿਖਭਾਨ ਲਾਡਲੀ, ਦਧ ਵੇਚਨੇ ਸਿਧਾਰੀ, ਸਿਰ ਪੁਰ ਧਾਰੀ ॥
ਮਾਰਗ ਮੈ ਮਿਲ ਗਏ ਕਾਂਨ ਜੀ ਮਟਕੀ ਪਕਰ ਉਤਾਰੀ, ਭੂ ਪਰ ਡਾਰੀ ॥
ਦੇ ਜਗਾਤ ਗੋਰਸ ਦਾ ਗੁਜਰੀ ਹੈ ਤੂੰ ਗੋਕਲ ਨਾਰੀ, ਹਮਰੀ ਪਿਆਰੀ ॥
ਰਸਕ ਰਾਮ ਅਰੀ ਨਾ ਕਰ ਝੇੜਾ ਬਨਿ ਬੈਰਨ ਹਿਤਕਾਰੀ, ਅਰਜ ਹਮਾਰੀ ॥ ੧ ॥

ਬੇ ਬਿਜਾਰ ਵੇ ਨਾ ਕਰਿ ਕਾਨ੍ਹਾਂ ਅਜ ਮਥਰਾ ਮੈ ਆਈਆਂ, ਦਿਆਂ ਦੁਹਾਈਆਂ ॥
ਕੰਸ ਰਾਜ ਕੋ ਰਾਜ ਨ ਸੁਝਦਾ ਰੋਕਤ ਨਾਰ ਪਰਾਈਆਂ, ਹੀਰਾਂ ਜਾਈਆਂ ॥
ਕਿਸ ਗੁਜਰ ਦਾ ਹੈ ਤੂੰ ਲਾਡਲਾ ਕਿਉਂ ਕਰਨੈ ਚਤਰਾਈਆਂ, ਔਰ ਦਨਾਈਆਂ ॥
ਰਸਕ ਰਾਮ ਘਰਿ ਨੰਦ ਬਾਵਾ ਦੇ ਰੋਜ ਚਰਾਵੇਂ ਗਾਈਆਂ, ਖਾਇ ਮਲਾਈਆਂ ॥ ੨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਤਕੜੀ ਤੂੰ ਪਰਮ ਸੁੰਦਰੀ ਲੋਕ ਤੇਰੀ ਵਲ ਤੱਕਦਾ, ਆਖ ਨ ਸਕਦਾ ॥
ਮੈ ਗੁਪਾਲ ਬਿੰਦ੍ਰਾਬਨ ਦੇ ਵਿਚਿ ਰੋਜ ਮਲਾਈਆਂ ਚੱਖਦਾ, ਝੂਠ ਨ ਬੱਕਦਾ ॥
ਤੀਨ ਲੋਕ ਵਸ ਮੇਰੀ ਲਾਡਲੀ ਖੌਫ ਕਿਸੇ ਦਾ ਨਾ ਰੱਖਦਾ, ਮੂਲ ਨ ਝੱਕਦਾ ॥
ਰਸਕ ਰਾਮ ਕਿਉ ਕਰੇ ਬੋਲੀਆਂ ਬਨ ਬਨ ਗਊਆਂ ਹੱਕਦਾ, ਮਾਰਿਆ ਨੱਕਦਾ ॥ ੩ ॥

ਸੇ ਸਮਾਲ ਕੇ ਬੋਲ ਕਾਨ੍ਹ ਜੀ ਮੈ ਹਾਂ ਕੰਸ ਕੀ ਦਾਸੀ, ਨਾ ਕਰਿ ਹਾਸੀ ॥
ਜਾਤ ਪਾਤ ਤੁਮਰੀ ਸਭ ਜਾਣਾ ਪੂਜਨ ਕਰਿ ਅਬਿਨਾਸੀ, ਲੋਕ ਲਿਬਾਸੀ ॥
ਪਕੜ ਮੰਗਾਊਂ ਰਾਜ ਕੰਸ ਦੇ ਬਾਤ ਬਣੇ ਅਤਿ ਖਾਸੀ, ਕੌਣ ਛੁਡਾਸੀ ॥
ਰਸਕ ਰਾਮ ਨ ਛੇੜ ਸਾਵਰਾ ਪਊ ਅਚਾਨਕ ਫਾਸੀ, ਤਾਂ ਪਛਤਾਸੀ ॥ ੪ ॥

ਜੀਮ ਚਗਤ ਵਿਚਿ ਪ੍ਰਗਟ ਹੂਆ ਇਕ ਨਾਮ ਕੰਸ ਕੋ ਨਾਰੀ, ਹੈ ਰਜਧਾਰੀ ॥
ਹਮ ਨਹੀ ਜਾਨਾ ਕੌਣ ਕੰਸ ਹੈ ਤੁਝੇ ਭਰੋਸਾ ਭਾਰੀ, ਰਾਧਾਂ ਪਿਆਰੀ ॥
ਹਾਥ ਹਲਾਵੇਂ ਨੈਨਿ ਨਚਾਵੇਂ ਲੋਕ ਲਾਜ ਤੈ ਹਾਰੀ, ਚਾਇ ਵਿਸਾਰੀ ॥
ਰਸਕ ਰਾਮ ਤੁਮ ਗੋਰਸ ਵੇਚੋ ਜੋ ਕੁਲ ਰੀਤ ਤੁਮਾਰੀ, ਕਰ ਇਤਬਾਰੀ ॥ ੫ ॥

ਹੇ ਹਸ ਚਾਕਾ ਕਰੇ ਮਜਾਖਾਂ ਬਾਤ ਨ ਆਖਾਂ ਸਜਦੀ, ਮਾਰੀ ਲਜ ਦੀ ॥
ਗੋਰਸ ਚਾਈ ਗੋਕਲ ਧਾਈ ਬੰਸੀ ਵਜਦੀ, ਬ੍ਰਿਜ ਨੂੰ ਤਜਦੀ ॥
ਰੋਕਤ ਸਈਯਾਂ ਪਕਰਤ ਬਹੀਯਾਂ ਹੋਸ ਨ ਰਹੀਆ ਹਜਦੀ, ਮੁਖੜਾ ਕਜਦੀ ॥
ਗੋਕਲ ਗਾਂਮ ਅਰਾਮ ਕਾਂਮ ਤਜਿ ਰਸਕ ਰਾਮ ਵਲ ਭਜਦੀ, ਖਬਰ ਨ ਚਜ ਦੀ ॥ ੬ ॥

ਖੇ ਖੁਆਰੀ ਤੂੰ ਨਾ ਕਰਿ ਨਾਰੀ ਬਾਤ ਹਮਾਰੀ ਮਾਨੀ, ਸਚੁ ਕਰਿ ਜਾਨੀ ॥
ਜਿਸਤ ਕਲੀ ਕੇ ਜੇਵਰ ਨੇਵਰ ਕਾਂਹੇ ਪਰ ਅਭਿਮਾਨੀ, ਹੋਸ ਨ ਆਨੀ ॥
ਗਲੀ ਗਲੀ ਵਿਚਿ ਗੋਰਸ ਹੋਕਾ ਮਟਕੀ ਸੀਸ ਪੁਰਾਨੀ, ਸ਼ਕਲ ਪਛਾਨੀ ॥
ਰਸਕ ਰਾਮ ਵਸ ਪਈ ਸ਼ਾਮ ਦੇ ਘੁੰਘਟ ਮੈ ਮੁਸਕਾਨੀ, ਕੋਕਿਲ ਬਾਨੀ ॥ ੭ ॥

ਦਾਲ ਦੂਰ ਹੋ ਘੂਰ ਨ ਅੜਿਆ ਲਾਖ ਟਕਾ ਮੂਲ ਪਾਈ, ਗੋਰਸ ਲਿਆਈ ॥
ਪਾਂਚ ਲਾਖ ਕੇ ਭੂਖਨ ਤਨ ਦੇ ਲਖ ਦਈ ਘੜਵਾਈ, ਜੋ ਸਰਿ ਆਈ ॥
ਮੇਰਾ ਬੀਸ ਲਾਖ ਕਾ ਜੋਬਨ ਲੂਟਾ ਲੋਕ ਲਾਜ ਵਡਿਆਈ, ਨਦੀ ਰੁੜਾਈ ॥
ਰਸਕ ਰਾਮ ਇਕ ਕਮਰੀ ਕਾਂਧੇ ਇਕ ਖੂੰਡੀ ਹਥ ਚਾਈ, ਏਹ ਚਤਰਾਈ ॥ ੮ ॥

ਜਾਲ ਜਹਾਨ ਜਾਣਦਾ ਗੁਜਰੀ ਕਾਰੀ ਕਮਰੀ ਵਾਰਾ ਹੈ ਰੰਗ ਕਾਰਾ ॥
ਬਨ ਬਨ ਦੇ ਵਿਚਿ ਧੇਨ ਚਰਾਵੇ, ਨੰਦ ਮਹਿਰ ਦਾ ਪਿਆਰਾਂ, ਬੰਸੀ ਵਾਰਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੈ ਜੇਹੀਆਂ ਦੇ ਮਕਰ ਲਾਡਲੀ ਸਭੀ ਪਛਾਨਣਹਾਰਾ, ਲੈਏ ਨਿਜਾਰਾ ॥
ਰਸਕ ਰਾਮ ਤੂੰਈ ਲੋਕ ਆਖਦੇ ਖਲਕਤ ਕੋ ਰਖਵਾਰਾ, ਮੁਕਤਿ ਦੁਆਰਾ ॥ ੯ ॥

ਰੇ ਰਖ ਯਾਦ ਆਖਦੀ ਤੈਨੂੰ ਕੰਸ ਰਾਜ ਦੀ ਚੇਰੀ ਮਾਰਗ ਘੇਰੀ ॥
ਹੈ ਕਮਜਾਤ ਜਾਤ ਦਾ ਕਾਨ੍ਹਾਂ ਛਡ ਦੇ ਮਟਕੀ ਮੇਰੀ, ਬਾਤ ਚੰਗੇਰੀ ॥
ਮਾਖਨ ਛਾਹਿ ਚੁਰਾਵੇਂ ਖਾਵੇਂ ਕੁਲਾ ਰੀਤ ਹੈ ਤੇਰੀ, ਸੰਝ ਸਵੇਰੀ ॥
ਰਸਕ ਰਾਮ ਮੁਖ ਮੋੜ ਨੰਦ ਕੇ ਜਿਸ ਮੁਖ ਬੰਸੀ ਦੇ ਰੀ, ਨਜਰ ਕਿਉ ਫੇਰੀ ॥ ੧੦ ॥

ਜੇ ਜਰ ਜੇਵਰ ਜਰੀ ਬਾਦਲੇ ਪੈਰ ਪੰਜੇਬਾਂ ਪੜੀਆਂ, ਕਿਸ ਨੇ ਘੜੀਆਂ ॥
ਟੀਕਾ ਬਿੰਦੀ ਸਜੀ ਭਾਲ ਵਿਚ ਅਜਬ ਚੂੰਨੀਆਂ ਜੜੀਆਂ, ਚਮਕਨ ਖੜੀਆਂ ॥
ਚਸਮਾ ਰਸਮਾ ਡਾਹਿ ਮੋਰਚੇ ਆ ਮੈਦਾਨ ਵਿੱਚ ਵੜੀਆਂ, ਸਾਂਗਾਂ ਫੜੀਆਂ ॥
ਰਸਕ ਰਾਮ ਬ੍ਰਿਖਭਾਨ ਸੁਤਾ ਕਿਉ ਕਰੋ ਸਾਂਮ ਸੈ ਅੜੀਆਂ, ਸਖੀਆਂ ਲੜੀਆਂ ॥ ੧੧ ॥

ਸ਼ੀਨ ਸਮਝ ਮੁਖ ਬੋਲੀ ਕਾਨ੍ਹਾਂ ਮੈ ਵਾਕਬ ਤੇਰੀ ਜਾਤ ਦੀ, ਪਹਿਲੀ ਮਾਤ ਦੀ ॥
ਜਨਮ ਲੀਆ ਘਰਿ ਬਾਸਦੇਵ ਦੇ ਖਬਰ ਨ ਓਸ ਰਾਤ ਦੀ, ਪਈ ਝਾਕਦੀ ॥
ਡਰ ਦਿਖਲਾਂਵੇ ਗੁਆਲ ਸਿਖਾਵੇ ਤਾ ਗਤ ਇਸ ਜਮਾਤ ਦੀ, ਲਾਵੇ ਹਾਥ ਦੀ ॥
ਰਸਕ ਰਾਮ ਤੁਝੇ ਕੰਸ ਨ ਸੁਝਦਾ ਖੂਬੀ ਮੁਲਾਕਾਤ ਦੀ, ਹਮਰੇ ਤਾਤ ਦੀ ॥ ੧੨ ॥

ਸ਼ੀਨ ਸ਼ੌਕ ਵਸ ਪਈ ਜਟੇਟੀ ਕਿਸ ਨੈ ਮਕਰ ਸਿਖਾਲੇ, ਡਿਠੇ ਭਾਲੇ ॥
ਦਿਲ ਤੇਰੇ ਵਿੱਚ ਲਟਕ ਸ਼ਾਂਮ ਦੀ ਬਾਹਰਿ ਸੁਖਨ ਨਿਰਾਲੇ, ਕੌਣ ਸਮਾਲੇ ॥
ਜੋਬਨ ਦਾਨ ਆਨ ਦੇ ਸੁੰਦਰ ਛਡਦੇ ਉਲਟੇ ਚਾਲੇ, ਦਹੀ ਉਠਾ ਲੇ ॥
ਰਸਕ ਰਾਮ ਤੈਂ ਜੇਹੇ ਲਾਡਲੀ ਕਈ ਕੀਏ ਮਤਵਾਲੇ, ਬੰਸੀ ਵਾਲੇ ॥ ੧੩ ॥

ਸਵਾਦ ਸਹੂਰ ਦੂਰ ਕਰਿ ਸਾਚਾ ਤਕਨੈ ਨਾਰ ਪਰਾਈ, ਲਾਜ ਨ ਆਈ ॥
ਮੈ ਕਾਨਾ ਬ੍ਰਿਖਭਾਨ ਨੰਦਨੀ ਸਿਰ ਪੁਰ ਮਟਕੀ ਚਾਈ, ਗੋਰਸ ਲਿਆਈ ॥
ਕੁੰਜ ਗਲੀ ਵਿੱਚ ਰੋਕੇ ਟੋਕੇ ਨਈ ਜਗਾਤ ਠਰਾਈ, ਕਰਿ ਲੰਗਰਾਈ ॥
ਰਸਕ ਰਾਮ ਮੈ ਜਾਇ ਪੁਕਾਰਾਂ ਬਿਸ਼ਰ ਜਾਊ ਠਕਰਾਈ, ਸਭੀ ਦਨਾਈ ॥ ੧੪ ॥

ਜਵਾਦ ਜਹੂਰ ਜਗਤ ਵਿਚ ਜਾਹਿਰ ਹਮਰੀ ਲਾਜ ਪਛਾਨੀ, ਸਭ ਮਨ ਮਾਨੀ ॥
ਸਿਰ ਧਰ ਮਟਕੀ ਫਿਰੇ ਕੂਕਦੀ ਹੋਈ ਮਰਜ ਖਪਤਾਨੀ, ਰੋਸ ਭੁਲਾਨੀ ॥
ਬਡੀ ਲਾਜ ਤੁਮਰੇ ਘਰ ਨਾਰੀ ਬੋਲੇ ਸੁਖਨ ਜਬਾਨੀ, ਮਤ ਬਹੁਰਾਨੀ ॥
ਰਸਕ ਰਾਮ ਮੈ ਸਭ ਕੁਛ ਜਾਣਾ ਜੋ ਤੁਮਰੀ ਰਜਧਾਨੀ, ਰਾਜ ਨਿਸਾਨੀ ॥ ੧੫ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਇਤ ਰਸ ਕੁਝ ਕਰ ਵੇ ਅੜਿਆ ਨੰਦ ਮਹਰ ਦੇ ਪਾਲੀ, ਫੜੀ ਕੁਚਾਲੀ ॥
ਮੋਰ ਪੰਖ ਕੇ ਭੂਖਨ ਧਾਰੇ ਮੋਢੇ ਕਮਰੀ ਕਾਲੀ, ਹਮਨੇ ਭਾਲੀ ॥
ਮੈ ਜੇਹੀਆਂ ਘਰ ਬਹੁਤ ਨੰਦ ਦਿਆ ਬੈਠ ਕਦਮ ਕੀ ਡਾਲੀ, ਨਾ ਦੇ ਗਾਲੀ ॥
ਰਸਕ ਰਾਮ ਹਥ ਪਕਰ ਬੰਸਰੀ ਬਨੇ ਬ੍ਰਿਜ ਕੇ ਵਾਲੀ, ਦਾਨ ਸੁਆਲੀ ॥੧੬॥

ਜੋਇ ਜੁਵਾ ਜੋਬਨ ਵਿਚਿ ਮਸਤੀ ਨੈਨ ਮਿਰਗ ਮਸਤਾਨੇ, ਰਹਿਣ ਦਿਵਾਨੇ ॥
ਨਖਸ ਨਿਗਾਰ ਸਿੰਗਾਰ ਸਾਜ ਕੈ ਚਲਿ ਆਈ ਬਰਸਾਨੇ, ਸਭ ਕੋਈ ਜਾਨੇ ॥
ਆਜ ਹਮਾਰੇ ਵਸੋ ਲਾਡਲੀ ਝਗੜੇ ਛੋਡ ਪੁਰਾਨੇ, ਕਹਾਂ ਜ਼ਬਾਨੇ ॥
ਰਸਕ ਰਾਮ ਘਰਿ ਨੰਦ ਬਾਵਾ ਦੇ ਸਭ ਕੁਛ ਮਾਲ ਖਜਾਨੇ, ਦੌਲਤ ਖਾਨੇ ॥੧੭॥

ਐਨ ਅਕਲ ਦਾ ਚਤਰ ਕਹਾਵੇਂ ਡੁਬੀ ਅਕਲ ਤੁਮਾਰੀ, ਚੜੀ ਖੁਮਾਰੀ ॥
ਗੋਪ ਸਭਾ ਵਿਚ ਬੈਠ ਨੰਦ ਦਿਆ ਗਈ ਹੋਸ ਸਭ ਮਾਰੀ, ਸੁਰਤ ਵਿਸਾਰੀ ॥
ਸੁਖਨ ਸਵਾਲ ਸਮਾਲ ਆਖ ਤੂੰ ਮੈ ਬ੍ਰਿਖਭਾਨ ਦੁਲਾਰੀ, ਰਾਜ ਕੁਮਾਰੀ ॥
ਰਸਕ ਰਾਮ ਦੁਖ ਜਾਪੇ ਆਪੇ ਮਾਰ ਪਊ ਅਤਿ ਭਾਰੀ, ਕੌਣ ਨਿਵਾਰੀ ॥੧੮॥

ਗੈਨ ਗਾਂਉ ਗੋਕਲ ਵਿਚ ਨਾਰੀ ਨਾ ਕੋਈ ਤੇਰੀ ਸਾਨੀ, ਅਕਲ ਸਿਆਨੀ ॥
ਹੈ ਬੇਟੀ ਬ੍ਰਿਖਭਾਨ ਸੁੰਦਰੀ ਤੂੰ ਹਮਰੇ ਮਨਮਾਨੀ, ਚਤਰ ਪਛਾਨੀ ॥
ਹਸ ਕਰਿ ਦਾਨ ਮਾਨ ਨਹੀ ਕੀਜੈ ਭਰ ਜੋਬਨ ਮਸਤਾਨੀ, ਬ੍ਰਿਹੁ ਭੁਲਾਨੀ ॥
ਰਸਕ ਰਾਮ ਤੈ ਜੋਰ ਕੰਸ ਦਾ ਚਾੜ ਲਿਆ ਰਜਧਾਨੀ, ਜੋ ਦਿਲ ਆਨੀ ॥੧੯॥

ਫੇ ਫਸਾਦ ਵੇ ਨਾ ਕਰਿ ਕਾਨਾਂ ਮੈਂ ਹਾਂ ਤੁਮਰੀ ਬਰਦੀ, ਅਰਜਾਂ ਕਰਦੀ ॥
ਬ੍ਰਿਹੋ ਕਸਾਈ ਹੋਸ ਗਵਾਈ ਲੋਕ ਲਾਜ ਥੀ ਡਰਦੀ, ਨਾ ਕੋਈ ਦਰਦੀ ॥
ਹੁਣ ਤੋਂ ਅਕੇਲੀ ਕੋਈ ਨਾਂ ਬੇਲੀ ਸੰਗ ਸਹੇਲੀ ਘਰ ਦੀ, ਹਾਸਲ ਭਰਦੀ ॥
ਰਸਕ ਰਾਮ ਘਰਿ ਜਾਣ ਦੇ ਸਾਂਮਾ ਸੁਖਨ ਅਜੇਹੇ ਜਰਦੀ, ਰਹਿਦੀ ਟਰਦੀ ॥੨੦॥

ਕਾਫ਼ ਕਮਰ ਕੱਸੋ ਅਜ ਵੱਸੋ ਹਸੋ ਕਰੋ ਬਹਾਰਾਂ, ਜਿਤਨੀਆਂ ਨਾਰਾਂ ॥
ਜੇ ਘਰਿ ਹੋਵੇ ਨੰਦ ਲਾਲ ਦੇ ਖਿਜਮਤ ਕਰਨ ਹਜਾਰਾਂ, ਬੇਸੁਮਾਰਾਂ ॥
ਲਾਜ ਜਹਾਨ ਤਿਆਗ ਲਾਡਲੀ ਹੋਕਾ ਦੇਇ ਬਜਾਰਾਂ, ਵਿਚਿ ਦਰਬਾਰਾਂ ॥
ਰਸਕ ਰਾਮ ਬਿੰਦ੍ਰਾਬਨ ਦੇ ਵਿਚਿ ਤੈ ਜੇਹੀਆਂ ਮੁਟਿਆਰਾਂ, ਰਹਿਨ ਘਰਬਾਰਾਂ ॥੨੧॥

ਕਾਫ ਕੌਣ ਜਾਤਾ ਵੇ ਚਾਕਾ ਸਾਠ ਸਹੇਲੀ ਮੇਰੀ, ਸੋ ਤੁਮ ਘੇਰੀ ॥
ਪਕਰ ਅੰਚਰਾ ਰੋਕ ਖਲੋਨੈ ਆਈ ਸ਼ਾਮਤ ਤੇਰੀ, ਕਿਨ ਬੁਧ ਫੇਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲ ਕੁਬੋਲ ਨਾ ਬੋਲ ਸਾਵਰਾ ਨਾ ਕਰਿ ਐਡ ਦਲੇਰੀ, ਸੰਝ ਸਵੇਰੀ ॥
ਰਸਕ ਰਾਮ ਬ੍ਰਿਖਭਾਨ ਸੁੰਦਰੀ ਕੰਸ ਰਾਜ ਦੀ ਚੇਰੀ, ਜਾਣ ਚੰਗੇਰੀ ॥੨੨॥

ਲਾਮ ਲਟਕਾ ਲਗ ਰਹੀ ਸ਼ਾਮ ਦੀ ਕਟਕ ਸਹੀਯਾਂ ਸੰਗ ਲਿਆਈ ਚੜਕੇ ਧਾਈ ॥
ਝੂਠ ਜਬਾਨ ਤੁਫਾਨ ਤੋਲਦੀ ਘਰ ਦੀ ਖਬਰ ਨਾ ਕਾਈ, ਕਿਆ ਅਸਨਾਈ ॥
ਬਿਨ ਛੇੜੇ ਉਠ ਕਰੇ ਬਖੇੜੇ ਝੇੜੇ ਮੁਖਤ ਵਧਾਈ, ਕਿਨ ਭਰਮਾਈ ॥
ਰਸਕ ਰਾਮ ਬਿਨ ਦਾਨ ਬਾਵਰੀ ਲਾਖ ਕਰੋ ਚਤਰਾਈ, ਜਾਣ ਨ ਪਾਈ ॥੨੩॥

ਮੀਮ ਮੇਹਰ ਵੇ ਕਰੀ ਬਾਵਰਾ ਕੌਣ ਦਾਨ ਅਧਿਕਾਰੀ ਹੈ ਬ੍ਰਹਮਚਾਰੀ ॥
ਰਿਖੀਅਨ ਕਾਮ ਦਾਨ ਹੈ ਲੇਨਾ ਤੁਮ ਅਹੀਰ ਬਨਵਾਰੀ, ਸੁਰਤ ਵਿਸਾਰੀ ॥
ਸਵਾ ਲਖ ਧੇਨ ਨੰਦ ਬਾਵਾ ਕੇ ਕਿਆ ਤੁਮ ਅਕਲ ਵਿਚਾਰੀ, ਹੋਸ ਗੁਜਾਰੀ ॥
ਰਸਕ ਰਾਮ ਅਬ ਬਨੇ ਜਗਾਤੀ ਮਟਕੀ ਪਕਰ ਉਤਾਰੀ, ਲਟਕੀ ਮਾਰੀ ॥੨੪॥

ਨੂੰਨ ਨਾਮ ਨਾਰਾਇਣ ਹਮਰਾ ਤੀਨ ਲੋਕ ਵਸ ਮੇਰੇ, ਰਹਣ ਚੁਫੇਰੇ ॥
ਬ੍ਰਹਮਾ ਸਿਵ ਸਨਕਾਦਿਕ ਨਾਰਦ ਪੂਜਨ ਪਾਂਉ ਬਤੇਰੇ ਹੋਰ ਘਨੇਰੇ ॥
ਜੇਕੋ ਦਾਨ ਕਰਤ ਇਸ ਜਗ ਮੈ ਕ੍ਰਿਸਨ ਨਾਮ ਕੋ ਹੇਰੇ, ਅੰਜਲੀ ਕੇਰੇ ॥
ਰਸਕ ਰਾਮ ਤੁਮ ਸਾਰ ਨ ਜਾਨੀ ਨੇਕ ਨਸੀਬ ਭਲੇਰੇ, ਗੁਜਰੀ ਤੇਰੇ ॥੨੫॥

ਵਾਉ ਵਿਸਾਰ ਕਾਂਨ ਜੀ ਬਾਤਾਂ ਦਾਨ ਲੀਆ ਜੇ ਚਾਂਵੇ, ਮਨ ਕੋ ਭਾਵੇਂ ॥
ਗਾਇ ਬਜਾਇ ਰਿਝਾਇ ਦਾਨ ਲੈ ਜੋਰ ਸਾਥ ਹਥ ਪਾਵੇਂ, ਨਾ ਕਨਿਆਵੇਂ ॥
ਮਾਂਗਤ ਛਾਛ ਅਹੀਰ ਛੋਕਰਾ ਪ੍ਰੇਮ ਪ੍ਰੀਤ ਉਪਜਾਵੇਂ, ਰਾਗ ਸੁਣਾਵੇਂ ॥
ਰਸਕ ਰਾਮ ਦਧ ਦੇਤ ਸੁੰਦਰੀ ਜੋ ਚਾਹੇਂ ਸੋ ਖਾਵੇਂ, ਸੁਖ ਦਿਲ ਲਾਵੇਂ ॥੨੬॥

ਹੇ ਹਰਿ ਭਜਨ ਕਰਨ ਨਿਸ ਬਾਸਰ ਬਡੇ ਬਡੇ ਬ੍ਰਹਮਚਾਰੀ, ਭੇਸਾਧਾਰੀ ॥
ਸਨਕਾਦਿਕ ਬ੍ਰਹਮਾਦਿਕ ਸਿਮਰੇ ਸਿਵ ਸੁਰ ਇੰਦ੍ਰ ਉਤਾਰੀ, ਨਾਮ ਮੁਰਾਰੀ ॥
ਬਨ ਬਨ ਫਿਰਤ ਪਾਰ ਨਹੀਂ ਪਾਵਤ ਰਟਤ ਨਾਮ ਗਿਰਧਾਰੀ, ਬੇਸੁਮਾਰੀ ॥
ਰਸਕ ਰਾਮ ਸੋ ਛਾਛ ਕਾਰਨੇ ਨਾਚਤ ਹੈ ਬਨਵਾਰੀ, ਪ੍ਰੇਮ ਵਿਚਾਰੀ ॥੨੭॥

ਲਾਮ ਲਾਲ ਗੋਪਾਲ ਪ੍ਰੇਮ ਵਸਿ ਹਸ ਹਸ ਨਿਰਤ ਦਿਖਾਵੈ, ਗਾਇ ਸੁਣਾਵੈ ॥
ਲੈ ਆਗੇ ਦਧ ਧਰਿਓ ਰਾਧਕੇ ਲਹੋ ਕਾਂਨ ਜੋਊ ਭਾਵੈ, ਜੋ ਦਿਲ ਆਵੈ ॥
ਸਸ ਸੁਰੇਸ ਮਹੇਸ ਸਾਰਦਾ ਨਾਰਦ ਬੈਨ ਬਜਾਵੈ, ਪਾਰ ਨਾ ਪਾਵੈ ॥
ਰਸਕ ਰਾਮ ਅਹੀਰ ਛੋਕਰੀ ਛੂਛੀਆ ਭਰ ਛਾਛ ਦਿਖਲਾਵੈ, ਨਾਚ ਨਚਾਵੈ ॥੨੮॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲਫ ਆਦਿ ਤਹਾਂ ਰਚੀ ਗੋਪੀਆਂ ਰਾਸ ਮੰਡਲ ਉਪਬਨ ਵਿਚਿ,ਸੈਰ ਚਮਨ ਵਿਚਿ ॥
ਹਾਰ ਸਿੰਗਾਰ ਸਵਾਰ ਰਾਧਕੇ ਸੂਰਜ ਜੋਤ ਬਦਨ ਵਿਚਿ, ਬਿਜਲੀ ਘਨ ਵਿਚਿ ॥
ਕਰਨ ਕਲੋਲ ਡੋਲ ਨ੍ਰਿਤਕਾਰੀ ਪਤੀ ਵਿਚਾਰਨ ਮਨ ਵਿਚਿ, ਅਪਨੇ ਤਨ ਵਿਚਿ ॥
ਰਸਕ ਰਾਮ ਆਰਾਮ ਕਾਮ ਤਜਿ ਸਭ ਸੁਖ ਦੇਸ ਵਤਨ ਵਿਚਿ, ਬਿੰਦ੍ਰਾਬਨ ਵਿਚਿ ॥੨੯॥

ਯੇ ਯਦੁਪਤਿ ਕਰ ਪਕਰ ਬੰਸਰੀ ਪ੍ਰੇਮ ਸਹਿਤ ਮੁਖ ਲਾਈ, ਚਾਇ ਬਜਾਈ ॥
ਅਪਨੇ ਵਸ ਕਰ ਲਈ ਰਾਧਕੇ ਪ੍ਰੇਮ ਪ੍ਰੀਤ ਉਪਜਾਈ, ਹੋਸ ਭੁਲਾਈ ॥
ਸੋ ਬ੍ਰਿਜ ਲਾਲ ਪ੍ਰੇਮ ਕੇ ਭੂਖੇ ਕਰੋ ਪ੍ਰੇਮ ਮਨ ਲਾਈ, ਹੋਇ ਸਹਾਈ ॥
ਡੇਹਰੇ ਸਹਿਰ ਦਾਨ ਕੀ ਲੀਹਲਾ ਰਸਕ ਰਾਮ ਬਤਲਾਈ, ਆਖ ਸੁਣਾਈ ॥੩੦॥

੨

ਬਾਰਾਂਮਾਹ ਬੈਂਤ ਚਬੋਲੇ ਕ੍ਰਿਸ਼ਨ ਜੀ ਦੇ

ਚਬੋਲਾ

ਏਕ ਚਬੋਲਾ ਮੈ ਕਹੋ ਕਾਲੀਂ ਦੇ ਦਰਬਾਰ ॥
ਦੂਰੋਂ ਦੂਰੋਂ ਚਲ ਆਂਵਦੇ ਬੋਲਨਿ ਜੈ ਜੈ ਕਾਰ ॥
ਬੋਲਨਿ ਜੈ ਜੈ ਕਾਰ ਕਾਲਕਾ ਤੁਮਰੀ ਜੋਤਿ ਸਵਾਈ ॥
ਸਵ ਵਾਹਿਨ ਤ੍ਰਿਸੂਲ ਹਾਥ ਮੈਂ ਦੰਤ ਮਾਰਨੇ ਧਾਈ ॥
ਚੌਸਠ ਜੋਗਨਿ ਸੰਗ ਬਿਰਾਜੇ ਰੁੰਡ ਮਾਲ ਗਲ ਪਾਈ ॥
ਖੁਲੇ ਵਾਲ ਕਾਲ ਕੇ ਸਮ ਬਿਕ੍ਰਾਲ ਰੂਪ ਹੋ ਆਈ ॥
ਅਸਰ ਸਿੰਘਾਰੇ ਕਾਲੀ ਬਾਂਕਿਆਂ ਭੌਣਾ ਵਾਲੀ ॥
ਲੈ ਭੈਰੋਂ ਅਗਵਾਨ ਰਾਮ ਮਨ ਹੋਈ ਕੁਸਾਲੀ ॥
ਤਾ ਥਈ ਤਾ ਥਈ ਤਾਰੇ ਦੇਵੀ ਕੇ ਸਵਰ ਸਜਾ ॥੧॥

ਚੇਤ ਚਿਤ ਨਹੋ ਦੇਖ ਪਿਆਰੇ ਕਲਯੁਗ ਰੀਤ ਚਲਾਈ, ਫੇਰੀ ਪਾਈ ॥
ਚੁਗਲ ਚੋਰ ਹੈ ਬਡੇ ਜਗਤ ਵਿਚ ਭਲਿਓ ਕੀ ਭਲਿਆਈ, ਸਭੀ ਗਵਾਈ ॥
ਬੋਲੇ ਝੂਠ ਜੋ ਕਰੇ ਕੁਸਾਂਮਤ ਉਸਨੂੰ ਮਿਲੇ ਦਨਾਈ, ਸਾਹਿਬ ਭਾਈ ॥
ਕਲਯੁਗ ਘੋਰ ਰਾਮ ਜੀ ਆਯਾ ਉਲਟੀ ਨਹਿਰ ਵਗਾਈ, ਫਰਕ ਨ ਰਾਈ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਚੇਤ ਚਿਤ ਨਹੋ ਦੇਖੀਏ ਸਮਾ ਪਲਟਿਓ ਆਨ ॥
ਚੁਗਲ ਚੋਰ ਹੈ ਚੌਧਰੀ ਕਲਯੁਗ ਰੀਤ ਪਛਾਨ ॥
ਕਲਯੁਗ ਰੀਤ ਪਛਾਨ ਸਮੇ ਕੇ ਪਲਟੇ ਭਾਗ ਨਿਆਰੇ ॥
ਹਿਰਫਤ ਦਗਾ ਬਖੀਲੀ ਵਧਿ ਗਈ ਬੁਰਾ ਕਮਾਵਨ ਹਾਰੇ ॥
ਪਿਤਾ ਪੂਤ ਕਾ ਝਗੜਾ ਵਧਿਓ ਪਲਟੇ ਧਰਮ ਦੁਆਰੇ ॥
ਏਕ ਨਾਮ ਇਸਥਿਤ ਗੁਪਾਲ ਕੋ ਖਲਕਤਿ ਖੜੀ ਪੁਕਾਰੇ ।
ਕਲਯੁਗ ਪਹਿਰਾ ਆਇਆ ਯਾਰੋ ਸਭ ਕੇ ਮਨ ਭਾਇਆ
ਰਸਕ ਰਾਮ ਗੋਪਾਲ ਮੀਤ ਹਮਰੇ ਮਨ ਭਾਇਆ ਤਾ ॥੩॥

ਵਿਸਾਖ ਵਸਿ ਭਾਵੀ ਕੇ ਖਲਕਤਿ ਈਸਰ ਕੀ ਗਤਿ ਨਿਯਾਰੀ, ਟਰੇ ਨ ਟਾਰੀ ॥
ਭਾਵੀ ਬਡੇ ਬਡੇ ਵਸਿ ਕੀਨੇ ਰਾਵਨ ਜੇਹੇ ਹੰਕਾਰੀ, ਲੰਕ ਉਜਾਰੀ ॥
ਛਪਨਕੋਦ ਜਾਦਵ ਸਭਿ ਮੂਏ ਆਪਸ ਮੈ ਬਲਕਾਰੀ, ਕਹਾਂ ਉਚਾਰੀ ॥
ਜਪੋ ਗੁਪਾਲ ਰਾਮ ਜੀ! ਨਿਸਦਿਨ ਜਿਸਕੋ ਸਰਮ ਤਿਹਾਰੀ, ਕਰ ਇਤਬਾਰੀ ॥੪॥

ਚਬੋਲਾ

ਵਿਸਾਖ ਵਸਿ ਭਾਵੀ ਕੀਏ ਬਡੇ ਬਡੇ ਬਲਵਾਨ ॥
ਪ੍ਰਹਿਲਾਦ ਭਗਤਿ ਕੇ ਕਾਰਨੇ ਖੇਲ ਕੀਆ ਭਗਵਾਨ ॥
ਖੇਲ ਕੀਆ ਭਗਵਾਨ ਹਰਨਾਖਸ ਦੰਤ ਉਪਾਜਾ ॥
ਤਿਸਕੋ ਪੂਤ ਪਹਲਾਦ ਭਗਤਿ ਕੋ ਆਪ ਪਿਤਾ ਫੁਰਮਾਯਾ ॥
ਰਾਮ ਨਾਮ ਤੁਮ ਛੋਡਹੁ ਬੇਟਾ ਮਾਰਨ ਕੋ ਚਿਤ ਚਾਯਾ ॥
ਥੰਭ ਫੋੜ ਗੋਪਾਲ ਭਗਤਿ ਹਿਤ ਨਰਸਿੰਘ ਰੂਪ ਦਿਖਾਯਾ ॥
ਭਾਵੀ ਖੇਲ ਕਰਾਵੈ ਅਸਰ ਕੋ ਮਾਰ ਗਿਰਾਵੈ ॥
ਰਸਕ ਰਾਮ ਗੋਪਾਲ ਮੀਤ ਹਮਰੇ ਮਨ ਭਾਵੈ ਤਾ ॥੫॥

ਜੇਠ ਜੋਰ ਤਜਿ ਪਕੜ ਹਲੀਮੀ ਤਾ ਵਸਿ ਹੋਨਿ ਗੁਪਾਲਾ, ਦੀਨ ਦਇਆਲਾ ॥
ਬਡੇ ਜੋਰ ਵਿਚ ਕੈਰਵ ਕਹੀਏ ਪਾਂਡਵ ਕੇ ਨੰਦ ਲਾਲਾ, ਹੈ ਰਛਪਾਲਾ ॥
ਕੀਨੀ ਨਗਨਿ ਦ੍ਰੋਪਤੀ ਦੁਸਟਨਿ ਕ੍ਰਿਸਨ ਕ੍ਰਿਸਨ ਮੁਖ ਜਾਲਾ, ਬੰਸੀਵਾਲਾ ॥
ਚੀਰ ਦੀਏ ਗੋਪਾਲ ਰਾਮ ਜੀ ਗਊਅਨਿ ਕੋ ਰਖਵਾਲਾ, ਕਰੇ ਪ੍ਰਿਤਪਾਲਾ ॥੬॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਜੇਠ ਜਰ ਕੌਰਵ ਕੀਆ ਮਹਾਭਾਰਥ ਸਮਿਆਨ ॥
ਅਰਜਨ ਕੇ ਭਏ ਸੂਾਰਥੀ ਆਪ ਕ੍ਰਿਸਨ ਮੇਹਰਵਾਨ ॥
ਆਪ ਕ੍ਰਿਸਨ ਮੇਹਰਵਾਨ ਭਗਤਿ ਕੋ ਯੁਧ ਸਮੈ ਬਲ ਦੀਨਾ ॥
ਕੌਰਵ ਮਾਰ ਗਰਦ ਕਰਿ ਦੀਨੇ ਰਾਜ ਖੋਸ ਸਭ ਲੀਨਾ ॥
ਰਾਜ ਤਿਲਕ ਯੁਧਿਸਟਰ ਪਾਯਾ ਦੇਸ ਮੁਲਖ ਸਭ ਛੀਨਾ ॥
ਕੀਨੀ ਭਗਤਿ ਪ੍ਰੇਮ ਵਿਚ ਜਿਸਨੈ ਤਿਨ ਗੁਪਾਲ ਵਸਿ ਕੀਨਾ ॥
ਉਹ ਪੂਰਨ ਅਬਿਨਾਸੀ ਪ੍ਰੇਮ ਕੀ ਗਰ ਮੈ ਫਾਸੀ ॥
ਰਸਕ ਰਾਮ ਗੋਪਾਲ ਮੀਤ ਹਮਰੋ ਘਟ ਵਾਸੀ ਤਾ ॥੭॥

ਹਾੜ ਹਰਖ ਨਹੀ ਸੋਗ ਉਸੀ ਕੋ ਜਾਂ ਕੇ ਨਿਕਟ ਮੁਰਾਰੀ, ਖੇਲ ਖਿਲਾਰੀ ॥
ਹਰ ਦਮ ਨਿਕਟ ਰਹਿਨ ਨੰਦ ਨੰਦਨ ਭਗਤਨਿ ਕੇ ਹਿਤਕਾਰੀ, ਪ੍ਰੀਤ ਪਿਆਰੀ ॥
ਥਕੀ ਦੰਤ ਏਕ ਸਮੈ ਪ੍ਰਗਟਿਓ ਲੈ ਗਜੋ ਪ੍ਰਿਥਵੀ ਸਾਰੀ, ਬਲ ਕਰਿ ਭਾਰੀ ॥
ਭਏ ਅਵਤਾਰ ਗੁਪਾਲ ਰਾਮ ਜੀ ਪਲ ਮੈ ਏਹ ਪਸਾਰੀ, ਪਰਉਪਕਾਰੀ ॥੮॥

ਚਬੋਲਾ

ਹਾੜ ਹਰਖ ਮਨ ਮੈ ਭਯੋ ਧਰਿਓ ਰੂਪ ਵੈਰਾਹਿ ॥
ਥਕੀ ਦੰਤ ਕੋ ਮਾਰ ਕੈ ਪ੍ਰਿਥਵੀ ਲਈ ਛੁਡਾਇ ॥
ਪ੍ਰਿਥਵੀ ਲਈ ਛੁਡਾਇ ਕ੍ਰਿਸਨ ਵੈਰਾਹਿ ਰੂਪ ਕੋ ਧਾਰਾ ॥
ਸਾਤ ਸਮੁੰਦ੍ਰ ਖੋਜ ਕਰਿ ਪਾਇਓ ਪਕਰ ਦੰਤ ਕੋ ਮਾਰਾ ॥
ਭਏ ਕ੍ਰਿਪਾਲ ਲਾਲ ਨੰਦਨ ਪ੍ਰਿਥਵੀ ਕੋ ਭਾਰ ਉਤਾਰਾ ॥
ਜਿਨ ਸਿਮਰਿਓ ਗੋਪਾਲ ਭਗਤਿ ਹਿਤ ਸੋ ਬੈਕੁੰਠ ਸਿਧਾਰਾ ॥
ਅਟਲ ਸਿੰਘਾਸਨ ਕੀਨਾ ਪਰਜਾ ਕੋ ਸੁਖ ਦੀਨਾ ॥
ਰਸਕ ਰਾਮ ਗੋਪਾਲ ਮੀਤ ਹਮਰੋ ਮਨ ਲੀਨਾ ਤਾ ॥੯॥

ਸਾਵਣ ਸਰਮ ਪਵੇ ਤਬ ਉਸਨੂੰ ਅਸਰ ਦੇਨਿ ਦੁਖ ਭਾਰੇ, ਖਲਕ ਪੁਕਾਰੇ ॥
ਏਕ ਵਾਰ ਨਿਕਸੈ ਮਨ ਮੋਹਨ ਕੋਟਿ ਪਾਪ ਹੈ ਭਾਰੇ, ਦੂਰ ਸਿਧਾਰੇ ॥
ਬਲ ਕੇ ਸਮੇ ਰਾਜ ਗਜ ਹਸਤੀ ਕਬੀ ਨ ਬਦਨ ਨਿਕਾਰੇ, ਬੰਸੀ ਵਾਰੇ ॥
ਪਕਰੇ ਰਾਮ ਨਾਮ ਜੀ ਨਿਸਦਿਨ ਤਾ ਗੁਪਾਲ ਬਲ ਧਾਰੇ, ਕਸਟ ਨਿਵਾਰੇ ॥੧੦॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਸਾਵਣ ਸਰਮ ਭਈ ਉਸੇ ਭੀੜ ਬਣੀ ਗਜ ਰਾਜ ॥
ਕ੍ਰਿਸਨ ਕ੍ਰਿਸਨ ਮੁਖ ਸੋ ਕਹਿਓ ਰਾਖ ਭਗਤਿ ਕੀ ਲਾਜ ॥
ਰਾਖ ਭਗਤਿ ਕੀ ਲਾਜ ਕਾਜ ਹਸਤੀ ਕੇ ਬਿਲਮ ਨ ਕੀਨਾ ॥
ਪਕਰ ਸੁਦਰਸਨ ਚੱਕਰ ਹਾਥ ਮੈ ਰਾਜ ਗਰੜ ਤਜਿ ਦੀਨਾ ॥
ਤਬ ਤੰਦਵੇ ਕੋ ਮਾਰ ਕ੍ਰਿਸਨ ਜੀ ਕਾਢ ਰਾਜ ਗਜ ਲੀਨਾ ॥
ਭਗਤਿ ਹੇਤ ਗੋਪਾਲ ਆਪਨੋ ਤਨ ਮਨ ਅਰਪਨ ਕੀਨਾ ॥
ਜਨ ਪਰ ਭਏ ਸਹਾਈ ਨਾਮ ਕੀ ਲਜਾ ਆਈ ॥
ਰਸਕ ਰਾਮ ਗੋਪਾਲ ਮੀਤ ਹਮਰੋ ਸੁਖਦਾਈ ਤਾ ॥੧੧॥

ਭਾਦ੍ਰੋ ਭਲੀ ਕਰੋ ਨੰਦ ਨੰਦਨ ਮੁਝੇ ਆਸਰਾ ਤੇਰਾ, ਤੂੰ ਕਰਿ ਫੇਰਾ ॥
ਇਸਟ ਗੁਪਾਲ ਲਾਲ ਹਮਰੇ ਦਿਨ ਹਰ ਦੰਮ ਕੀਆ ਵਸੇਰਾ, ਰਾਹ ਉਖੇਰਾ ॥
ਮੂਰਤਿ ਸਾਂਮ ਰਹੀ ਵਸਿ ਜਿਗਰੇ ਦੇਖ ਹਾਲ ਤੂੰ ਮੇਰਾ, ਸੰਝ ਸਵੇਰਾ ॥
ਹੈ ਰਛਪਾਲ ਗੁਪਾਲ ਰਾਮ ਜੀ ਉਸਦੇ ਬਾਝ ਹਨੇਰਾ, ਛਹੇ ਵਧੇਰਾ ॥੧੨॥

ਚਬੋਲਾ

ਭਾਦ੍ਰੋ ਭਲੀ ਕਰੋ ਪ੍ਰਭੋ ਕੀਜੇ ਪਰਉਪਕਾਰਾ ॥
ਜਿਉ ਚਤਰਾਨਨ ਕਾਰਨੇ ਧਰਿਓ ਮਛ ਅਵਤਾਰਾ ॥
ਧਰਿਓ ਮਛ ਅਵਤਾਰ ਬੇਦ ਬ੍ਰਹਮੇ ਕੇ ਦੈਂਤ ਚੁਰਾਏ ॥
ਲੈ ਧਸਿਓ ਸਮੁੰਦ੍ਰ ਕ੍ਰਿਸਨ ਜੀ ਮਗਰ ਦੈਂਤ ਦੇ ਧਾਏ ॥
ਮਾਰ ਲੀਓ ਮੇਖਾਸਰ ਰਾਖਸ ਬੇਦ ਚਾਰ ਲੈ ਆਏ ॥
ਕਰਿ ਕੇ ਕੋਪ ਗੁਪਾਲ ਲਾਲ਼ ਜੀ ਖਲਕਤਿ ਸੁਖੀ ਵਸਾਏ ॥
ਤੁਮ ਕੋ ਭਗਤਿ ਪਿਆਰੇ ਸਭ ਕੇ ਹੋ ਰਖਵਾਰੇ ॥
ਰਸਕ ਰਾਮ ਗੋਪਾਲ ਮੀਤ ਹਮ ਦਾਸ ਤਿਹਾਰੇ ਤਾ ॥੧੩॥

ਅਸੂ ਅਸਲ ਸਰੂਪ ਰੂਪ ਹੈ ਕਿਯਾ ਮੈਂ ਕਹਾਂ ਜ਼ਬਾਨੀ, ਸਿਫਤ ਬਖਾਨੀ ॥
ਧਰਿਓ ਭੇਖ ਮੁਨ ਪਰਸ ਰਾਮ ਕੋ ਹਾਥ ਕੁਠਾਰ ਨਿਸਾਨੀ, ਸਚੁ ਕਰਿ ਜਾਨੀ ॥
ਛਤ੍ਰੀ ਬੰਸ ਅੰਸ ਚੁਣ ਮਾਰੇ ਕੀਯੋ ਰਾਜ ਅਭਿਮਾਨੀ, ਵੈਰ ਪਛਾਨੀ ॥
ਭਏ ਅਵਤਾਰ ਰਾਮ ਜੀ ਤਾ ਦਿਨ ਸਿਰ ਪਰਤਗਿਆ ਮਾਨੀ, ਮੁਨੀ ਸਲਾਨੀ ॥੧੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਅਸੂ ਅਸਲ ਸਰੂਪ ਹੈ ਰਾਮ ਚੰਦ ਅਵਤਾਰ ॥
ਪਰਸ ਰਾਮ ਬਨ ਕੋ ਗਯੋ ਤਪ ਲੀਨੋ ਉਰਧਾਰ ॥
ਤਪ ਲੀਨੋ ਉਰਧਾਰ ਰਾਮ ਜੀ ਕਾ ਦਰਸਨ ਜਬ ਪਾਯਾ ॥
ਅਸਰਨ ਕੇ ਹਿਤ ਰਾਮ ਚੰਦ ਜੀ ਬਨ ਮੈ ਡੇਰਾ ਲਾਯਾ ॥
ਸੀਆ ਚੁਰਾਈ ਰਾਵਨ ਰਾਖਸ ਮਰਨੇ ਸਾਜ ਬਣਾਯਾ ॥
ਕਰਿ ਕੇ ਗੋਪ ਗੁਪਾਲ ਲਾਲ ਜੀ ਰਾਵਨ ਮਾਰ ਗਵਾਯਾ ॥
ਰਾਜ ਬਿਭੀਛਨ ਦੀਨਾ ਵਾਸ ਅਯੁਧਿਆ ਲੀਨਾ ॥
ਰਸਕ ਰਾਮ ਗੋਪਾਲ ਮੀਤ ਸਭ ਕੋ ਸੁਖਦੀਨਾ ॥੧੫॥

ਕੱਤਕ ਕਰਿ ਉਪਦੇਸ ਔਰ ਕੋ ਸਾਸਤ੍ਰ ਧਰਮ ਬਣਾਏ, ਕਹਾਂ ਸੁਣਾਏ ॥
ਫਿਰ ਤੁਮ ਲਗੇ ਵਿਸੇ ਕੋ ਭੋਗਨ ਹਾਥ ਪੈਰ ਕਟਵਾਏ, ਸਭ ਮਨ ਭਾਏ ॥
ਜਗਨ ਨਾਥ ਜਗ ਕੇ ਸੁਖਦਾਯਕ ਬੋਧਾ ਨਾਮ ਧਰਾਏ, ਪਰਮ ਸੁਹਾਏ ॥
ਐਸੇ ਬਨੇ ਗੁਪਾਲ ਰਾਮ ਜੀ ਹੁਣ ਕਿਉਂ ਬਦਨ ਛਪਾਏ, ਭਰਮ ਲਗਾਏ ॥੧੬॥

ਚਬੋਲਾ

ਕੱਤਕ ਕਰਿ ਉਪਦੇਸ ਕੋ ਸੁਰ ਅਸਰਨ ਕੇ ਕਾਜ ॥
ਊਹਾਂ ਖੇਲ ਐਸਾ ਕੀਆ ਤੀਰ ਸਮੁੰਦ੍ਰ ਸਮਾਜ ॥
ਤੀਰ ਸਮੁੰਦ੍ਰ ਸਮਾਜ ਰਾਜ ਗਿਰ ਮੰਦ੍ਰਾਚਲ ਮੰਗਵਾਯਾ ॥
ਕਮਠ ਰੂਪ ਹੋਤ ਲੇ ਕ੍ਰਿਸਨ ਜੀ ਪਰਬਤ ਪੀਠ ਧਰਾਯਾ ॥
ਦੋਨੋ ਤਰਫ ਅਸਰ ਸੁਰ ਲਾਗੇ ਸੇਸ ਨੇਤ੍ਰਾ ਪਾਯਾ ॥
ਮਥਿਓ ਸਮੁੰਦ੍ਰ ਗੁਪਾਲ ਲਾਲ ਜੀ ਸਭੀ ਦੰਤ ਚੁਣ ਘਾਯਾ॥
ਚੌਦਾਂ ਰਤਨ ਨਿਕਾਲੇ ਕੀਏ ਰਾਖਸ ਮਤਵਾਲੇ ॥
ਰਸਕ ਰਾਮ ਗੋਪਾਲ ਮੀਤ ਦੇ ਉਲਟੇ ਚਾਲੇ ਤਾ ॥੧੭॥

ਮੱਘਰ ਮੂਰਤਿ ਸਾਂਮ ਰੂਪ ਕੀ ਹਮਰੇ ਨੈਨ ਸਮਾਈ, ਕਹਾਂ ਸੁਣਾਈ ॥
ਹੈ ਬੇਅੰਤ ਅੰਤ ਨਹੀਂ ਉਸਦਾ ਨਰਸੀ ਕੇ ਸੁਖਦਾਈ, ਭਏ ਸਹਾਈ ॥
ਹਾਸੀ ਮੈ ਸਾਚੀ ਕਰਿ ਦੀਨੀ ਜੋ ਹੁੰਡੀ ਕਰਵਾਈ, ਪਲੇ ਪਾਈ ॥
ਸਾਵਲ ਸ਼ਾਹਿ ਗੁਪਾਲ ਰਾਮ ਜੀ ਆਪਣਾ ਨਾਮ ਰਖਾਈ, ਕਹੈ ਲੁਕਾਈ ॥੧੮॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਮੱਘਰ ਮੂਰਤ ਸਾਵਰੀ ਨੈਨ ਨ ਰਹੀ ਸਮਾਇ ॥
ਲੋਕਨ ਮਿਲ ਹਾਸੀ ਕਰੀ ਨਰਸੀ ਹਮਰੋ ਸ਼ਾਹਿ ॥
ਨਰਸੀ ਹਮਰੋ ਸ਼ਾਹਿ ਪੂਛਦੇ ਸਾਧ ਨਗਰ ਮੈ ਆਏ ॥
ਖੜੇ ਭਗਤਿ ਕੇ ਦਵਾਰ ਸੰਤ ਜਨ ਬਿਰਥਾ ਸਗਲ ਸੁਣਾਏ ॥
ਕੰਲਮ ਦਵਾਤ ਮੰਗਾਇ ਲਿਖਾਈ ਤਪੀ ਦਵਾਰਕਾ ਧਾਏ ॥
ਉਨਕੇ ਕਾਜ ਗੁਪਾਲ ਲਾਲ ਜੀ ਸਾਵਲ ਸ਼ਾਹਿ ਕਹਾਏ ॥
ਜਨਕੋ ਮਾਨ ਵਧਾਯਾ ਸਾਵਲ ਸ਼ਾਹਿ ਸਦਾਯਾ ॥
ਰਸਕ ਰਾਮ ਗੋਪਾਲ ਮੀਤ ਹੁਣ ਬਦਨ ਛਪਾਯਾ ਤਾ ॥੧੯॥

ਪੋਹੁ ਪਰਮ ਸੁਖ ਦੀਨਾ ਬ੍ਰਿਜ ਕੋ ਭਏ ਕ੍ਰਿਸਨ ਅਵਤਾਰੀ ਦੇਹ ਪਸਾਰੀ ॥
ਮਾਤ ਦੇਵਕੀ ਪਿਤਾ ਬਾਸਦੇ ਜਸਧਾ ਕੇ ਹਿਤਕਾਰੀ, ਬਸੈ ਮੁਰਾਰੀ ॥
ਨੰਦ ਮਹਰ ਕੇ ਵਛਰੇ ਚਾਰੇ ਲੁਟਦਾ ਕੰਸ ਗੁਆਰੀ, ਲਾਲ ਬਿਹਾਰੀ ॥
ਲਏ ਜਗਾਤ ਗੁਪਾਲ ਰਾਮ ਜੀ ਨਈ ਰੀਤ ਮਨ ਧਾਰੀ, ਖੇਲ ਖਿਲਾਰੀ ॥੨੦॥

ਚਬੋਲਾ

ਪੋਹੁ ਪਰਮ ਸੁਖ ਨੰਦ ਕੇ ਖੇਲ ਕਰੇ ਨੰਦ ਲਾਲਾ ॥
ਜਾਇ ਪਤਾਲ ਕਾਲੀ ਨਥਿਓ ਫਣਪੁਰ ਨਿਰਤ ਗੁਪਾਲਾ ॥
ਫਣਪੁਰ ਨਿਰਤ ਗੁਪਾਲ ਕਿੰਕਨੀ ਕਪਟ ਬਨੂ ਪਰ ਬਾਜੇ ॥
ਮੋਰ ਮੁਕਟ ਪੀਤਾਂਬਰ ਝੁਕਿਓ ਹਾਥ ਬੰਸਰੀ ਸਾਜੇ ॥
ਬ੍ਰਿਜ ਕੇ ਕਾਜ ਗੁਵਾਰਧਨ ਧਾਰਿਓ ਇੰਦ੍ਰ ਕੋਪ ਸਭ ਭਾਜੇ ॥
ਮਾਖਨ ਚੋਰ ਗੁਪਾਲ ਲਾਲੀ ਊਖਲ ਸਾਥ ਬਿਰਾਜੇ ॥
ਅਰਜਨ ਜੁਮਲਾ ਭਾਈ ਉਨਕੀ ਮੁਕਤ ਕਰਾਈ ॥
ਰਸਕ ਰਾਮ ਗੋਪਾਲ ਮੀਤ ਬਿੰਦ੍ਰਾਬਨ ਰਾਈ ਤਾ ॥੨੧॥

ਮਾਘ ਮਜਲਸਾ ਕਰੀ ਕੰਸ ਨੈ ਮੱਲ ਅਖਾੜਾ ਚਾਯਾ, ਲੋਕ ਬੁਲਾਯਾ ॥
ਮੱਲ ਚੰਡੂਰ ਅਸਰ ਹੋ ਕੇਸੀ ਤਿਨ ਕੋ ਏ ਸਮਝਾਯਾ, ਕਹਿ ਫੁਰਮਾਯਾ ॥
ਮਾਰਨ ਕਾਰਨ ਕ੍ਰਿਸਨ ਸਾਵਰਾ ਕੰਸ ਉਪਾਉ ਬਣਾਯਾ, ਜੋ ਦਿਲ ਆਯਾ ॥
ਦੇਖਨ ਕਾਜ ਗੁਪਾਲ ਲਾਲ ਜੀ ਮਥਰਾ ਫੇਰਾ ਪਾਯਾ, ਸਭ ਮਨ ਭਾਯਾ ॥੨੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਬੋਲਾ

ਮਾਘ ਮਜਲਸਾ ਕਰਿ ਰਹੇ ਪ੍ਰਗਟੇ ਨੰਦ ਕੁਮਾਰ ॥
ਮੱਲ ਚੰਡੂਰ ਕੇਸੀ ਹਤਿਓ ਦੀਨੇ ਪ੍ਰਾਨ ਨਿਕਾਰ ॥
ਦੀਨੇ ਪ੍ਰਾਨ ਨਿਕਾਰ ਕ੍ਰਿਸਨ ਜੀ ਮੱਗਰ ਕੰਸ ਦੇ ਧਾਏ ॥
ਪਕੜ ਕੇਸਾਂ ਥੋਂ ਚਾਇ ਪਛਾੜਿਓ ਗੋਕਲ ਸੁਖੀ ਵਸਾਏ ॥
ਗੋ ਬ੍ਰਾਹਮਣ ਕੇ ਕਾਜ ਸਵਾਰੇ ਨੰਦਨ ਨੰਦ ਕਹਾਏ ॥
ਆਦਮ ਰੂਪ ਗੁਪਾਲ ਲਾਲ ਜੀ ਕਲਯੁਗ ਸਕਲ ਦਿਖਾਏ ॥
ਤਾਂ ਹਮ ਕੀਏ ਦਿਵਾਨੇ ਤੁਮਰੇ ਮਿਲਦੇ ਤਾਨੇ ॥
ਰਸਕ ਰਾਮ ਗੋਪਾਲ ਮੀਤ ਹੁਣ .ਛੋਡ ਬਹਾਨੇ ਤਾ ॥੨੩॥

ਫਾਗਣ ਫਾਗ ਰਾਗ ਮਿਲ ਗਾਵਤ ਕ੍ਰਿਸਨ ਹਿੰਡੋਲੇ ਚੜਿਆ, ਸਭ ਦੁਖ ਟਰਿਆ ॥
ਬ੍ਰਿਜ ਸਮਾਨ ਦੇਹਰਾ ਤੈ ਕੀਨਾ ਮੋਰ ਮੁਕਟ ਸਿਰ ਧਰਿਆ, ਤਨ ਮਨ ਹਰਿਆ ॥
ਗੋਪਾਲ ਲਾਲ ਕਰਣਾਨਿਧ ਮੈਂ ਤੁਮਾਰਾ ਲੜ ਫੜਿਆ, ਹੋਰ ਨ ਸਰਿਆ ॥
ਕਲਯੁਗ ਕੇ ਪ੍ਰਤਾਪ ਰਾਮ ਜੀ ਤਾ ਮੈ ਦਰਸਨ ਕਰਿਆ, ਭੌਜਲ ਤਰਿਆ ॥੨੪॥

ਚਬੋਲਾ

ਫਾਗਣ ਫਾਗ ਸੁਹਾਵਣਾ ਨਿਕਟ ਵਸੈ ਨੰਦ ਲਾਲ ॥
ਪਰਉਪਕਾਰ ਇਤਨੇ ਕੀਏ ਅਬ ਹਮ ਭਏ ਬਿਹਾਲ ॥
ਅਬ ਹਮ ਭਏ ਬਿਹਾਲ ਕਾਜ ਹਮਰੇ ਤੁਮ ਆਪ ਸਵਾਰੋ ॥
ਹਰ ਦਮ ਵਸੇ ਹਮਾਰੇ ਹਿਰਦੇ ਸਕਲੇ ਕਸਟ ਨਿਵਾਰੋ ॥
ਹਮ ਆਧੀਨ ਗੁਪਾਲ ਲਾਲ ਜੀ ਪਿਛਲੀ ਬਾਤ ਵਿਸਾਰੋ ॥
ਤੁਮਰੀ ਸਰਨ ਕਨਾਈ ਏਹੁ ਹਮਰੇ ਮਨ ਆਈ ॥
ਰਸਕ ਰਾਮ ਗੋਪਾਲ ਮੀਤ ਦੀ ਸਿਫਤ ਸੁਣਾਈ ॥
ਤਾ ਥਈ ਤਾ ਥਈ ਤਾ ਰੇ ਦੇਵੀ ਦੇ ਦਰਸਨ ਜਾ ॥੨੫॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਬਾਰਾਂ ਮਾਹ ਕ੍ਰਿਸਨ ਜੀ ਦਾ

ਕੁੰਡਲੀਆ

ਚੇਤ ਚੜਿਓ ਸੁਨ ਰੀ ਸਖੀ ਪੀਯਾ ਮਨ ਭਏ ਉਦਾਸਾ ॥
ਕਰਿ ਬਿਨਤੀ ਰਾਧੇ ਥਕੀ ਨਹਿ ਤਿਆਗੋ ਬ੍ਰਿਜ ਬਾਸਾ ॥
ਨਹਿ ਤਿਆਗੋ ਬ੍ਰਿਜ ਬਾਸ ਸਾਵਰੇ ਏਕ ਨ ਮਾਨੀ ॥
ਦਰਪਨ ਮੈ ਮੁਖ ਦੇਖ ਰਾਧਕੇ ਮਨ ਅਭਿਮਾਨੀ ॥
ਛੋਡ ਕੁੰਜ ਜਾਦਵ ਗਏ ਕਰਿ ਕੁਬਜਾਂ ਸੋ ਹੇਤ ॥
ਨਹਿ ਆਵਤ ਸੁਨ ਰੀ ਸਖੀ ਏਹ ਚਿੰਤਾ ਮਨ ਚੇਤ ॥੧॥

ਸਵੈਯਾ

ਚੇਤ ਚੜਿਓ ਸੁਨ ਰੀ ਸਜਨੀ ਵਸਿ ਸ਼ਾਮ ਭਏ ਕੁਵਰੀ ਕਰਿ ਪਿਆਰੀ ॥
ਫੂਲੀ ਰਵੇਲ ਚੰਬੇਲ ਕਲੀ ਸਭਿ ਕੌਨ ਗਨੈ ਉਨਕੀ ਛਬਿ ਭਾਰੀ ॥
ਮਾਲਨੀ ਸੁਗੰਧ ਲਗਾਇ ਬਨਾਇ ਬਨੀ ਹਰਿ ਕੀ ਪ੍ਰਿਯ ਨਾਰੀ ॥
ਆਵਤ ਨਾਹਿ ਪੀਆ ਰਸ ਰਾਮ ਮਰੋਂ ਬਿਖ ਖਾਇ ਜਾਂ ਘਾਇ ਕਟਾਰੀ ॥੨॥

ਕਬਿੱਤੁ

ਚੇਤ ਸੋ ਚੁਰਾਇ ਕਾਂਨ ਕੁਬਰੀ ਕੀਆ ਗੁਮਾਨ
ਮੇਲੋ ਭਗਵਾਨ ਮੈ ਵਰਾਗ ਰਾਗ ਗਾਉਂਦੀ ॥
ਸਦਾ ਹੂ ਮੈ ਦਾਸੀ ਕਹਾਂ ਗਏ ਅਬਿਨਾਸੀ
ਜੇਤੀ ਸਖੀ ਬ੍ਰਿਜ ਬਾਸੀ ਹਾਸੀ ਕਰੇ ਹਿਯਾ ਤਾਂਉਦੀ ॥
ਗੋਕਲ ਕੇ ਵਾਸੀ ਮੇਰੇ ਪ੍ਰਾਨ ਮੈ ਉਸਾਦੀ
ਪਾਈ ਕੁਬਜਾਂ ਨੇ ਫਾਸੀ ਮੇਰੇ ਸ਼ਾਮ ਨੂੰ ਲੁਕਾਉਂਦੀ ॥
ਆਵੋ ਘਰਿ ਸ਼ਾਮ ਦੇਵੋ ਚਿਤ ਨੂੰ ਅਰਾਮ
ਰਸ ਰਾਮ ਛੋਡ ਧਾਮ ਸਭਿ ਬਾਮ ਕੁਰਲਾਉਂਦੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੜਖਾ ਛੰਦ

ਚੇਤ ਚਿਤਵਨੀ ਬਿਨ ਸ਼ਾਮ ਸੁਨ ਰੀ ਸਖੀ ਹਾਰ ਸਿੰਗਾਰ ਨਾ ਭਾਂਉਦਾ ਨੀ ॥
ਭੂਲ ਗਈ ਬਾਤ ਜਾਂ ਰਾਤ ਸਿਹਜਾ ਸੁਤੀ ਆਇਕੇ ਸ਼ਾਮ ਜਗਾਉਦਾ ਨੀ ॥
ਭਈ ਸੁੰਞੀ ਵੀਰੈਨ ਜੀਅਰੇ ਚੈਨ ਨ ਨੀਰ ਨੈਨੀ ਉਛਲ ਆਉਦਾ ਨੀ ॥
ਮਦਨ ਮੂਰਤ ਮੁਕਟ ਸੀਸ ਬੰਸੀ ਅਧਰ ਪ੍ਰੀਤ ਕੁਬਜਾਂ ਸੰਗ ਲਾਉਂਦਾ ਨੀ ॥੪॥

ਛੰਦ

ਚੇਤ ਚੜੇ ਕੀਕੁਰ ਰਸ ਰਾਮ, ਕੁਬਜਾਂ ਕੇ ਵਸ ਸੁੰਦਰ ਸ਼ਾਮ ॥
ਜੇਤੀ ਸਗਲ ਬ੍ਰਿਜ ਕੀ ਬਾਂਮਾ, ਖੜੀ ਪੁਕਾਰੇ ਆਵੋ ਧਾਂਮਾ ॥
ਕੁਬਜਾਂ ਹਾਥ ਬਿਕੇ ਬਿਨ ਦਾਮਾ, ਬੀਤਯੋ ਚੇਤਰ ਹੇ ਸਭ ਕਾਂਮਾ ॥
ਨੰਦ ਕੁਮਾਰ ਜੀ ॥

ਕੁੰਡਲੀਆ

ਵਿਸਾਖ ਸਾਖ ਦਾਖਾਂ ਸਗਲ ਫੁਟ ਕਰਿ ਛੋਡੇ ਡਾਲਾ ॥
ਮੈ ਆਸਾਵੰਤੀ ਰਹੀ ਗ੍ਰਿਹਿ ਆਵੋ ਨੰਦ ਲਾਲਾ ॥
ਗ੍ਰਿਹਿ ਆਵੋ ਨੰਦ ਲਾਲ ਲਾਲ ਮੈ ਤੁਮਰੀ ਦਾਸੀ ॥
ਬਿੰਦ੍ਰਾਬਨ ਜੋ ਸਖੀ ਸਗਲ ਕਰ ਰਹੀਆ ਹਾਸੀ ॥
ਜਲ ਕੇ ਬਿਛਰੇ ਮੀਨ ਜਿਉ ਜਤਨ ਕਰੇ ਬਹੁ ਲਾਖਾ ॥
ਆਜ ਚੇਤ ਨਹਿ ਢਲ ਗਯੋ ਚੜਿਓ ਮਾਹਿ ਵਿਸਾਖਾ ॥੨॥

ਸਵੈਯਾ

ਆਯੋ ਵਿਸਾਖ ਰਹੀ ਫੁਟ ਦਾਖ ਗਈ ਤੁਟ ਆਸ ਉਦਾਸ ਭਯੋ ਮਨ ॥
ਸ਼ਾਮ ਸਰੀਰ ਧਰੋਂ ਕੈਸੇ ਧੀਰ ਲਗੇ ਮੋਹੂ ਤੀਰ ਸੁ ਚੀਰ ਗਯੋ ਤਨ ॥
ਉਹ ਦਿਨ ਜਾਨ ਜਦੋਂ ਭਗਵਾਨ ਮੇਰੇ ਸੰਗ ਆਨ ਅਚਾਨ ਰਯੋ ਬਨ ॥
ਰਾਧੇ ਪੁਕਾਰ ਕਰੇ ਲਖ ਵਾਰ ਵਿਸਾਰ ਕੁਮਾਰ ਹੰਕਾਰ ਗਯੋ ਗਨ ॥

ਕਬਿੱਤੁ

ਕੋਕਲਾ ਸੁਹਾਈ ਨੀ ਵਿਸਾਖ ਰੁਤ ਆਈ ਕੈਸੇ
ਕਰੋਂ ਕਠਨਾਈ ਮੈ ਤਾਂ ਬ੍ਰਿਹੋ ਨੇ ਸੰਤਾਈ ਨੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਮਠੋ ਸੁੰਦੇਸ ਕੀਆ ਜੋਗਨਾ ਦਾ ਭੇਸ ਭਾਈ
ਕੂਬਰੀ ਪ੍ਰਵੇਸ ਰਾਧੇ ਚਿਤ ਥੋ ਭੁਲਾਈ ਨੀ ॥
ਚਿਤ ਕੋ ਚੁਰਾਇ ਗਿਆ ਕਪਟ ਕਮਾਇ ਲੋਕੋ
ਕੇਹੇ ਜਾਦੂ ਪਾਇ ਸ਼ਾਂਮ ਬੰਸਰੀ ਬਜਾਈ ਨੀ ॥
ਹਾਇ ਹਾਇ ਹਾਇ ਮੈ ਤਾਂ ਕੀ ਕਰਾਂ ਨੀ ਮਾਇ
ਮਨ ਲੈ ਗਯਾ ਰਿਝਾਇ ਘਰ ਮਾਲਨੀ ਬਸਾਈ ਨੀ ॥੩॥

ਕੜਖਾ

ਰੁਤ ਵੈਸਾਖ ਅਬ ਭਈ ਹੈ ਰੀ ਸਖੀ ਕੋਕਲਾ ਬੋਲ ਸੁਹਾਂਉਂਦੀ ਨੀ ॥
ਜਿਨ੍ਹਾਂ ਘਰ ਕੰਤ ਅਚਿੰਤ ਬੈਠਤ ਰਹੀ ਹਾਰ ਸਿੰਗਾਰ ਲਗਾਂਉਦੀ ਨੀ ॥
ਬ੍ਰਿਹੁ ਕੀ ਪੀਰ ਤਨ ਚੀਰ ਪੁਰਜੇ ਕੀਆ ਕਾਮ ਕੀ ਅਗਨ ਸੰਤਾਂਉਦੀ ਨੀ ॥
ਸੰਗ ਕੁਬਜਾਂ ਵਸੇ ਸ਼ਾਂਮ ਰਸ ਰਾਮ ਤਬ ਸਗਲ ਬ੍ਰਿਜ ਬਾਮ ਦੁਖ ਪਾਂਉਦੀ ਨੀ ॥੪॥

ਛੰਦ

ਏਸੇ ਹਾਲ ਭਈ ਵੈਸਾਖੀ, ਡਰਦੀ ਬਾਤ ਕਿਤੇ ਨਾ ਆਖੀ ॥
ਮੇਰੀ ਨਾਹਿ ਕਿਸੇ ਅਭਿਲਾਖੀ, ਬੈਠੀ ਹਰਿ ਚਰਨਨ ਚਿਤ ਰਾਖੀ ॥
ਰਵਿ ਸਸਿ ਜੁਗਲ ਹਮਾਰੇ ਸਾਖੀ, ਹੁਣਿ ਮੈ ਪ੍ਰੇਮ ਪ੍ਰੀਤ ਹਿਤ ਭਾਖੀ ॥
ਆਵੋ ਸ਼ਾਂਮ ਜੀ ॥੫॥੨॥

ਕੁੰਡਲੀਆ

ਜੇਠ ਘਾਮ ਕੀ ਤਪਤ ਹੈ ਸੀਸ ਪਰੀ ਮੋਹਿ ਆਨਾ ॥
ਖਲੀ ਭੁਜਾਂ ਕਰਿ ਕੂਕਦੀ ਬੰਸੀ ਵਾਲੇ ਕਾਨਾ ॥
ਬੰਸੀ ਵਾਲੇ ਕਾਂਨ ਰਾਧਕੇ ਕੂਕ ਸੁਣਾਵੇ ॥
ਆਤਰ ਕੀਨੀ ਕਾਮ ਸਾਂਮ ਦੁਖ ਸਹਿਆ ਨ ਜਾਵੇ ॥
ਕਪਟ ਚਿਤ ਹਮਰੇ ਭਯੋ ਦੀਯੋ ਕ੍ਰਿਸਨ ਜੀ ਮੇਟ ॥
ਅਬ ਵੈਸਾਖ ਬੀਤ ਭਯੋ ਸੁਨੋ ਧਿਆਨ ਧਰ ਜੇਠ ॥੧॥

ਸਵੈਯਾ

ਜੇਠ ਜਰੂਰ ਸਹੂਰ ਨਹੀ ਮੋਹਿ ਆਪ ਗੁਮਾਨ ਕੀਯੋ ਮਨ ਮਾਹੀ ॥
ਕੌਨ ਉਪਾਉ ਸੁਨਾਉ ਸਖੀ ਅਬ ਸ਼ਾਂਮ ਬਿਨਾ ਚਿਤ ਧੀਰਜ ਨਾਹੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਮ ਕੀ ਆਗ ਸੁਜਾਗ ਉਠੀ ਮਨ ਲੇਖ ਲਿਖੇ ਬਿਧ ਕੌਨ ਮਿਟਾਹੀ ॥
ਸੁੰਦਰ ਸ਼ਾਮ ਨਹੀ ਮੋਰੇ ਧਾਮ ਪੁਕਾਰਤ ਬਾਮ ਖਲੀ ਕਰ ਬਾਹੀ ॥੨॥

ਕਬਿੱਤੁ

ਜੇਠ ਸੋਂ ਜਰਾਈ ਨੀ ਦੁਹਾਈ ਮੈ ਸੰਤਾਈ ਸ਼ਾਂਮ
ਕੂਬਰੀ ਸਲਾਹੀ ਨਾਲ ਸੀਨੇ ਦੇ ਲਗਾਈ ਨੀ ॥
ਛੋਡ ਕੇ ਪਿਆਰੀ ਬ੍ਰਿਖਭਾਨ ਕੀ ਦੁਲਾਰੀ ਊਧੋ
ਮਾਲਣੀ ਨਿਕਾਰੀ ਬਨਵਾਰੀ ਮਨ ਭਾਈ ਨੀ ॥
ਪਾਇਓ ਰੀ ਸੁਹਾਗ ਜਿਨ ਐਸੋ ਮੇਰੋ ਮਹਾਂਰਾਜ
ਕਿਉ ਨ ਕਰੈ ਰਾਜ ਸਾਰੇ ਦੇਤ ਹੈ ਵਧਾਈ ਨੀ ॥
ਏਹੁ ਬਾਤ ਜਾਇ ਆਲੀ ਸ਼ਾਂਮ ਨੂੰ ਤੂੰ ਆਖ ਮੇਰੀ
ਰਾਧਕਾਂ ਤਿਆਗ ਕੰਠ ਮਾਲਨੀ ਲਗਾਈ ਨੀ ॥੩॥

ਕੜਖਾ

ਜੇਠ ਕੀ ਰੈਨ ਨ ਚੈਨ ਪੜਤੀ ਸਖੀ ਕੌਲ ਨਾਹੀ ਮੇਰਾ ਸ਼ਾਂਮ ਪਿਆਰਾ ॥
ਸੁਨੋ ਬ੍ਰਿਜ ਬਾਸੀਓ ਮਰਾਂ ਬਿਨ ਸਾਵਰੇ ਆਜ ਉਰ ਡਾਰ ਖੰਜਰ ਕਟਾਰਾ ॥
ਏਕ ਆਤਸ ਮੋਹਿ ਕਾਮ ਕੀ ਘਾਮ ਦੁਤਿ ਸ਼ਾਂਮ ਕਾ ਪ੍ਰੇਮ ਤੀਜਾ ਨਿਆਰਾ ॥
ਕੀ ਕਰਾਂ ਆਪ ਬੈਰਨ ਭਈ ਰਾਂਮ ਰਸ ਦੇਖ ਦਰਪਨ ਰਿਦੇ ਮਾਨ ਧਾਰਾ ॥੪॥

ਛੰਦ

ਜੇਠ ਰੁਤ ਅਬ ਐਵੇ ਗਈ, ਮੇਰੀ ਸ਼ਾਂਮ ਨਹੀ ਸੁਧ ਲਈ ॥
ਮੂਰਤ ਮਦਨ ਮੇਰੇ ਉਰ ਰਹੀ, ਗ੍ਰਿਹਿ ਕੀ ਬਿਰਤ ਔਰ ਭੂਲ ਗਈ ॥
ਨਿਸ ਬਾਸਰ ਇਹੁ ਚਿੰਤਾ ਭਈ, ਕਬ ਆਵਨ ਗ੍ਰਿਹਿ ਕੁਵਰ ਘਨਈ ॥
ਨੰਦ ਦੇ ਲਾਡਲੇ ॥੫॥੩॥

ਕੁੰਡਲੀਆ

ਹਾੜ ਹੋਰ ਹਿਕਮਤਿ ਕਰੋ ਅੰਗ ਲਗਾਵੋ ਰਾਖ ॥
ਦਵਾਰ ਭੀਖ ਮਾਂਗਤ ਫਿਰੋਂ ਏਹ ਮਨ ਮੈ ਅਭਿਲਾਖ ॥
ਏਹ ਮਨ ਮੈ ਅਭਿਲਾਖ ਬਾਤ ਸਾਚੀ ਤੁਮ ਜਾਨੋ ॥
ਸਪਤ ਮੁਝੇ ਬ੍ਰਿਖਭਾਨ ਬਾਮ ਨਿਸਚੈ ਕਰਿ ਮਾਨੋ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਵਨ ਤਿਆਗ ਅਪਨਾ ਸਖੀ ਗ੍ਰਿਹਿ ਗ੍ਰਿਹਿ ਕਰੇ ਪੁਕਾਰ ॥
ਜੇਠ ਗਯੋ ਦੁਖ ਭੋਗਤੀ ਚੜ੍ਹਿਓ ਮਹੀਨਾ ਹਾੜ ॥੧॥

ਸਵੈਯਾ

ਹਾੜ ਉਜਾਰ ਭਈ ਬ੍ਰਿਜ ਮੈ ਗ੍ਰਿਹਿ ਸ਼ਾਮ ਨਹੀ ਦੁਖ ਹੈ ਮੋਹਿ ਭਾਰੀ ॥
ਕੂਕ ਪੁਕਾਰ ਸੁਤਾ ਬ੍ਰਿਖਭਾਨ ਕਰੇ ਅਤਿ ਸਿਉ ਘਰਿ ਨਾਹਿ ਮੁਰਾਰੀ ।
ਜਾਵਤ ਪ੍ਰਾਨ ਸਮਾਵਤ ਨਹਿ ਉਰ ਲਾਵਤ ਬੇਰ ਭਈ ਅਬ ਤਿਯਾਰੀ ॥
ਮੈ ਬਲਿ ਜਾਂਉ ਵਿਸਾਰ ਨਹੀਂ ਤੁਮ ਨੰਦ ਕੁਮਾਰ ਮੈ ਪ੍ਰਾਨ ਪਿਆਰੀ ॥੨॥

ਕਬਿੱਤੁ

ਹਾੜ ਤੋ ਹਸਾਨ ਜਾਣ ਜੈਸੇ ਕੀਓ ਦ੍ਰੋਪਤੀ ਸੋ
ਚੀਰ ਛੀਨ ਲੀਏ ਸਭਾ ਮਹਿ ਬਠਰਾਇਕੈ ॥
ਕਰਣਾਨਿਧਾਨ ਹਰਿ ਨਾਮ ਲਾਜ ਪਾਲਨੇ ਕੋ
ਆਏ ਉਸ ਧਾਮ ਚੀਰ ਦੇਤ ਹੋ ਬਧਾਇਕੈ ॥
ਭਗਤਾਂ ਕੇ ਕਾਜ ਗਜ ਰਾਜ ਨਿਧ ਭਯੋ ਦੁਖ
ਜਪੋ ਤੇਰੋ ਨਾਮ ਆਪ ਲੀਆ ਤੂੰ ਬਚਾਇਕੈ ॥
ਤੈਸੇ ਹੀ ਤੂੰ ਜਾਣ ਬ੍ਰਿਖਭਾਨ ਕੀ ਕੁਮਾਰ ਸ਼ਾਮ
ਸੰਕਟਾ ਨਿਵਾਰ ਆਜ ਮੈਨੂੰ ਸੀਨੇ ਲਾਇਕੈ ॥੩॥

ਕੜਖਾ

ਹਾੜ ਹਰਾਨ ਸੁਨਕੇ ਰਹੀ ਵੇ ਊਧੋ ਭੀਲਣੀ ਬੇਰ ਜੂਠਨ ਖਵਾਏ ॥
ਭਗਤਿ ਇਕ ਨਾਮ ਇਨਕਾ ਸੁਦਾਮਾ ਹੁ ਤੇ ਵੇਖ ਤੰਦਲਵਾਂ ਕੇ ਮਨ ਭਾਏ ॥
ਭਗਤ ਪ੍ਰਹਿਲਾਦ ਜਬ ਨਾਮ ਦੇ ਰਤ ਭਯੋ ਥੰਭ ਕੋ ਫੋੜ ਹਰਿ ਆਪ ਆਏ ॥
ਹੋਰ ਅਚਰਜ ਰਾਧੇ ਕਹੇ ਰਾਮ ਰਸ ਮਾਲਨੀ ਪ੍ਰੇਮ ਸੋਂ ਕੰਠ ਲਾਏ ॥੪॥

ਛੰਦ

ਹਾੜ ਹਸੇ ਬ੍ਰਿਜ ਕੀ ਨਰ ਨਾਰੀ ਕੁਬਜਾਂ ਕੇ ਵਸ ਭਏ ਮੁਰਾਰੀ ॥
ਰਾਧੇ ਕੋਟ ਮਿਨਤ ਕਰਿ ਹਾਰੀ ਸਾਠ ਸਖੀ ਰਲ ਕਰਤ ਪੁਕਾਰੀ ॥
ਹੁਣਿ ਗ੍ਰਿਹਿ ਆਵੋ ਕੁੰਜ ਬਿਹਾਰੀ ਤੁਧ ਬਿਨ ਸੁੰਞੀ ਛੇਜ ਹਮਾਰੀ ॥
ਰਾਤ ਡਰਾਵਣੀ ॥੫॥੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੰਡਲੀਆ

ਸਬਜ਼ ਬਹਾਰ ਸਾਵਣ ਸਖੀ ਬੋਲਤ ਲਖ ਚਕੋਰ ॥
ਘਨ ਗਰਜਤ ਬੂੰਦਾ ਪਰਤ ਨਿਰਖ ਭਏ ਬਸ ਮੋਰ ॥
ਨਿਰਖ ਪਏ ਬਸ ਮੋਰ ਹੋਰ ਖਗ ਕੋਟ ਸੁਹਾਵਨ ॥
ਬੋਲਤ ਚਾਤ੍ਰਿਕ ਰੀਝ ਰੀਝ ਸਵਾਤੀ ਮੁਖ ਪਾਵਨ ॥
ਪਰਫੁਲਤ ਅਲਿਤਾਂ ਭਯੋ ਪੰਕਜ ਮੈ ਚਿਤ ਧਾਰ ॥
ਹਾੜ ਗਾੜ ਪੀਛੇ ਰਹਯੋ ਸਾਵਣ ਸਬਜ ਬਹਾਰ ॥੧॥

ਸਵੈਯਾ

ਸਾਵਣ ਮਾਹਿ ਸੁਣੋ ਸਜਨੀ ਚਹੂੰ ਓਰਨ ਸ਼ਾਮ ਘਟਾ ਉਮਦਾਈ ॥
ਦਾਦਰ ਔਰ ਪਪੀਅਰਾ ਬੋਲਤ ਮੋਰਨ ਕੋ ਘਨ ਘੋਰ ਸੁਹਾਈ ॥
ਕੁੰਜ ਸਰੋਵਰ ਤਾਲ ਤਮਾਲ ਖਿੜੇ ਫਲ ਫੂਲ ਅਲੀ ਛਬ ਛਾਈ ॥
ਦੇਖਤ ਹੂੰ ਚਿਤ ਚਾਹਿ ਲਗੀ ਕਵਿ ਸ਼ਾਮ ਸਰੂਪ ਮੋਰੇ ਮਨ ਭਾਈ ॥੨॥

ਕਬਿੱਤੁ

ਸਾਵਣ ਸੁਹਾਯੋ ਛਾਇ ਬਾਦਰ ਉਮਡ ਕਰਿ
ਆਵਡੋ ਨ ਸ਼ਾਮ ਕੈਸੇ ਧਰੋਂ ਚਿਤ ਧੀਰ ਨੀ ॥
ਕੌਨ ਬਨ ਜਾਵੈ ਰਾਸ ਮੰਡਲ ਪੁਆਵੈ ਊਧੋ
ਧੇਨ ਕੋ ਚਰਾਵੈ ਕੌਨ ਕਾਲਿਦ੍ਰੀ ਕੇ ਤੀਰ ਨੀ ॥
ਬੰਸਰੀ ਬਜਾਵੈ ਨਾ ਸੁਣਾਵੈ ਪਿਆਰੀ ਰਾਧਕਾਂ ਨੂੰ
ਮਾਲਣੀ ਬਜਾਵੈ ਉਰ ਸਾਵਰਾ ਸਰੀਰ ਨੀ ॥
ਰਾਧਕਾਂ ਪੁਕਾਰ ਕਹੈ ਬਾਰ ਬਾਰ ਰਸ ਰਾਮ
ਆਵੇ ਗ੍ਰਿਹਿ ਸ਼ਾਮ ਮੇਰੇ ਕਾਟੇ ਦੁਖ ਪੀਰ ਨੀ ॥੩॥

ਕੜਖਾ

ਰੁੱਤ ਸਾਵਣ ਭਈ ਬਰਸਤੇ ਮੇਂਗਲੇ ਘਟਾ ਕਾਰੀ ਨਿਆਰੀ ਡਰਾਵੈ ॥
ਕਾਮ ਕੇ ਬਾਨ ਮੋਹਿ ਆਨ ਸੀਨੇ ਲਗੇ ਪ੍ਰੀਤ ਕੀ ਰੀਤ ਬਿਆਕੁਲ ਕਰਾਵੈ ॥
ਕੂਕਤੇ ਮੋਰ ਘਨ ਘੋਰ ਸੁਣਕੇ ਜਿਵੇਂ ਸ਼ਾਮ ਮੁਰਲੀ ਅਧਰ ਧਰ ਬਜਾਵੈ ॥
ਏਸ ਮੁਰਲੀ ਪ੍ਰਾਨ ਹਰਿ ਲੀਏ ਰੀ ਸਖੀ ਮਾਲਨੀ ਸੰਗ ਕਿਉ ਹੇਤ ਲਗਾਵੈ ॥੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ

ਅਬ ਸਾਵਨ ਰੁਤ ਐਸੀ ਆਈ ਸ਼ਾਂਮ ਘਟਾ ਮਿਲ ਦੇਤ ਦਿਖਾਈ ॥
ਦਮ ਦਾਮਨੀ ਸੋਭਾ ਪਾਈ ਨਹਿ ਗ੍ਰਿਹਿ ਹਮਰੇ ਜਾਦਵ ਰਾਈ ॥
ਆਲੀ ਕੌਣ ਉਪਾਉ ਬਣਾਈ ਜਿਉ ਆਵਨ ਗ੍ਰਿਹਿ ਕੁਵਰ ਘਨਾਈ ॥
ਕੁਬਜਾ ਤਿਆਗ ਕੈ ॥੫॥੫॥

ਕੁੰਡਲੀਆ

ਤਪਤ ਰਹਤ ਭਾਦ੍ਰੋ ਸਖੀ ਜੋਬਨ ਭਯੋ ਉਦਾਸ ॥
ਕਬ ਆਵਨ ਗ੍ਰਿਹਿ ਸਾਵਰੇ ਨੈਨ ਥਕੇ ਕਰਿ ਆਸ ॥
ਨੈਨ ਥਕੇ ਕਰਿ ਆਸ ਸਵਾਸ ਕਿਉ ਨਾ ਦੁਖ ਪਾਵਨ ॥
ਕਰਿ ਪੰਕਜ ਸੋ ਹੇਤ ਚੇਤ ਅਲਿ ਆਪ ਥੰਕਾਵਨ ॥
ਲਾਖ ਜਤਨ ਕਰਿ ਝੂਰ ਰਹੀ ਕਿਤ ਬਿਧ ਹੋਏ ਮਿਲਾਪ ॥
ਸਾਵਣ ਰੁਤ ਐਵੇਂ ਗਈ ਭਾਦ੍ਰੋ ਭਯੋ ਸੰਤਾਪ ॥੧॥

ਸਵੈਯਾ

ਗਾਢੀ ਸਮੀਰ ਚਲੈ ਭਾਦਰੋ ਤਨ ਪ੍ਰੇਮ ਕੇ ਬਾਨ ਅਚਾਨ ਲਗੋ ਰੀ ॥
ਬਾਜਤ ਹੈ ਬੰਸਰੀ ਕੁਬਜਾਂ ਗ੍ਰਿਹਿ ਸੋ ਸੁਨ ਕੈ ਮਨ ਮੋਹਿ ਠਗਯੋ ਰੀ ॥
ਆਪਨ ਲਾਜ ਪਰੀ ਹਮ ਸੈ ਮੁਖ ਨੈਨ ਨਿਹਾਰ ਗੁਮਾਨ ਜਗੋ ਰੀ ॥
ਦੇਹ ਕੋ ਤਿਆਗ ਚਲੇ ਤਬ ਪ੍ਰਾਨਨ ਜਾ ਦਿਨ ਸੋ ਹਰਿ ਦੂਰ ਭਗੋ ਰੀ ॥੨॥

ਕਬਿੱਤੁ

ਭਾਦਰੋਂ ਭਰਮ ਏਕ ਰਹੋ ਚਿਤ ਮੋਹਿ ਊਧੋ
ਸ਼ਾਂਮ ਨੇ ਪਰੇਮ ਸਾਥ ਬਾਤ ਨਾਂਹਿ ਕਰੀ ਰੀ ॥
ਕੀਆ ਸੀ ਗੁਮਾਂਨ ਜਾਇ ਵਸੇ ਕੂਬਰੀ ਕੇ ਧਾਮ
ਜਾਤ ਨਾ ਕੁਜਾਤ ਜਿਨ ਪਾਯੋ ਵਰ ਹਰੀ ਰੀ ॥
ਕੌਣ ਸੀ ਕੰਗਾਲਨੀ ਏ ਮਾਲਨੀ ਕੁਚੀਲ ਕੁਲ
ਸ਼ਾਂਮ ਕਾ ਸੰਨੇਹ ਕਰਿ ਜੋਬਨਾ ਮੈ ਭਰੀ ਰੀ ॥
ਆਉ ਮੇਰੋ ਪ੍ਰਾਨ ਪਤਿ ਦੀਨਨ ਕੇ ਦਯਾਲ ਲਾਲ
ਨਾਹਿ ਤੋਂ ਮੈ ਮਰੋਂ ਜੀਉਂ ਏਕ ਆਧ ਘਰੀ ਰੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੜਖਾ

ਭਾਦਰੋਂ ਭਰਮ ਤਾਂ ਹੀ ਚੂਕੈ ਰੀ ਸਖੀ ਸ਼ਾਂਮ ਸੁੰਦਰ ਮੇਰੇ ਪਾਸ ਆਵੈ ॥
ਫੂਲ ਰਵੇਲ ਚੰਬੇਲ ਕਰ ਨਾ ਕਲੀ ਸੇਜ ਆਛੀ ਜੁ ਪਲੇਨ ਵਿਛਾਵੈ ॥
ਸੇਜ ਸੁੰਞੀ ਲਗੀ ਖਾਵਨੇ ਮੋਹਿ ਕੋ ਨਾਮ ਕੀ ਅਗਨ ਭਾਂਬੜ ਮਚਾਵੈ ॥
ਰੈਨ ਅਰ ਦਿਵਸ ਭ੍ਰਮਤਾ ਪਰੀ ਰਾਮ ਰਸ ਰਾਧਕਾਂ ਕੂਕ ਕਰਿ ਕੇ ਸੁਣਾਵੈ ॥੪॥

ਛੰਦ

ਸੁਨ ਭਾਦ੍ਰੋ ਕੀ ਬਾਤ ਸਖੀ ਰੀ, ਪ੍ਰੇਮ ਬੂੰਦ ਨਹਿ ਸ਼ਾਂਮ ਪਠੀ ਰੀ ॥
ਨਿਸ ਬਾਸਰ ਮਨ ਆਗ ਜਗੀ ਰੀ, ਹਰਿ ਦਰਸਨ ਕੀ ਚਾਹਿ ਲਗੀ ਰੀ ॥
ਬਿਹ੍ਰੋ ਪਾਪੀ ਮੈ ਆਨ ਠਗੀ ਰੀ, ਕਰਿ ਬਿਨਤੀ ਰਸ ਰਾਮ ਥਕੀ ਰੀ ॥
ਸ਼ਾਂਮ ਨ ਆਂਵਦਾ ॥੫॥੬॥

ਕੁੰਡਲੀਆ

ਵੈਰਾਗ ਅਧਿਕ ਅਸੂ ਸਖੀ ਸ਼ਾਂਮ ਭਏ ਬਸਿ ਔਰ ॥
ਮੈ ਬਿੰਦ੍ਰਾਬਨ ਫਿਰ ਰਹੀ ਕਿਤੇ ਨ ਮਿਲਦੀ ਠੌਰ ॥
ਕਿਤੇ ਨ ਮਿਲਦੀ ਠੌਰ ਜਤੀ ਬ੍ਰਿਜ ਨਾਰੀ ॥
ਹਸ ਹਸ ਕਰਨ ਕਲੋਲ ਕੰਤ ਜਿਨਕੇ ਘਰ ਬਾਰੀ ॥
ਜਬ ਪ੍ਰੀਤਮ ਬਿਛਰਤ ਭਏ ਤਬ ਕੀ ਮੋਹ ਮਨ ਆਗ ॥
ਚਿੰਤ ਕਰਤ ਭਾਦ੍ਰੋ ਗਯੋ ਅਸੂ ਅਧਿਕ ਵਰਾਗ ॥੧॥

ਸਵੈਯਾ

ਅਸੂ ਉਦਾਸ ਭਯੋ ਮਨ ਰੀ ਬ੍ਰਿਜ ਨਾਥ ਬਿਨਾ ਆਲੀ ਪ੍ਰਾਨ ਉਡਾਂਊ ॥
ਕੈ ਜੀਆ ਨੰਦ ਦੁਆਲ ਖਲੋਵਤ ਬਾਂਹਿ ਖੜੀ ਕਰਿ ਕੇ ਕੁਰਲਾਂਊ ॥
ਏਕ ਕਹੇ ਮਨ ਐਸੀ ਕਰੋਂ ਬਿਧਿ ਸ਼ਾਂਮ ਸੋ ਜਾਇ ਭੁਜਾਂ ਗਹਿ ਲਿਯਾਂਊ ॥
ਕੌਨ ਉਪਾਉ ਕਰੋ ਸਜਨੀ ਗ੍ਰਿਹਿ ਸਾਮ ਬਸੈ ਅਤਿ ਨਾ ਦੁਖ ਪਾਂਊ ॥੨॥

ਕਬਿੱਤੁ

ਅਸੂ ਆਜ ਨਾਂਹਿ ਘਰਿ ਬ੍ਰਿਜ ਕੇ ਘਨਾਈ
ਆਲੀ ਦੇਤ ਹੋਂ ਦੁਹਾਈ ਮਾਈ ਜਸਧਾ ਪੈ ਜਾਇਕੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਹੁ ਮੇਰਾ ਸਾਵਰਾ ਸੁੰਦਰ ਵਰ ਪ੍ਰਾਨ ਪਤਿ
ਰਾਧਕਾਂ ਪਿਆਰੀ ਕੋਲੋਂ ਰਾਖਿਆ ਛਪਾਇਕੈ ॥
ਨੰਦ ਕਾ ਸੀ ਪੂਤ ਨੀ ਕੁਪੂਤ ਐਸੋ ਭਯੋ ਆਜ
ਮਾਲਨੀ ਕੇ ਧਾਮ ਬੈਠਾ ਪ੍ਰੀਤ ਨੂੰ ਬਧਾਇਕੈ ॥
ਤੈਸੋ ਹੀ ਬਚਨ ਬ੍ਰਿਖਭਾਨ ਕੀ ਕੁਮਾਰ ਕਹੇ
ਰਸ ਰਾਮ ਬ੍ਰਿਹੋਂ ਤਨ ਦੀਯੋ ਹੀ ਜਲਾਇਕੈ ॥੩॥

ਕੜਖਾ

ਰੁਤ ਅਸੂ ਬਨੋ ਕਠਨ ਹੈ ਰੀ ਸਖੀ ਨੰਦ ਕੇ ਪੂਤ ਕਿਉ ਦੇਰ ਲਾਈ ॥
ਮਦਨ ਕੇ ਬਾਨ ਤਨ ਛਾਨ ਮੁਰਛਤ ਕਰੀ ਹੋਇ ਬਿਯਾਕਲ ਧਰਨ ਪਰ ਲੁਟਾਈ ॥
ਰੈਨ ਸੋਵਤ ਨਹੀ ਚੈਨ ਪਰਤੀ ਸਖੀ ਦਿਵਸ ਮੈ ਲੋਚਨਾ ਜਲ ਰਹਾਈ ॥
ਕੌਣ ਕਰਤਾ ਪੀਆ ਕਪਟ ਨਾਰੀ ਸੰਗ ਰਾਮ ਰਸ ਰਾਧਕਾਂ ਕਹਿ ਸੁਣਾਈ ॥੪॥

ਛੰਦ

ਸੁਨ ਅਸੂ ਇਹ ਬਾਤ ਵਿਚਾਰਹੁ, ਕੁਬਜਾਂ ਕੇ ਗ੍ਰਿਹਿ ਅਬੀ ਸਿਧਾਰਹੁ ॥
ਲੈ ਜੁਵਤੀ ਸੰਗ ਜਾਇ ਪੁਕਾਰਹੁ, ਅਪਨੇ ਚੀਰ ਲੀਰ ਕਰਿ ਡਾਰਹੁ ॥
ਹਰਿ ਸਨਮੁਖ ਮੈ ਪ੍ਰਾਨ ਨਿਕਾਰਹੁ, ਮਿਲੇ ਸਾਮ ਮੁਖਚੰਦ ਨਿਹਾਰਹੁ ॥
ਪ੍ਰੀਤ ਚਕੋਰ ਦੀ ॥੫॥੭॥

ਕੁੰਡਲੀਆ

ਧਾਰ ਪ੍ਰੇਮ ਕੱਤਕ ਸਖੀ ਕੁਬਜਾਂ ਲੀਏ ਭੁਲਾਇ ॥
ਜਿਉ ਅੰਬਜ ਪੁਰ ਆਲਿ ਭ੍ਰਮਿਓ ਰਹੇ ਸਾਮ ਲਪਟਾਇ ॥
ਰਹੇ ਸਾਮ ਲਪਟਾਇ ਕੁਬਰੀ ਧਾਮ ਬਿਰਾਜੇ ॥
ਰਹੀ ਬਿਨਉ ਕਰਿ ਕੋਟ ਮਾਨ ਮਥਰਾ ਕੇ ਰਾਜੇ ॥
ਕਰ ਜੋਰਤ ਆਰਤ ਭਈ ਸੋ ਬ੍ਰਿਖਭਾਨ ਕੁਮਾਰ ॥
ਅਸੂ ਪਾਛੇ ਬੀਤਿਓ ਸੁਨ ਕੱਤਕ ਚਿਤ ਧਾਰ ॥੧॥

ਸਵੈਯਾ

ਕੱਤਕ ਸੋਂ ਚਿਤ ਚੂਰ ਭਯੋ ਨੰਦ ਲਾਲ ਕੋ ਜਾਇ ਕਹੋ ਤੁਮ ਆਲੀ ॥
ਬੈਨ ਬਜਾਵਤ ਹੈ ਕੁਬਰੀ ਗ੍ਰਿਹਿ ਸੋਵਤ ਰੈਨ ਸੁ ਸੇਜ ਸੁਖਾਲੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸੋ ਸੰਦੇਸ ਦੀਓ ਹਰਿ ਕੋ ਰਾਧੇ ਨਾਮ ਜਪੈ ਤੁਮ ਲੈ ਕਰਿ ਮਾਲੀ ॥
ਢੀਠ ਬਨੇ ਕਮਲਾਪਤਿ ਕਿਉ ਅਬ ਮਾਤ ਜਸੋਮਤ ਦੇਤ ਹੈ ਗਾਲੀ ॥੨॥

ਕਬਿੱਤੁ

ਜੋਬਨ ਜੁਵਾਨੀ ਫਿਰਾਂ ਕੱਤਕ ਦਿਵਾਨੀ ਆਜ
ਕੂਬਰੀ ਸੁਆਨੀ ਪਟਰਾਨੀ ਭਈ ਆਇਕੈ ॥
ਰਾਧਕਾ ਹਰਾਨੀ ਲਾਗੀ ਅੰਗਰੀ ਕੋ ਖਾਨੀ ਦੇਖੋ
ਸਾਵਰੇ ਗੁਮਾਨੀ ਰੀ ਭੁਲਾਨੀ ਪ੍ਰੀਤ ਲਾਇਕੈ ॥
ਜਬ ਕੀ ਮੈ ਆਨੀ ਦੁਖ ਨਾਹਿ ਮਨ ਮਾਨੀ ਆਜ
ਸੰਕਟਾ ਨਿਸਾਨੀ ਜਾਨੀ ਦੇ ਗਯਾ ਲਗਾਇਕੈ ॥
ਸਾਮ ਹੂ ਕੀ ਬਾਨੀ ਊਧੋ ਚਿਤ ਮੈ ਠਰਾਨੀ ਜੈਸੇ
ਬੂੰਦ ਸਵਾਤੀ ਚਾਤ੍ਰਿਕ ਸੁਹਾਨੀ ਮੁਖ ਪਾਇਕੈ ॥੩॥

ਕੜਖਾ

ਮਾਹਿ ਕੱਤਕ ਕਰ ਲੋ ਸਾਥ ਮੇਰੇ ਸਖੀ ਘਾਟ ਲਵੋ ਰੋਕ ਸਾਰਾ ॥
ਸਕਲ ਜੁਵਤੀ ਕਰੋ ਕੂਕ ਪੁਕਾਰ ਨੀ ਸਾਂਮ ਆਵੇ ਮੇਰਾ ਪ੍ਰਾਨ ਪਿਯਾਰਾ ॥
ਬ੍ਰਿਹੋ ਕੀ ਪੀਰ ਤਨ ਚੀਰ ਲੀਰਤ ਕੀਯੋ ਪ੍ਰਾਨ ਚਾਹਤ ਚਲੋਂ ਗਹਿ ਕਨਾਰਾ ॥
ਕਿਉ ਭਈ ਬੇਰ ਅਬ ਟੇਰ ਰਾਧੇ ਥਕੀ ਦੇਤ ਨਹਿ ਸਾਂਮ ਸੁਖ ਸਦਨ ਭਾਰਾ ॥੪॥

ਛੰਦ

ਮੈ ਕੱਤਕ ਕਿਉ ਭਈ ਨਿਰਾਸੀ, ਕੁਬਜਾਂ ਗ੍ਰਿਹਿ ਬੈਠੇ ਅਬਿਨਾਸੀ ॥
ਕੈਸਾ ਕੀਆ ਕੰਸ ਕੀ ਦਾਸੀ, ਇਹੀ ਬਾਤ ਉਨਕੇ ਮਨ ਭਾਸੀ ॥
ਐਸੀ ਪਾਈ ਪ੍ਰੇਮ ਕੀ ਫਾਸੀ, ਆਵਣ ਜਾਣ ਨ ਜਾਦ ਰਹਾਸੀ ॥
ਨੰਦ ਕੁਮਾਰ ਕੋ ॥੫॥੮॥

ਕੁੰਡਲੀਆ

ਮਾਸ ਮਕਰ ਮਨ ਹਰ ਲੀਓ ਇਸ ਬੰਸੀ ਨੇ ਆਜ ॥
ਕੁੰਬਜਾਂ ਕੇ ਗ੍ਰਿਹਿ ਬਾਜਤੀ ਸੁਨ ਵਸਿ ਭਏ ਖਗ ਰਾਜ ॥
ਸੁਨ ਵਸਿ ਭਏ ਖਗ ਰਾਜ ਆਜ ਮਨ ਲਗੀ ਪਿਆਰੀ ॥
ਥਕਤ ਭਏ ਸਭ ਲੋਕ ਬੰਸਰੀ ਸੁਧ ਬੁਧ ਮਾਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਜ ਭਵਨ ਕੇ ਭੂਲਿਓ ਜੋ ਬ੍ਰਿਜ ਮਾਂਹਿ ਨਿਵਾਸ ॥
ਕਰਿ ਬ੍ਰਿਲਾਪ ਕੱਤਕ ਗਯੋ ਮਕਰ ਸੂਕ ਤਨ ਮਾਸ ॥੧॥

ਸਵੈਯਾ

ਮੱਘਰ ਮਹਿ ਪੁਕਾਰ ਪਰੀ ਬੰਸਰੀ ਸੁਨ ਪ੍ਰੇਮ ਜਗਯੋ ਤਨ ਮੈ ॥
ਜਿਤਨੀ ਸਭ ਬਾਮ ਭਾਗਾ ਲਲਿਤਾ ਗ੍ਰਹਿ ਸੋਂ ਨਿਤ ਸੋਚ ਕਰੇ ਮਨ ਮੈ ॥
ਮ੍ਰਿਗ ਰਾਜ ਰਹੇ ਲਪਟਾਇ ਮਹੀ ਸੁਨ ਸਾਧ ਅਤੀਤ ਜੇਊ ਬਨ ਮੈ ॥
ਰਸ ਰਾਮ ਪਰੀ ਧੁਨ ਕਾਨ ਖਗੀ ਪਤਿ ਮੋਹਤ ਹੋਤ ਗਿਰੇ ਛਿਨ ਮੈ ॥੨॥

ਕਬਿੱਤੁ

ਮਘਰ ਬਜਾਈ ਬੰਸੀ ਮਾਲਨੀ ਕੇ ਧਾਮ ਸਾਂਮ
ਗਾਵੈ ਰਾਗ ਮਾਰੂ ਨਟ ਕਾਨਰਾ ਕਲਾਨਰੀ ॥
ਮਾਲ ਕੌਂਸ ਗੌਡ ਸੰਗ ਭੈਰਵੀ ਅਲਾਪ ਲੋਗ
ਬਾਦਰ ਮਲ੍ਹਾਰ ਸੁਨ ਆਏ ਉਸ ਥਾਨ ਰੀ ॥
ਜੰਗਲਾ ਸੁਨਤ ਮ੍ਰਿਗ ਭਏ ਵਸਿ ਤਾਂਹੀ ਛਿਨ
ਸੋਰਠ ਬਿਹਾਗ ਮੇਘ ਦੀਪਕ ਕੀ ਤਾਨ ਰੀ ॥
ਐਸੀ ਬੰਸੀ ਬਾਜਤ ਹੈ ਕੁਵਰੀ ਕੇ ਧਾਮ ਆਲੀ
ਸੋਈ ਧੁਨ ਪਰੀ ਆਨ ਰਾਧਕਾਂ ਦੇ ਕਾਨ ਰੀ ॥੩॥

ਕੜਖਾ

ਮਾਸ ਮੱਘਰ ਅਧਰ ਧਰ ਕੇ ਟੇਰਤ ਜਬੀ ਸੁਨਤ ਸਿਵ ਬ੍ਰਹਮ ਨਹਿ ਅੰਤ ਪਾਯੋ ॥
ਇੰਦ੍ਰ ਥੀ ਆਦਿ ਸਨਕਾਦਿ ਮੁਨੀ ਧਿਆਨ ਛੂਟਤ ਧਰਨ ਪਰ ਗਿਰਾਯੋ ॥
ਤਪੀ ਤਪ ਛੋਡ ਬਨ ਮਾਹਿ ਮੁਰਛਤ ਭਏ ਸੁਨਤ ਸੁਰ ਲੋਕ ਮੈ ਪ੍ਰੇਮ ਭ੍ਰਾਯੋ ॥
ਬਾਜਤੀ ਰਾਮ ਰਸ ਬਾਂਸ ਕੁਬਜਾਂ ਭਵਨ ਰਾਧਕਾਂ ਸ੍ਰਵਨ ਕਰਿ ਮਨ ਲੁਭਾਯੋ ॥੪॥

ਛੰਦ

ਮਕਰ ਮਾਸ ਬੰਸੀ ਧੁਨ ਭਾਰੀ, ਖਗ ਸੁਨ ਬਨਹਿ ਰਹੇ ਮੁਰਝਾਰੀ ॥
ਜੇ ਮੈ ਹੁੰਦੀ ਉਸੇ ਪਿਆਰੀ, ਰਹਿੰਦੇ ਪਾਸ ਸਦਾ ਗਿਰਧਾਰੀ ॥
ਕਿਉ ਦੁਖ ਭੋਗਦੀ ॥੫॥੯॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੰਡਲੀਆ

ਪੋਹੁ ਪ੍ਰੀਤਮ ਪਰ ਵਸਿ ਹੂਏ ਤਾਂ ਮੈ ਭਈ ਕਿਰੇਸ ॥
ਸੁਖ ਸਮੁੰਦ੍ਰ ਹਰਿ ਲੈ ਗਏ ਦੁਖ ਨਿਧ ਉਰਹਿ ਪ੍ਰਵੇਸ ॥
ਦੁਖ ਨਿਧ ਉਰਹਿ ਪ੍ਰਵੇਸ ਮੀਤ ਜਬ ਕੇ ਭਏ ਨਿਆਰੇ ॥
ਕਾਲਿੰਦ੍ਰੀ ਤਟ ਬਿਨਾ ਸਾਂਮ ਕੋ ਗਊਆਂ ਚਾਰੇ ॥
ਸਗਲ ਕਸਟ ਉਪਜੇ ਸਖੀ ਸਪਤ ਮੁਝੇ ਹੈ ਤੋਹ ॥
ਮੱਘਰ ਮੀਤ ਭੁਲਾਈਆਂ ਬਡੋ ਪਰਮ ਦੁਖ ਪੋਹ ॥੧॥

ਸਵੈਯਾ

ਪੋਹੁ ਪਤੀ ਲਿਖ ਭੇਜ ਰਹੀ ਨਹਿ ਮਾਨਤ ਸਾਂਮ ਬਡੇ ਅਭਿਮਾਨੀ ॥
ਕਿਆ ਉਪਜੀ ਹਰਿ ਕੇ ਮਨ ਮੈ ਕਮਲਾ ਛਡਿ ਮੱਤ ਵਸਹਿ ਲਪਟਾਨੀ ॥
ਕੀਰਤ ਛੋਡ ਲੀਯੋ ਅਪਕੀਰਤ ਜਾਂ ਕੁਬਜਾਂ ਸੰਗ ਪ੍ਰੀਤ ਬਢਾਨੀ ॥
ਬਾਸਰ ਰੈਨ ਨਾ ਚੈਨ ਮੋਹੂ ਰਸ ਰਾਮ ਭਈ ਕੁਵਰੀ ਪਟਰਾਨੀ ॥੨॥

ਕਬਿੱਤੁ

ਪੋਹੁ ਪਤੀ ਤੇਰੋ ਏਕ ਆਖਦੇ ਅਹੀਰ ਆਲੀ
ਏਕ ਕਹੈ ਜਾਦਵਾ ਕੋ ਨਾਥ ਨੰਦ ਲਾਲ ਨੀ ॥
ਏਕ ਕਹੈ ਨੰਦ ਸੁਤ ਜਸਧਾ ਕੀ ਗੋਦ ਖੇਲੈ
ਏਕ ਕਹੈ ਬਾਸਦੇਵ ਦੇਵਕੀ ਕਾ ਬਾਲ ਨੀ ॥
ਏਕ ਹੁਨਿ ਕਹੈ ਤੈਨੂੰ ਛੋਡਿਆ ਵਿਸਾਰ ਰਾਧੇ
ਕੁਬਰੀ ਦੀ ਯਾਰ ਕਿਥੋ ਸਿਖਿਆ ਅਤਿ ਭਾਲਨੀ ॥
ਤਿਨ ਹੂੰ ਕੀ ਕੌਨ ਗਤਿ ਕਹਾਂ ਮੇਰੀ ਨਾਂਹ ਮਤਿ
ਐਸੋ ਮੇਰੋ ਪਤਿ ਰਤਾ ਮਾਲਨੀ ਦੇ ਨਾਲ ਨੀ ॥੩॥

ਕੜਖਾ

ਪੋਹੁ ਪ੍ਰੀਤਮ ਬਿਨਾ ਸਗਲ ਬ੍ਰਿਜ ਕੀ ਸਖੀ ਦੁਖਤ ਅਰ ਰੈਨ ਨ ਚੈਨ ਆਵੈ ॥
ਨੀਦ ਲੋਚਨ ਦਿਵਸ ਆਵਤ ਨਹੀ ਢਰਤ ਆਸੂ ਅਨਲ ਤਨ ਜਰਾਵੈ ॥
ਕਟਕ ਗਵਾਰਨ ਲਟਕ ਪਰਤ ਬਿਆਕਲ ਮਹੀ ਫਟਕ ਧੁਨ ਸੀਸ ਕੂਕਤ ਬਿਹਾਵੈ ॥
ਪਰਤ ਦੁਖ ਭਰਤ ਬਿਧ ਕੇ ਲਿਖੇ ਰਾਮ ਰਸ ਰਾਧਕਾਂ ਸਖੀ ਪ੍ਰਤਿ ਕਹਿ ਸੁਨਾਵੈ ॥੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ

ਪੋਹੁ ਪ੍ਰੀਤ ਕਾਰਨ ਉਠ ਧਾਈਆਂ, ਕਾਲਿੰਦ੍ਰੀ ਤਟ ਦੇਨਿ ਦੁਹਾਈਆਂ ॥
ਭੁਜਾ ਖਲੀ ਦ੍ਰਿਗ ਭਰ ਕੁਰਲਾਈਆਂ, ਵੇ ਘਰਿ ਆਉ ਬ੍ਰਿਜ ਦਿਆ ਸਾਈਆਂ ॥
ਦੁਖ ਜਾਵਨ ਸੁਖ ਦੇਨਿ ਦਿਖਾਈਆਂ, ਗ੍ਰਿਹਿ ਗ੍ਰਿਹਿ ਹਮਰੇ ਮਿਲਨ ਵਧਾਈਆਂ ॥
ਦਰਸਨ ਦੇਖ ਕੈ ॥੫॥੧੦॥

ਕੁੰਡਲੀਆ

ਮਾਘ ਲਾਖ ਬਿਨਤੀ ਕਰੀ ਅਜੇ ਨ ਮਾਨਤ ਸਾਮ ॥
ਕਰਿ ਬੰਦਤ ਉਸਤਤਿ ਕਰੋ ਜੇ ਆਵਨ ਬ੍ਰਿਜ ਧਾਮ ॥
ਜੇ ਆਵਨ ਬ੍ਰਿਜ ਧਾਮ ਬਾਮ ਸਭ ਖਲੀ ਪੁਕਾਰੀ ॥
ਤੁਮ ਭਗਤਾਂ ਕੇ ਕਾਜ ਬੇਗ ਨਹਿ ਕਰੋ ਮੁਰਾਰੀ ॥
ਦੁਖ ਪਾਵਤ ਹੋ ਸੁੰਦਰੀ ਗ੍ਰਿਹਿ ਕੁਬਜਾਂ ਕੇ ਭਾਗ ॥
ਕਸਟ ਮਾਹਿ ਪੋਹੁ ਬੀਤਿਓ ਆਸ ਮਿਲਨ ਕੀ ਮਾਘ ॥੧॥

ਸਵੈਯਾ

ਮਾਘ ਤਿਆਗ ਦਈ ਕਮਲਾ ਨਹਿ ਲਾਜ ਪਰੀ ਤੁਮ ਕੋ ਹਰਿ ਪਿਆਰੇ ॥
ਤੂੰ ਅਵਤਾਰ ਭਯੋ ਜਬਕਾ ਦੁਖ ਦੇਖਤ ਨਹਿ ਕਿਉ ਆਜ ਵਿਸਾਰੇ ॥
ਭੀਰ ਪਰੀ ਗਜ ਕੋ ਨਿਧ ਮੈ ਰਛਪਾਲ ਕਰੀ ਖਗ ਛੋਡ ਸਿਧਾਰੇ ॥
ਨੰਦ ਕੇ ਲਾਲ ਗੁਪਾਲ ਚਿੰਤਾ ਮਨ ਮੇਟਤ ਨਹਿ ਕੋਊ ਕਾਜ ਬਿਗਾਰੇ ॥੨॥

ਕਬਿੱਤੁ

ਮਾਘ ਆਲੀ ਮੇਰੋ ਪਤਿ ਭਗਤਾਂ ਕੇ ਰਾਖੇ ਸਤਿ
ਅਗਤਨ ਦੇ ਭਗਤਿ ਕੈਸੇ ਕੈ ਭੁਲਾਏ ਹੈ ॥
ਦ੍ਰੋਪਤਾ ਨਗਨ ਕਰੀ ਜਪੇ ਮੁਖੋ ਨਾਮ ਹਰੀ
ਐਸੀ ਕ੍ਰਿਪਾ ਕਰੀ ਚੀਰ ਕੋਟ ਕਬ ਧਾਇ ਹੈ ॥
ਲਾਖ ਪਾਪੀ ਕੋਟ ਘਾਤੀ ਕੇਤਕੀ ਕਹਾਂ ਮੈ ਬਾਤੀ
ਏਕ ਨਾਮ ਲੀਏ ਸਾਂਮ ਭੌਜਲ ਤਰਾਇ ਹੈ ॥
ਸੋਈ ਬ੍ਰਿਖਭਾਨ ਕੀ ਕੁਮਾਰ ਕੋ ਵਿਸਾਰ ਹਰਿ
ਬੈਠੇ ਮੁਖ ਮੋਰ ਕੋਊ ਔਗਣ ਲਗਾਇ ਹੈ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੜਖਾ

ਮਾਘ ਮਨ ਮੈ ਭਈ ਆਸ ਮੇਰੇ ਸਖੀ ਕਿਉ ਨ ਆਵਤ ਇਤੀ ਬੇਰ ਲਾਈ ॥
ਛੂਟਤੇ ਪ੍ਰਾਨ ਤਨ ਸੁਕਤ ਪਿੰਜਰ ਭਯੋ ਤੁਮ ਬਿਨਾ ਸਾਮ ਆਰਤ ਦੁਖ ਖਾਈ ॥
ਦੁਖਤ ਨਰ ਨਾਰ ਬ੍ਰਿਜ ਕੀ ਸਗਲ ਰੈਨ ਦਿਨ ਪਰਤ ਨਹਿ ਚੈਨ ਬਿਰਹੋਂ ਸੰਤਾਈ ॥
ਕੀਯੋ ਨਿਵਰਤ ਹੰਕਾਰ ਹਰਿ ਰਾਮ ਰਸ ਰਾਧਕਾਂ ਜਾਨ ਪਿਆਰੀ ਕਨ੍ਹਾਈ ॥੪॥

ਛੰਦ

ਕੀਯੋ ਅਭਿਮਾਨ ਰਾਧਕਾਂ ਪਿਆਰੀ, ਮੈ ਜੇਹੀ ਨਾ ਸੁੰਦਰ ਨਾਰੀ ॥
ਤਬਹਿ ਪ੍ਰੀਤ ਕੁਬਜਾਂ ਸੰਗ ਧਾਰੀ, ਗਰਬ ਛੀਨ ਵਸਿ ਦੀਨ ਮੁਰਾਰੀ ॥
ਰਾਧੇ ਕੋਟਿ ਮਿਨਤ ਕਰਿ ਹਾਰੀ, ਤਬਹਿ ਸਾਂਮ ਮਨ ਬਾਤ ਵਿਚਾਰੀ ॥
ਪਿਆਰੀ ਜਾਣਕੈ ॥੫॥੧੧॥

ਕੁੰਡਲੀਆ

ਫਾਗਨ ਮਨ ਤਨ ਅਤਿ ਆਨੰਦ ਗ੍ਰਿਹਿ ਆਏ ਬ੍ਰਿਜ ਨਾਥ ॥
ਸਗਲ ਬਾਮ ਹਰਖਤ ਭਈ ਜੋਊ ਰਾਧਕਾਂ ਸਾਥ ॥
ਜੋਊ ਰਾਧਕਾਂ ਸਾਥ ਹਾਥ ਆਰਤੀ ਲਿਆਵੇ ॥
ਬਾਜਤ ਢੋਲ ਮ੍ਰਿਦੰਗ ਤਾਨ ਸੁਰ ਦੇ ਕਰ ਗਾਵੇ ॥
ਨਾਚਤ ਰਾਧੇ ਨੰਦ ਸੁਤ ਜੋੜੀ ਅਟਲ ਸੁਹਾਗ ॥
ਮਾਘ ਆਗ ਪੀਛੇ ਰਹੀ ਮਿਟੇ ਕਸਟ ਸਭ ਫਾਗ ॥੧॥

ਸਵੈਯਾ

ਫਾਗਨ ਮਹਿ ਹੁਲਾਸ ਭਯੋ ਹੋਰੀ ਖੇਲਤ ਸਾਂਮ ਸੰਗ ਬ੍ਰਿਜ ਸਾਰੀ ॥
ਢੋਲ ਮ੍ਰਿਦੰਗ ਬਜਾਵਤ ਸੰਗ ਉਡਾਵਤ ਰੰਗ ਚਲੇ ਪਿਚਕਾਰੀ ॥
ਗਾਵਤ ਏਕ ਭਰੀ ਸੁਰ ਸੋ ਇਕ ਤਾਲ ਬਜਾਵਤ ਹਾਥ ਪਸਾਰੀ ॥
ਕੌਨ ਕਹੈ ਉਨਕੀ ਛਬ ਰਾਮ ਭਲੀ ਬਿਧ ਸੋ ਸਭ ਨਾਚਤ ਨਾਰੀ ॥੨॥

ਕਬਿੱਤੁ

ਫਾਗਨ ਜੁ ਆਏ ਮਨ ਭਾਏ ਹੈ ਹੁਲਾਸ ਸਖੀ
ਬਾਜਤ ਮ੍ਰਿਦੰਗ ਧੁਨਿ ਖੇਲੇ ਸਾਂਮ ਹੋਰੀਆਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਮਨਾ ਕੇ ਤੀਰ ਪਰੀ ਭੀਰ ਕੌਨ ਧਰੈ ਧੀਰ
ਸਾਵਰ ਸਰੀਰ ਐਸੇ ਕਰੈ ਮਿਲ ਜੋਰੀਆਂ ॥
ਐਸੀ ਛਬ ਆਈ ਉਪਮਾ ਕਹੀ ਨ ਜਾਈ ਮੋਪੈ
ਕਹੈ ਰਸ ਰਾਮ ਸੰਗ ਲਈਆਂ ਬ੍ਰਿਜ ਗੋਰੀਆਂ ॥
ਖੇਲਤ ਹੈ ਨੰਦ ਲਾਲ ਰਾਧਕਾਂ ਪਿਆਰੀ ਨਾਲ
ਇਸੀ ਭਾਂਤ ਖੇਲੈ ਸਭੀ ਭਰੀ ਰੰਗ ਝੋਰੀਆਂ ॥੩॥

ਕੜਖਾ

ਰੁਤ ਫਾਗਨ ਬਡੇ ਭਾਗ ਬ੍ਰਿਜ ਕੇ ਸਖੀ ਸਾਵਰਾ ਕਾਨ ਮੁਰਲੀ ਬਜਾਵੈ ॥
ਬ੍ਰਿਜ ਜੁਵਤੀ ਸੁਨਤ ਹਰਖ ਮਨ ਮੈ ਭਯੋ ਸਭਨ ਕੇ ਨਾਮ ਲੈ ਲੈ ਬੁਲਾਵੈ ॥
ਅਧਰ ਬੰਸੀ ਮਧਰ ਚਲਤ ਬਨ ਮੈ ਫਿਰਤ ਕਰਤ ਕਲੋਲ ਜੁਵਤਨ ਰਿਝਾਵੈ ॥
ਦਾਨ ਦਧ ਲੇਤ ਰਸ ਰਾਮ ਮਾਰਗ ਖੜਾ ਜਾਨ ਨਹਿ ਦੇਤ ਤਰਨੀ ਜੁ ਆਵੈ ॥੪॥

ਛੰਦ

ਫਾਗ ਸਾਂਮ ਰਾਧਾ ਗ੍ਰਿਹਿ ਆਏ, ਸੁਖ ਉਪਜੇ ਦੁਖ ਸਭ ਬਿਸਰਾਏ ॥
ਗ੍ਰਿਹਿ ਭੀਤਰ ਸੁਖ ਸੇਜ ਵਿਛਾਏ, ਨੰਦ ਕੁਮਾਰ ਅੰਗ ਲੈ ਆਏ ॥
ਜਿਨ ਸਿਮਰਿਓ ਹਰਿ ਹਿਤ ਚਿਤ ਲਾਏ, ਸੋ ਨਰ ਮੁਕਤਿ ਦਾਨ ਫਲ ਪਾਏ ॥
ਕਵੀ ਸੁਣਾਵਦਾ ॥੫॥੧੨॥

ਛਪੈ

ਸੰਮਤ ਅਜ ਮੁਖ ਦ੍ਰਿਸਟ ਕੰਠ ਦਸ ਗ੍ਰਿਹਿ ਸਸ ਜਾਨੋ ॥
ਕ੍ਰਿਸਨ ਪੱਖ ਭ੍ਰਿਗਵਾਰ ਤਿਥ ਅਸਟਮ ਹਿਤ ਮਾਨੋ ॥
ਮਾਘ ਮਾਸ ਰਿਤ ਸਿਸਰ ਰਾਮ ਤੁਲ ਦਿਜ ਉਚਾਰ ਬਰਿ ॥
ਐਰਾਵਤ ਕੇ ਕੂਲ ਨਾਮ ਰਸ ਰਾਮ ਪ੍ਰੀਤ ਧਰ ॥
ਨਾਨਕ ਸਥਾਨ ਦੇਹਰਾ ਪੁਰੀ ਬਸਤ ਭਗਤਿ ਗੋਪਾਲ ਕਾ ॥
ਗੁਰ ਲਾਲ ਦਿਆਲ ਕਰਣਾ ਕਰੀ ਦੁਰਗਾ ਜੀ ਰਛਪਾਲ ਕਾ ॥੧॥

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਸਤ ਰਾਮ

ਸੰਬਾਦਿ ਊਧੋ ਤਥਾ ਗੋਪੀਆ ਕਾ

ਵਾਰੀ ਵਾਰਿ ਵਾਰੀ ਲਖ ਵਾਛੀਆਂ ਨੀ, ਇਸ ਮੋਹਨਿ ਤੋਂ ਸਭ ਵਾਰੀਆਂ ਨੀ ॥
੧॥ ਰਹਾਉ ॥

ਆਉ ਸਖੀਏ ਮਸਲਤਿ ਕੀਜੀਏ ਨੀ, ਜਿਤੁ ਮੋਹਨਿ ਮਥਰਾ ਨਾ ਜਾਵੈ ॥
ਅਸਾਂ ਸੁੰਦਰ ਰੂਪ ਨਿਹਾਰਿਦੀਆਂ ਨੂੰ, ਕੋਈ ਦੁਖ ਵਿਛੋੜੇ ਦਾ ਨਾ ਪਾਵੈ ॥
ਦਿਨੁ ਬੀਤਦਾ ਪੰਧੁ ਤਕੇਂਦੀਆਂ ਨੂੰ, ਸੁਖ ਹੋਇ ਜਾ ਧੈਨ ਚਰਾਇ ਆਵੈ ॥
ਮਸਤ ਰਾਮ ਉਹ ਸੁਖ ਨ ਸਉਦੀਆਂ ਨੀ, ਜਿਨਾ ਪ੍ਰੇਮ ਕਲੇਜੜੇ ਘਾਉ ਲਾਵੈ ॥੧॥

ਪਹਿਲੇ ਚਲ ਅਕ੍ਰੂਰ ਨੂੰ ਪੁਛੀਏ ਨੀ, ਆਖਿ ਘਿੰਨਕੇ ਰਥ ਤੂੰ ਕਿਉਂ ਆਇਆ ॥
ਅਸਾਂ ਮਛੀਆਂ ਨੀਰ ਦੀਦਾਰ ਦੀਆਂ ਨੂੰ, ਕੇਹਾ ਆਇ ਅਚੇਤੜਾ ਜਾਲੁ ਪਾਇਆ ॥
ਦੁਖ ਦੇਤੜਾ ਭੀ ਦੁਖ ਪਾਂਵਦਾ ਈ, ਰਾਵਨ ਦੁਖੁ ਸੀਆ ਦੇ ਬੇਗਿ ਤਾਇਆ ॥
ਮਸਤ ਰਾਮ ਦੁਖਾਇ ਸੀ ਦੁਖੀਆ ਨੂੰ, ਜਾਣੁ ਤਿਸ ਭੀ ਆਪਿ ਨੂੰ ਦੁਖ ਲਾਇਆ ॥੨॥

ਰਾਤੀ ਮਹਰ ਮੇਰੇ ਕੋਈ ਪਿੰਡ ਦਾ ਨੀ, ਮੋਹਨਿ ਆਪਿ ਅਸਾਡੜੇ ਕੋਲ ਰਹੇ ॥
ਦਇਆਵਾਨੁ ਨ ਕੋਈ ਉਠਦਾ ਨੀ, ਅਕ੍ਰੂਰ ਨੂੰ ਜਾਇਕੇ ਏਵ ਕਹੇ ॥
ਜੀਅ ਪ੍ਰਾਣ ਅਸਾਡੜੇ ਲੈਣ ਆਇਆ, ਸਾਈਆਂ ਤਿਸ ਭੀ ਬਿਰਹਾ ਦਾ ਤਾਪ ਗਹੇ ॥
ਮਸਤ ਰਾਮ ਜੀਵਣ ਭੀ ਮਰਨ ਜੇਹਾ, ਜਿਨਾ ਨਿਤ ਬਿਰਹੋ ਦੀ ਆਂਚ ਦਹੇ ॥੩॥

ਜੀਵਣ ਮਰਣ ਜੇਹਾ ਕਿਥੋਂ ਕਢੀਏ ਨੀ, ਮੁਇਆ ਦੁਖੁ ਨ ਕੋਈ ਦਿਸਦਾ ਈ ॥
ਸਾਸਿ ਸਾਜਿ ਚਿਖਾ ਬਲ ਉਠਦੀ ਨੀ, ਲਗਾ ਤਾਉ ਕਲੇਜਾ ਰਿਸਦਾ ਨੀ ॥
ਖਾਣ ਪੀਣੁ ਨਹੀ ਕਿਛੁ ਭਾਵਦਾ, ਇਹੁ ਨੇਹੁ ਪਿਆਲਾ ਬਿਸੁ ਦਾ ਈ ॥
ਮਸਤ ਰਾਮ ਜਿਨਾ ਬਿਖ ਖਾਧੀਆ ਜੀ, ਕਿਤ ਲੇਖੜੇ ਜੀਵਣ ਤਿਸਦਾ ਈ ॥੪॥

ਨੇਹੁ ਲਾਇਕੇ ਲਜ ਨ ਭਾਲੀਏ ਨੀ, ਇਸੁ ਲਜ ਥੀ ਨੇਹੁ ਲਜਾਈਏ ਜੀ ॥
ਜਿਥੇ ਮਨੁ ਗਇਆ ਤਨੁ ਧਨੁ ਗਇਆ, ਕੈਸੇ ਰੂਈ ਸੋਂ ਭਾਹਿ ਬੁਝਾਈਏ ਜੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਲ ਪ੍ਰੀਤ ਹੀ ਮਾਰਗ ਰਕੀਏ ਨੀ, ਕਿਸ ਕਿਸ ਨੂੰ ਬਿਰਹੁ ਸੁਨਾਈਏ ਜੀ ॥
ਮਸਤ ਰਾਮ ਸਾਵਲ ਨਹੀ ਜਾਣ ਦੀਜੈ, ਨਹੀਂ ਆਪਣੇ ਆਪ ਕੋ ਘਾਈਏ ਜੀ ॥੫॥

ਜਿਨਾ ਨੇਹੁ ਲਗਾ ਤਿਨਾ ਸੁਖੁ ਕੇਹਾ, ਸੁਖ ਢੂੰਢਣਿ ਨੇਹੁ ਵਿਹੂਣੀਆ ਨੀ ॥
ਹਸ ਗਲ ਨਾ ਕਾਈ ਨਿਕਲੇ ਨੀ, ਨੈਣੀ ਨੀਰ ਤੇ ਨਿਮੋਝੂਣੀਆਂ ਨੀ ॥
ਕਿਰਮ ਅਗਿ ਦੇ ਜਿਉ ਸਦਾ ਅਗਿ ਭਾਲਣ, ਵਿਚ ਅਗ ਹੀ ਦੇ ਨਿਤ ਦੂਣੀਆਂ ਨੀ ॥
ਮਸਤ ਰਾਮ ਤਿਨਾ ਸਭ ਭੁਲ ਗਇਆ ਪਛੀ ਚਰਖਾ ਤੇ ਨਾਲੇ ਪੂਣੀਆਂ ਨੀ ॥੬॥

ਉਠ ਕਾਂਨ ਸਵੇਰ ਸਵਾਰ ਹੋਇਆ, ਆਕ੍ਰੂਰ ਨੇ ਰਥ ਚਲਾਇ ਦੀਆ ॥
ਅਕ੍ਰੂਰ ਨਹੀ ਕੋਈ ਕ੍ਰੂ ਹੈ ਜੀ, ਜਾਕਾ ਸੈਲ ਹੂ ਤੇ ਕਠੋਰ ਜੀਆ ॥
ਬ੍ਰਿਜ ਲੋਕ ਬਿਓਗ ਕੇ ਵਸ ਪਰੇ ਯੋਹੀ ਟੇਰ ਕਰੇ ਹਾਇ ਹਾਇ ਦਈਆ ॥
ਮਸਤ ਰਾਮ ਬਿਰਹੁ ਨੇ ਤਾਉ ਡਾਲਾ, ਨਹੀ ਸੂਝ ਰਹੀ ਕਉਣ ਭੈਣ ਭਈਆ ॥੭॥

ਹਾਇ ਹਾਇ ਪੁਕਾਰੇ ਸਭ ਕੋਈ, ਹਾਇ ਹਾਇ ਬਿਧਾਤੇ ਕਿਆ ਕੀਆ ॥
ਹਮ ਨੈਨ ਨ ਦੇਖ ਅਘਾਇ ਲੀਓ, ਤਾਤਕਾਲ ਹੀ ਤਾਹਿ ਬਿਛੋੜ ਦੀਆ ॥
ਦਇਆਵਾਨ ਕਹੈ ਸਭੀ ਲੋਕੁ ਤੁਝੇ, ਪਰ ਬੂਝ ਪਰੀ ਹਮੇ ਅਉਰ ਸੀਆ ॥
ਮਸਤ ਰਾਮ ਕਹੋ ਕਿਸ ਦੋਸੁ ਦੀਜੈ, ਯਹ ਖੇਲ ਖੇਲਤ ਹੈ ਆਪ ਪੀਆ ॥੮॥

ਮਧੁਰ ਪੁਰ ਕੀ ਨਾਰਿ ਸੁਘੜ ਸੁਣੀ, ਤਾਤੇ ਆਪ ਹੀ ਚਿਤ ਉਠਾਇਆ ਹੈ ॥
ਬ੍ਰਿਜ ਨਾਰ ਸਕਲ ਕਰੂਪ ਭਾਸੀ, ਅਕ੍ਰੂਰ ਬਹਾਨਾ ਪਾਇਆ ਹੈ ॥
ਨਹੀ ਕੰਨੁ ਅਕ੍ਰੂਰ ਵਿਚਿਤਿ ਸਦਾ, ਲੈ ਸਿਯਾਮ ਕੋ ਸਾਥ ਸਿਧਾਇਆ ਹੈ ॥
ਮਸਤ ਰਾਮ ਬਕੀ ਤੇ ਆਦਿ ਲੇ ਜੀ, ਜਿਨ ਕਾਲ ਕੇ ਨੀਰੁ ਬਹਾਇਆ ਹੈ ॥੯॥

ਕਹੋ ਸਖੀਓ ਅਬ ਕਿਆ ਕੀਜੀਏ ਨੀ, ਜੁਗੁ ਜਾਮਨੀ ਹੈ ਜੁਗ ਭੋਰ ਭਇਆ ॥
ਹਸ ਖੇਲਣਾ ਤੇ ਸੁਖੁ ਸੋਵਣਾ ਜੀ, ਸਭ ਸੁਖੁ ਸਰੂਪ ਕੇ ਸਾਥਿ ਗਇਆ ॥
ਅਬ ਹਾਰ ਸੀਗਾਰ ਕੀ ਸੁਧ ਗਈ, ਰੋਮ ਰੋਮ ਸਭ ਆਇ ਬਿਓਗ ਛਇਆ ॥
ਮਸਤ ਰਾਮ ਕਿਆ ਕਰਨਿ ਵੀਚਾਰੀਆਂ ਨੀ, ਜਿਥੇ ਆਇ ਬਿਓਗ ਦਾ ਬਾਘ ਪਇਆ ॥੧੦॥

ਅਬ ਨੰਦ ਕੇ ਮੰਦਰ ਜਾਇਕੇ ਨੀ, ਕਹੋ ਕਉਨ ਕੋ ਜਾਇ ਨਿਹਾਰੀਏ ਜੀ ॥
ਸੂਨ ਠਉਰ ਕੋ ਦੇਖ ਕੇ ਰੋਈਏ ਨੀ, ਰੋਇ ਰੋਇ ਕੇ ਦੇਹਿ ਕੋ ਜਾਰੀਏ ਜੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਵਾਂਢੀਆਂ ਦਾ ਸਭੇ ਵੇਸ ਕਰੋ, ਨੈਣੀ ਅੰਜਨ ਨੀਰ ਕਾ ਧਾਰੀਏ ਜੀ ॥
ਮਸਤ ਰਾਮ ਬਿਧਾਤੇ ਲੇਖੁ ਲਿਖਿਆ, ਨਹੀ ਟਰੇ ਕੈਸੇ ਕਰਿ ਟਾਰੀਏ ਜੀ ॥੧੧॥

ਅਬ ਕਉਣੁ ਛਪਾਇਗੋ ਚੀਰ ਕੋ ਨੀ, ਬੰਸੀ ਕਉਣ ਬਜਾਇਗੋ ਸਾਂਝ ਸਮੇ ॥
ਕਉਣੁ ਬਨ ਮੈ ਗੋਰਸ ਖਾਇਗੋ ਨੀ, ਖਸਿ ਖਸਿ ਕੈ ਮਾਰਗਿ ਰੋਕ ਹਮੇ ॥
ਦੂਧੁ ਮਖਣੁ ਕਉਣੁ ਚੁਰਾਇਗੋ ਨੀ, ਯਾ ਦੁਖ ਅਪਾਰ ਨਾ ਜਾਤ ਕਹੇ ॥
ਮਸਤ ਰਾਮ ਤਿਸੈ ਨਹੀ ਜਾਣਿ ਦੇਤੀ, ਪਰ ਭੂਲ ਗਈ ਹਮ ਆਪੁ ਤਬੈ ॥੧੨॥

ਅਬ ਮੀਤ ਗਇਆ ਤਉ ਪ੍ਰੀਤਿ ਹੈ ਕਿਉ, ਤਿਸੁ ਪ੍ਰੀਤਿ ਸੋ ਮਨੁ ਪਰਚਾਈਏ ਜੀ ॥
ਜੋ ਜੋ ਖੇਲ ਕਰੀ ਹੈ ਸਾਵਰੇ ਨੇ, ਮਿਲ ਆਪ ਸੋ ਖੇਲ ਮਚਾਈਏ ਜੀ ॥
ਸੁਆਸੁ ਸੁਆਸੁ ਤਾਹੀ ਕੇ ਗੁਣ ਗਾਵੈ, ਵਾਂਕੇ ਧਿਆਨ ਹੀ ਸੋ ਚਿਤ ਲਾਈਏ ਜੀ ॥
ਮਸਤ ਰਾਮ ਜਗਤ ਮੈ ਪ੍ਰਗਟ ਹੈ ਜੀ, ਧਿਆਨ ਪ੍ਰੀਤ ਤੇ ਪ੍ਰੀਤਮ ਪਾਈਏ ਜੀ ॥੧੩॥

ਪ੍ਰਹਿਲਾਦਿ ਭਗਤਿ ਦ੍ਰਿੜ ਪ੍ਰੀਤਿ ਕੀਨੀ, ਤਬ ਥੰਭ ਤੇ ਨਿਕਸ ਕਰਿ ਦਰਸ ਦੀਨਾ ॥
ਧ੍ਰੂਹ ਧਿਆਨ ਕੀਨਾ ਚਿਤ ਪ੍ਰੀਤ ਸੋ ਜੀ, ਤਾਤਕਾਲ ਹੀ ਤਾਹਿ ਅਟਲ ਕੀਨਾ ॥
ਸੀਆ ਧਿਆਨ ਕੀਨਾ ਤਜਿ ਮਾਨ ਕੋ ਜੀ, ਰਾਮ ਆਇਕੇ ਰਾਵਣੁ ਮਾਰਿ ਲੀਨਾ ॥
ਮਸਤ ਰਾਮ ਏਹੀ ਬਿਧਿ ਮਿਲਨ ਕੀ ਹੈ, ਤੁਮ ਪ੍ਰੀਤ ਕਰਹੁ ਜੈਸੇ ਜਲ ਮੀਨਾ ॥੧੪॥

ਆਠ ਪਹਿਰ ਲਗੀ ਗੁਨ ਗਾਵਨੇ ਸੋ, ਰੋਮ ਰੋਮ ਬਿਓਗ ਕਾ ਦਾਹ ਜਾਰੇ ॥
ਜਾਗ ਜਾਗ ਜਬੇ ਤਨ ਹਾਰ ਪਰੇ, ਵਿਚਿ ਸੁਪਨ ਭੀ ਨੈਨ ਜਿਉ ਮੇਘ ਧਾਰੇ ॥
ਕਹੋ ਕਉਨ ਉਪਾਉ ਹੈ ਤਿਸਦਾ ਨੀ, ਕਟੀ ਨਾਗ ਜਿਆਮ ਕੇ ਨੈਨ ਕਾਰੇ ॥
ਮਸਤ ਰਾਮ ਜੋ ਗਾਰੜੂ ਸਿਆਮ ਆਵੈ, ਤਬ ਨੈਨ ਕੇ ਨਾਗ ਕੀ ਬਿਸੁ ਝਾਰੇ ॥੧੫॥

ਹਰਿ ਮਥਰਾ ਜਾਇ ਪਰਵੇਸ ਕੀਓ, ਤਬ ਕੂਬਰੀ ਸਹਿਜ ਹੀ ਦਰਸ ਪਾਇਓ ॥
ਚੋਆ ਚੰਦਨੁ ਕੰਸੁ ਨਮਿਤ ਕਾ ਜੋ, ਸੋ ਤਉ ਕਾਨ ਗੋਪਾਲ ਕੇ ਅੰਗ ਲਾਇਓ ॥
ਕੂਬ ਬੇਗ ਹੀ ਸਿਆਮ ਨਿਕਾਰ ਦੀਨੋ, ਜਰਾ ਤਿਆਗਿ ਜੋਬਨ ਕਾ ਰੂਪ ਛਾਇਓ ॥
ਮਸਤ ਰਾਮ ਸਿਆਮ ਅਚਾਹ ਹੈ ਜੀ, ਵਸਿ ਪ੍ਰੇਮ ਕੇ ਚਾਰ ਹੀ ਬੇਦ ਗਾਇਓ ॥੧੬॥

ਜਬ ਕੰਸ ਕੋ ਮਾਰਿ ਪਛਾਰਿਓ ਜੀ, ਉਗ੍ਰਸੈਨ ਕੋ ਰਾਜ ਕਾ ਛਤ੍ਰ ਦੀਨਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾ ਨੰਦ ਕੋ ਤੁਮ ਕਿਰਪਾਲ ਹੋ ਜੀ, ਸਮ ਪੁਤ੍ਰ ਕੇ ਮੋਹੁ ਪ੍ਰਤਿਪਾਲ ਕੀਨਾ ॥
ਜਬ ਨੰਦ ਸੁਨੀ ਯਹਿ ਬਾਤ ਹੈ ਜੀ, ਤਬ ਨੈਨ ਕੇ ਨੀਰ ਸਭ ਚੀਰ ਭੀਨਾ ॥
ਮਸਤ ਰਾਮ ਬਿਦਿਆ ਕੀਓ ਭੇਟ ਦੇ ਜੀ, ਨੰਦ ਰੋਵਤੇ ਗ੍ਰੇਹ ਕਾ ਪੰਥੁ ਲੀਨਾ ॥੧੭॥

ਜਸਮਤ ਨੰਦ ਕੋ ਏਕਲਾ ਦੇਖਕੇ ਜੀ, ਕਹਾ ਕਹਾਂ ਹੈ ਪੂਤ ਮੁਹਿ ਪ੍ਰਾਨ ਪਿਆਰਾ ॥
ਨੰਦ ਬਾਤ ਨ ਮੁਖ ਤੇ ਕਹਿ ਸਕੈ, ਵਹੈ ਨੈਨ ਤੇ ਨੀਰ ਜਿਉ ਮੇਘਧਾਰਾ ॥
ਪੁਨਿ ਕਹਿਓ ਵਹੁ ਪੂਤੁ ਨਹੀਂ ਕਾਹੂ ਕੋ ਜੀ, ਵਹਿ ਤੋ ਪਿਤਾ ਹੈ ਪੁਤ੍ਰ ਯਹਿ ਜਗਤ ਸਾਰਾ ॥
ਮਸਤ ਰਾਮ ਜਸੋਧਾ ਧਰਾ ਗਿਰੀ ਆਇ, ਤਾਹਿ ਭੀ ਬਿਰਹਾ ਬਾਨ ਮਾਰਾ ॥੧੮॥

ਸੁਣ ਗੋਪੀਆਂ ਬਿਆਕਲ ਹੋਈਆਂ ਜੀ, ਕਹੋ ਸਖੀਏ ਨੀ ਅਬ ਕਿਆ ਕੀਜੈ ॥
ਅਬ ਸਿਆਮ ਤੋ ਕੁਬਜਾ ਵਸਿ ਕੀਆ, ਤਿਸ ਕੂਬਰੀ ਤੇ ਕਿਸ ਬਿਧਿ ਲੀਜੈ ॥
ਹਮਰੇ ਪ੍ਰਾਣ ਅਧਾਰ ਤੋ ਸਿਆਮ ਹੈ ਜੀ, ਬਿਨਾ ਦਰਸ ਗੋਪਾਲ ਕੇ ਕਿਉ ਜੀਜੈ ॥
ਮਸਤ ਰਾਮ ਭਲਾ ਹਰਿ ਦਰਸੁ ਦੇਵੈ, ਨਹੀ ਪ੍ਰਾਣ ਹੀ ਸਿਆਮ ਕੋ ਕਾਢਿ ਦੀਜੈ ॥੧੯॥

ਊਧੋ ਭਗਤਿ ਕੋ ਸਿਆਮ ਬੁਲਾਇ ਕੇ ਜੀ, ਕਹਾ ਤੁਮ ਹੋ ਹਮਰੇ ਮੀਤ ਪਿਆਰੇ ॥
ਬ੍ਰਿਜ ਜਨਹੁ ਕੇ ਹਮ ਰਿਣੀ ਹੈ ਜੀ, ਬਿਨੁ ਰਿਣ ਦੀਏ ਹੈ ਭਾਰ ਭਾਰੇ ॥
ਜੋ ਰਿਣ ਨ ਉਤਰੈ ਤਾਹਿ ਕਾ ਜੀ, ਅਉਤਾਰ ਹੋਵਤ ਹੈ ਦੂਜ ਬਾਰੇ ॥
ਮਸਤ ਰਾਮ ਜਬ ਰਿਣ ਉਤਾਰਿ ਦੀਜੈ, ਤਬ ਪਾਈਐ ਸਗਲੇ ਸੂਖ ਸਾਰੇ ॥੨੦॥

ਤੀਨ ਮੁਕਤਿ ਜੋ ਤਾਹਿ ਕੋ ਦੀਨੀ ਥੀ, ਸੋ ਤਉ ਸਭ ਗਈ ਹੈ ਬਿਆਜ ਮਾਹੀ ॥
ਸਾਜੁਜ ਮੁਕਤਿ ਜੋ ਰਹਤੀ ਹੈ ਸੋਈ, ਲੇਖੇ ਪਰੇ ਜੋ ਹੋਇ ਬਿਗਿਆਨ ਤਾਹੀ ॥
ਤੁਮ ਗਿਆਨ ਬਿਗਿਆਨੁ ਕਾ ਰੂਪ ਹੋ ਜੀ, ਵਹੁ ਦੁਖਤ ਬਿਓਗ ਕੇ ਦੁਖ ਮਾਹੀ ॥
ਮਸਤ ਰਾਮ ਤਿਨੈ ਉਪਦੇਸ ਕੀਜੈ, ਸਰਬ ਆਤਮਾ ਹੈ ਕਛੁ ਅਉਰ ਨਾਹੀ ॥੨੧॥

ਊਧੋ ਆਗਿਆ ਮਾਨ ਪ੍ਰਸੰਨ ਹੂਆ, ਦੁਖੀਆ ਕੇ ਦੁਖ ਨਿਵਾਰਨੇ ਕੋ ॥
ਗਿਆਨੀ ਰੂਪ ਦਇਆ ਕਾ ਜਗਤ ਮੈ ਜੀ, ਜਗ ਕੂਪ ਤੇ ਜੀਵ ਨਿਕਾਰਨੇ ਕੋ ॥
ਜਗ-ਸਿੰਧ ਮੈ ਸਾਧ ਜਹਾਜ ਹੈ ਜੀ, ਅਸਾਧ ਕੇ ਪਾਰ ਉਤਾਰਨੇ ਕੋ ॥
ਮਸਤ ਰਾਮ ਸਾਧੂ ਜਗ ਤੇ ਆਏ, ਯਹੀ ਕਾਮ ਹੈ ਦੀਨ ਉਬਾਰਨੇ ਕੋ ॥੨੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਧੋ ਗਿਆਨ ਹਥਿਆਰ ਸਭ ਸਾਥ ਲੀਏ, ਜੋਗ ਸਾਂਖ ਤੇ ਆਦਿ ਸੰਭਾਰ ਕੇ ਜੀ ॥
ਤਹਾ ਜਾਇ ਬਿਰਹਨਿ ਕੋ ਸੁਖ ਦੀਜੈ, ਦੈਤ ਦਵੈਤ ਬਿਓਗ ਪਛਾਰ ਕੇ ਜੀ ॥
ਰਥ ਹੋਇ ਸਵਾਰ ਗਵਨ ਕੀਨਾ, ਊਧੋ ਰੂਪੁ ਹੈ ਸਤਿ ਬੀਚਾਰ ਕੇ ਜੀ ॥
ਮਸਤ ਰਾਮ ਅਨੂਪ ਯਹਿ ਜੁਧ ਹੈ ਜੀ, ਦੇਖੈ ਜੀਤ ਆਵੇ ਕਉਣੁ ਹਾਰ ਕੇ ਜੀ ॥੨੩॥

ਬ੍ਰਿਜ ਜਾਇ ਊਧੋ ਪ੍ਰਵੇਸ ਕੀਓ, ਜਸਮਤਿ ਨੰਦ ਸੋ ਜਾਇ ਮਿਲਾਪ ਕੀਨਾ ॥
ਜਸਮਤਿ ਕਹੈ ਊਧੋ ਦੁਖਤ ਹੈ ਜੀ, ਜਲ ਤਿਆਗ ਤੇ ਹੋਤ ਜਿਉ ਦੁਖਤ ਮੀਨਾ ॥
ਕਹੋ ਕਬਹੂ ਸਿਆਮ ਚਿਤਾਰਤੇ ਹੈਂ, ਕੇ ਮੂਲ ਤੇ ਮੋਹਿ ਬਿਸਾਰ ਦੀਨਾ ॥
ਮਸਤ ਰਾਮ ਹਮੇ ਨਹੀ ਬਿਸਰਤਾ ਹੈ, ਰੋਇ ਰੋਇ ਕੇ ਦ੍ਰਿਸਟ ਹੂ ਭਈ ਛੀਨਾ ॥੨੪॥

ਸੁਨਿ ਊਧੋ ਕਬਹੂ ਜਾਨਤੀ ਹੋ, ਮੋਹਨਿ ਬਨ ਮੈ ਗਊ ਚਰਾਵਤਾ ਹੈ ॥
ਉਕਲਾਇ ਕੈ ਬਨ ਕੋ ਦਉੜਤੀ ਹੌ, ਤਹਾ ਬਨ ਮੈ ਦ੍ਰਿਸਟ ਨਾ ਆਵਤਾ ਹੈ ॥
ਫੁਨਿ ਜਾਨਤੀ ਹੋ ਗ੍ਰਿਹ ਗਇਆ ਹੋਗਾ, ਜੀਵ ਆਵਨੇ ਤੇ ਪਛੁਤਾਵਤਾ ਹੈ ॥
ਮਸਤ ਰਾਮ ਨਹੀ ਗ੍ਰਿਹ ਦ੍ਰਿਸਟਿ ਪਰੇ, ਦੁਖ ਏਕ ਤੇ ਲਾਖ ਹੋ ਜਾਵਤਾ ਹੈ ॥੨੫॥

ਤਬ ਹਾਰਿ ਪਰੋ ਸੁਧ ਤਿਆਗ ਕੇ ਜੀ, ਫੁਨਿ ਹੋਇ ਸੁਚੇਤ ਗ੍ਰਿਹ ਕਾਜ ਕਰੋ ॥
ਬੰਸੀ ਕਾਂਮਰੀ ਜਬ ਹੀ ਦ੍ਰਿਸਟਿ ਪਰੇ, ਤਬ ਚਾਹਤੀ ਹੋ ਜੋ ਬੇਗ ਮਰੋ ॥
ਨਹੀਂ ਆਪਣੇ ਹਾਥਿ ਜੋ ਪ੍ਰਾਣ ਤਜੋ, ਐਸੀ ਦੁਖ ਕੀ ਅਉਧ ਕੇ ਸੁਆਸ ਭਰੋ ॥
ਮਸਤ ਰਾਮ ਨਹੀ ਕਛੁ ਸੁਧ ਰਹੀ, ਨਹੀ ਜਾਨਤੀ ਹੋ ਜੋ ਕਿਆ ਕਰੋ ॥੨੬॥

ਊਧੋ ਭਗਤਿ ਦਿਲਾਸਾ ਬਹੁਤੁ ਕੀਆ, ਅਬ ਸਾਮ ਜੀ ਬੇਗ ਹੀ ਅਵਤੇ ਹੈਂ ॥
ਵਹੀ ਪੂਤ ਵਹੀ ਤੁਮ ਮਾਤ ਪਿਤਾ, ਸਭੀ ਦੁਖ ਬਿਓਗ ਮਿਟਾਵਤੇ ਹੈਂ ॥
ਨਿਸ ਦਿਨੁ ਤੁਮਹਿ ਚਿਤਾਰਤੇ ਹੈ, ਉਪਕਾਰ ਤੁਮਾਰੇ ਗਾਵਤੇ ਹੈਂ ॥
ਮਸਤ ਰਾਮ ਹਮ ਨਹੀ ਤੋ ਜਾਇਕੇ ਜੀ, ਬੇਗ ਸਿਆਮ ਕੋ ਸਾਥ ਲੇ ਆਵਤੇ ਹੈ ॥੨੭॥

ਭੋਰ ਉਠਿ ਊਧੋ ਰਥ ਪੈਠ ਕੇ ਜੀ, ਜਾਇ ਜਮਨਾ ਤੀਰ ਇਸਨਾਨ ਕੀਆ ॥
ਗੋਪੀ ਸੁਧ ਪਰੀ ਊਧੋ ਆਇਆ ਹੈ, ਤਹਾ ਜਾਇ ਬੈਠੀ ਬੀਚ ਘੇਰ ਲੀਆ ॥
ਕਹਾ ਸੁਖ ਹੈ ਕਿਉ ਤਿਸ ਸਿਆਮ ਕੋ ਜੀ, ਜਿਨ ਐਸਾ ਹਮ ਕੋ ਦੁਖ ਦੀਆ ॥
ਮਸਤ ਰਾਮ ਪਿਆਲਾ ਦੁਖ ਕਾ ਹੈ, ਜਿਨ ਪ੍ਰੇਮ ਲਗਾ ਤਿਨ ਜੀਉ ਦੀਆ ॥੨੮॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਧੋ ਕਹਾ ਸਿਆਮ ਕੋ ਸੁਖ ਹੈ ਜੀ, ਤੁਮਰੀ ਸੁਧ ਕੋ ਮੁਝ ਕੋ ਭੇਜ ਦੀਆ ॥
ਪਾਤੀ ਸਿਆਮ ਕੀ ਤਿਨ ਕੇ ਹਾਥ ਦੀਨੀ, ਕਹਿਆ ਮਾਨੀਏ ਹਰਿ ਉਪਦੇਸੁ ਕੀਆ ॥
ਇਸ ਦੇਹ ਕਾ ਨੇਹੁ ਤਿਆਗ ਕੇ ਜੀ, ਗਿਆਨ ਜੋਗ ਸੋਂ ਰਾਖੀਏ ਲਾਇ ਹੀਆ ॥
ਮਸਤ ਰਾਮ ਮੁਹਿ ਸਰਬ ਘਟਿ ਦੇਖੀਏ ਜੀ, ਤਹਾ ਪ੍ਰੇਮ ਪ੍ਰੇਮੀ ਨਹੀ ਅਉਰ ਪੀਆ॥੨੯॥

ਜਬ ਸੁਨੀ ਯਹਿ ਬਾਤ ਤਿਨ ਜੋਗ ਕੀ ਜੀ, ਤਬੀ ਮੇਘ ਬਿਓਗ ਕਾ ਉਮਡ ਆਇਆ ॥
ਨੈਨ ਨਦੀ ਪ੍ਰਵਾਹ ਸੇ ਹੋਇ ਚਲੇ, ਹਾਇ ਹਾਇ ਕੀ ਦਾਮਨੀ ਸੋਰ ਪਾਇਆ ॥
ਰੋਇ ਰੋਇ ਬਿਆਕਲ ਧਰਨਿ ਪਰੀ, ਜੈਸੇ ਮ੍ਰਿਗੀ ਕਲੇਜੜੇ ਬਾਨ ਖਾਇਆ ॥
ਮਸਤ ਰਾਮ ਊਧੋ ਨਿਜ ਭਗਤ ਹੈ ਜੀ, ਪਰ ਗੁਆਰਨੀ ਜਾਨਿਓ ਕਾਲ ਆਇਆ ॥੩੦॥

ਸੁਧ ਪਾਇ ਕੇ ਪੂਛਣ ਲਗੀਆ ਜੀ, ਊਧੋ ਕਬ ਕਾ ਸਿਆਮ ਜੀ ਜੋਗ ਲੀਆ ॥
ਹਮੇ ਜੋਗੁ ਕੀ ਆਗਿਆ ਤਾਹਿ ਕਰੀ, ਜੋ ਆਪ ਭੀ ਜੋਗ ਕਾ ਭੇਸ ਕੀਆ ॥
ਤਿਸ ਰੂਪ ਕਾ ਰੂਪ ਬਤਾਈਏ ਜੀ, ਜੋਊ ਰੂਪ ਕੀਆ ਹੈ ਆਪਿ ਪੀਆ ॥
ਮਸਤ ਰਾਮ ਊਧੋ ਕਿਆ ਰੂਪ ਕਹੈ, ਪ੍ਰਭ ਰਾਜੁ ਲੀਆ ਕੰਸ ਮਾਰ ਦੀਆ ॥੩੧॥

ਤਹਾ ਅਇਕੇ ਭਉਰੁ ਪ੍ਰਗਟਿ ਹੂਆ, ਗੋਪੀ ਅੰਗ ਸੁਗੰਧ ਕੋ ਪਾਇਕੇ ਜੀ ॥
ਗੋਪੀ ਕਹੈ ਮਧਮ ਮਧਪੁਰਿ ਜਾਵੋ, ਬੈਠੀ ਨਾਰੁ ਸੁਗੰਧ ਲਗਾਇਕੇ ਜੀ ॥
ਅਬਿ ਬ੍ਰਿਜ ਮੈ ਹਾਰਿ ਸੀਗਾਰ ਕੈਸੋ, ਜੋਗੀ ਗਇਓ ਮਸਾਣ ਜਗਾਇਕੇ ਜੀ ॥
ਮਸਤ ਰਾਮ ਭਵਰ ਸੌ ਬਾਤ ਕਰੇ, ਊਧੋ ਭਗਤਿ ਹੀ ਕੋ ਸੁਨਾਇਕੇ ਜੀ ॥੩੨॥

ਅਬ ਕ੍ਰਿਸਨ ਤੋ ਦੂਤ ਪਠਾਇ ਦੀਨਾ, ਤਾਂਤੇ ਆਪ ਭੀ ਦੂਤ ਪਠਾਈਏ ਜੀ ॥
ਇਸ ਭਉਰ ਹੀ ਕੋ ਤਹਾ ਭੇਜ ਦੀਜੈ, ਕਾਰਾ ਕਾਰੇ ਸੰਗ ਮਿਲਾਈਏ ਜੀ ॥
ਪਰ ਕਾਰਿਓ ਕਾ ਵੇਸਾਹੁ ਨਾਹੀ, ਨਹੀ ਸੁਖ ਤਿਨਹੂ ਤੇ ਪਾਈਏ ਜੀ ॥
ਮਸਤ ਰਾਮ ਨ ਥੀ ਕਛੂ ਸੂਝ ਹਮੇ, ਨਹੀ ਕਾਹੇ ਕੋ ਚਿਤੁ ਲਗਾਈਏ ਜੀ ॥੩੩॥

ਕਾਰਾ ਕਾਰੇ ਪਹਿ ਪਠਾਵਣਾ ਜੀ, ਇਹ ਤੋ ਮਿਸ ਨਹੀਂ ਹਮ ਜਾਨਤੀ ਹੈਂ ॥
ਆਪਿ ਪਾਖੰਡੀ ਪ੍ਰਿਤਪਾਲ ਕਰੇ, ਹਮ ਪ੍ਰੇਮ ਹੀ ਨੀਕਾ ਮਾਨਤੀ ਹੈਂ ॥
ਮਧਪੁਰਿ ਨਾਰੀ ਪਹਿ ਭੇਜੀਏ ਜੀ, ਜੋ ਕ੍ਰਿਸ਼ਨ ਕੋ ਮੀਤ ਪਹਿਚਾਨਤੀ ਹੈਂ ॥
ਮਸਤ ਰਾਮ ਬਧਕ ਸੋ ਮੀਤ ਹੈ ਜੀ, ਬਾਣ ਖਾਇ ਕਲੇਜਾ ਛਾਣਤੀ ਹੈਂ ॥੩੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨੋ ਭਉਰੁ ਕਰੋ ਉਪਕਾਰੁ ਯਹੀ, ਮਧਪੁਰਿ ਕੋ ਬੇਗ ਹੀ ਜਾਈਏ ਜੀ ॥
ਤਿਹ ਨਾਰ ਕੋ ਜਾਇ ਸੰਦੇਸ ਕਹੋ, ਮਤਿ ਸਿਆਮ ਕੋ ਦੇਖਿ ਲੁਭਾਈਐ ਜੀ ॥
ਤਾ ਕੇ ਬਚਨ ਕੁਰੰਗ ਕਾ ਨਾਦ ਹੈ ਜੀ, ਤਹਾ ਰੀਝ ਕੇ ਜੀਵ ਗਵਾਈਏ ਜੀ ॥
ਮਸਤ ਰਾਮ ਸਵੇਰ ਹੀ ਸੋਝ ਕਰੋ, ਨਹੀਂ ਬਾਣ ਕਲੇਜੜੇ ਖਾਈਏ ਜੀ ॥੩੫॥

ਇਨ ਸਾਵਰੇ ਸੋ ਜਿਨ ਪ੍ਰੀਤਿ ਕਰੀ, ਕਹੋ ਕਉਣ ਕਿਨੀ ਸੁਖ ਪਾਇਆ ਹੈ ॥
ਬਲਰਾਇ ਨੇ ਤਾਹਿ ਸਰਬੰਸੁ ਦੀਨਾ, ਤਿਸਹ ਬਾਂਧ ਪਾਤਾਲ ਪਠਾਇਆ ਹੈ ॥
ਜਸਮਤ ਨੰਦ ਹੂ ਪ੍ਰੀਤ ਅਧਿਕ ਕਰੀ, ਅੰਤ ਦੇਵਕੀ ਨੰਦ ਕਹਾਇਆ ਹੈ ॥
ਮਸਤ ਰਾਮ ਕਪਟ ਕੋ ਰੂਪ ਹੈ ਜੀ, ਜਾ ਕਾ ਕਪਟੁ ਤ੍ਰੈਲੋਕ ਮੈ ਛਾਇਆ ਹੈ ॥੩੬॥

ਰਾਮ ਰੂਪੁ ਸੀਆ ਕੋ ਨੇਹੁ ਲਾਗੋ, ਤਾਕੋ ਸੁਖੁ ਯਹੀ ਬਨਬਾਸ ਦੀਓ ॥
ਤੇਤਹੁ ਟਹਲ ਕਰੀ ਸਿੰਧ ਮਥਾਇਕੇ ਜੀ, ਕਪਟ ਕਰ ਸਕਲ ਹੀ ਦੇਵ ਪੀਓ ॥
ਹਮ ਲਾਜ ਤਜੀ ਸੁਤ ਮਾਤ ਤਜਿਓ, ਸੁਖ ਦੇਹ ਕੋ ਸਰਬ ਤਿਆਗਿ ਦੀਓ ॥
ਮਸਤ ਰਾਮ ਕਹੋ ਮਤਿ ਭੂਲਿਓ ਰੀ, ਹਮ ਭੂਲ ਦੀਓ ਚਿਤੁ ਦੁਖੁ ਲੀਓ ॥੩੭॥

ਊਧੋ ਦੂਤ ਨਹੀ ਜਮਦੂਤ ਸਾ ਹੈ, ਭੋਗ ਤਿਆਗ ਅਰੁ ਜੋਗ ਬਤਾਵਤਾ ਹੈ ॥
ਅਰੂਪ ਕਰੂਪ ਕਾ ਧਿਆਨ ਕਹੈ, ਜਹਾ ਦ੍ਰਿਸਟਿ ਨਹੀ ਕਛੂ ਆਵਤਾ ਹੈ ॥
ਯਹਿ ਤਉ ਹਾਰ ਸੀਗਾਰ ਛਡਾਇਕੇ ਜੀ, ਮ੍ਰਿਗ ਤੁਚਾ ਕੇ ਚੀਰ ਪਹਿਰਾਵਤਾ ਹੈ ॥
ਮਸਤ ਰਾਮ ਸੁਗੰਧ ਉਤਰਾਇਕੇ ਜੀ, ਯਹਿ ਤਉ ਭਸਮ ਕੋ ਅੰਗ ਚੜਾਵਤਾ ਹੈ ॥੩੮॥

ਐਸੇ ਰੂਪ ਅਨੂਪ ਕੋਂ ਕਉਨ ਤਜੇ, ਜਿਸਹਿ ਦੇਖਤੇ ਹੀ ਸੁਖ ਪਾਈਏ ਜੀ ॥
ਜਿਸ ਦੇਹਿ ਕੋ ਸਿਆਮ ਸੁਗੰਧ ਲਾਈ, ਤਿਸ ਦੇਹਿ ਕਿਉ ਭਸੱਮ ਲਗਾਈਏ ਜੀ ॥
ਕਰਨ ਫੂਲ ਉਤਾਰ ਕੇ ਡਾਰਿ ਦੀਜੈ, ਅਬ ਕਾਠ ਕੀ ਮੁੰਦ੍ਰਾ ਪਾਈਏ ਜੀ ॥
ਮਸਤ ਰਾਮ ਸੁਖ ਸੇਜ ਤਿਆਗ ਕੇ ਜੀ, ਅਬ ਸਥਰ ਕੀ ਸੇਜ ਵਛਾਈਏ ਜੀ ॥੩੯॥

ਊਧੋ ਗਿਆਨ ਬਿਗਿਆਨ ਪਰਗਟ ਕੀਉ, ਕਹਾ ਸਰਬ ਮੈ ਆਤਮਾ ਦੇਖੀਏ ਜੀ ॥
ਪੂਰਨ ਬ੍ਰਹਮ ਬਿਨਾ ਕਛੂ ਅਉਰ ਨਹੀ, ਦੁਐਤ ਦ੍ਰਿਸਟ ਤੇ ਤਾਹਿ ਨ ਦੇਖੀਏ ਜੀ ॥
ਦ੍ਰਿਸਟਮਾਨ ਵਿਵਰਤ ਹੈ ਤਾਹਿਕੋ ਜੀ, ਪ੍ਰਭ ਸਦਾ ਅਰੂਪ ਅਰੇਖੀਏ ਜੀ ॥
ਮਸਤ ਰਾਮ ਬਿਗਿਆਨ ਵੀਚਾਰ ਦੇਖਹੁ, ਤੁਮ ਆਪ ਹੀ ਅਰੂਪ ਅਲੇਖੀਏ ਜੀ ॥੪੦॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਹੋ ਪੁਰਖ ਅਲੇਖ ਕੋ ਢੂਢ ਲੇਵਹੁ, ਹਮੇ ਸਿਆਮ ਹੀ ਰੂਪ ਦਿਖਾਈਏ ਜੀ ॥
ਪਰਤਛ ਸਰੂਪ ਕੋ ਛੋਡਿਕੇ ਜੀ, ਕੈਸੇ ਧਿਆਨ ਅਰੂਪ ਸੋ ਲਾਈਏ ਜੀ ॥
ਗਿਆਨ ਯੋਗ ਸਮਾਧ ਮਿਲਾਪ ਕਹੋ, ਜੋਊ ਮੂੜ ਹੈ ਤਿਸੈ ਪਰਚਾਈਏ ਜੀ ॥
ਮਸਤ ਰਾਮ ਕਿਆ ਜੋਗ ਬਿਓਗ ਆਗੇ, ਏਕ ਆਂਸੂਰੀ ਸਾਥਿ ਬਹਾਈਏ ਜੀ ।.੪੧॥

ਘਟਿ ਘਟਿ ਮੈ ਸਿਆਮ ਜੋ ਕਹਤ ਹੋ ਜੀ, ਤਾਂਤੇ ਤੁਮ ਹੂੰ ਮੈ ਹੈ ਸਿਆਮ ਪਿਆਰਾ ॥
ਹਮ ਸਿਆਮ ਕੇ ਕਰਮ ਜੋ ਨੈਨ ਪੇਖੇ, ਕੋਈ ਦੇਹ ਦਿਖਲਾਇ ਨਹੀ ਕਰਹੁ ਬਾਰਾ ॥
ਤਿਨ ਤਨ ਕਹੀ ਮੰਦ ਮੁਸਕਾਇਕੇ ਜੀ, ਮੋਹਿ ਲੀਓ ਹੈ ਹਮੈ ਅਰੁ ਜਗਤ ਸਾਰਾ ।
ਮਸਤ ਰਾਮ ਲੇਹ ਮੋਹਿ ਤੁਮ ਏਕ ਹੀ ਕੋ, ਤਬ ਜਾਨੀਏ ਕਹਿਓ ਤੁਮ ਸਾਚੁ ਸਾਰਾ ॥੪੨॥

ਨਨ੍ਹੀ ਅੰਗੁਰੀ ਪਰਿ ਗਿਰਧਾਰਿਓ ਜੀ, ਅਬਿ ਬੇਗ ਹੀ ਤਾਹਿ ਉਠਾਇ ਲੀਜੈ ॥
ਹਮੈ ਹੋਇ ਪਰਤੀਤ ਸਚੁ ਮਾਨੀਏ ਜੀ, ਮਨ ਹੋਇ ਸੋਈ ਉਪਦੇਸ ਕੀਜੈ ॥
ਜੇਤੀ ਗੋਪੀਆ ਥੀ ਤੇਤੇ ਆਪਿ ਹੋਏ, ਅਬ ਆਪ ਭੀ ਰੂਪ ਕਛੂ ਕੀਜੈ ॥
ਮਸਤ ਰਾਮ ਜੋ ਮੂੜ ਸੋ ਭੂਲ ਪੜੇ, ਤ੍ਰਿਖਾ ਜਾਤ ਨਹੀ ਬਿਨ ਨੀਰ ਪੀਜੈ ॥੪੩॥

ਕਹਾ ਪ੍ਰੇਮ ਤੇ ਜੋਗੁ ਬਿਸੇਖ ਹੈ ਜੀ, ਜੋ ਪ੍ਰੇਮ ਕੋ ਤਿਆਗ ਕੇ ਜੋਗ ਲੀਜੈ ॥
ਪ੍ਰੇਮ ਮੂਲ ਹੈ ਜਗਤ ਬਿਚਾਰ ਕਾ ਜੀ, ਕਹੋ ਪ੍ਰਾਣ ਬਿਨਾ ਕੈਸੇ ਜਗਤ ਜੀਜੈ ॥
ਬਿਨਾ ਪ੍ਰੇਮ ਕਹੋ ਕਿਨ ਪਾਇਓ ਹੈ, ਕੋਊ ਬੇਦ ਪੁਰਾਣ ਕੀ ਸਾਖ ਦੀਜੈ ॥
ਮਸਤ ਰਾਮ ਅਗਿਆਨ ਬਤਾਵਤੇ ਹੋ, ਰੂਪ ਤਿਆਗ ਅਰੂਪ ਕੋ ਧਿਆਨ ਕੀਜੈ ॥੪੪॥

ਮੂਨ ਬੁਧ ਹੈ ਕਾਰਣ ਜੋਗ ਕਾ ਜੀ, ਸੋ ਤੋ ਆਦਿ ਹੀ ਚੋਰ ਚੁਰਾਇ ਲੀਓ ॥
ਦੇਹਿ ਗੇਹਿ ਕੋ ਖਾਲੀ ਦੇਖ ਕੈ ਜੀ, ਪ੍ਰੇਮ ਕਟਕ ਮੈ ਆਨ ਨਿਵਾਸੁ ਦੀਓ ॥
ਤੇਰੋ ਜੋਗੁ ਕਹਾ ਬੈਠਾਈਐ ਜੀ, ਮੋਹਨਿ ਆਪ ਹੀ ਪ੍ਰੇਮ ਕੋ ਰਾਜੁ ਦੀਓ ॥
ਮਸਤ ਰਾਮ ਨਹੀ ਤਨ ਮਾਸ ਰਹਿਉ, ਪਾਪੀ ਪ੍ਰਾਣ ਰਹੇ ਕਰੈਂ ਟੇਰ ਪੀਓ ॥੪੫॥

ਹਮ ਜੋਗੁ ਜੁਗਤ ਸੋਂ ਆਪ ਲਾਗੀ, ਸਿਹਜਾ ਤਿਆਗ ਸਥਰ ਬਿਛਾਇਓ ਹੈ ॥
ਤਹਾ ਸੈਲ ਸਿਰਾਣਾ ਰਾਖਕੇ ਜੀ, ਸਿੰਗੀ ਰੁਦਨ ਕੀ ਨਾਦ ਬਜਾਇਓ ਹੈ ॥
ਚਰਨ ਧੂੜ ਬਿਭੂਤ ਲਗਾਇ ਲੀਨੀ, ਹਰਿ ਮਿਲਨ ਕੋ ਧਿਆਨ ਲਗਾਇਓ ਹੈ ॥
ਮਸਤ ਰਾਮ ਜੋਗਨਿ ਹਮ ਹੋਇ ਰਹੀ, ਜਿਸ ਦਿਨ ਤੇ ਸਿਆਮ ਸਿਧਾਇਓ ਹੈ ॥੪੬॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਿਰਹਨਿ ਹਾਲ ਕੋ ਦੇਖ ਬਿਹਾਲ ਹੂਆ, ਊਧੋ ਗਿਆਨ ਬੀਚਾਰ ਭੁਲਾਇਕੇ ਜੀ ॥
ਰੋਮ ਰੋਮ ਬਿਓਗੁ ਪਰਵੇਸੁ ਕੀਆ, ਬੈਠੋ ਸਰਬ ਸਰਬੰਸੁ ਲੁਟਾਇਕੇ ਜੀ ॥
ਕਹਾ ਧੰਨ ਗੋਪੀ ਧੰਨੁ ਪ੍ਰੇਮ ਹੈ ਜੀ, ਵਰ ਮਾਂਗਿਹੋ ਸਿਆਮ ਪੈ ਜਾਇਕੇ ਜੀ ॥
ਮਸਤ ਰਾਮ ਨ ਥੀ ਕਛੂ ਸਮਝ ਮੁਝ ਕੋ, ਸੁਧ ਪਰੀ ਹੈ ਤੁਮ ਪੈ ਆਇਕੇ ਜੀ ॥੪੭॥

ਊਧੋ ਸੀਸ ਨਿਵਾਇ ਕੇ ਉਠਿ ਚਲਿਓ, ਆਇ ਸਿਆਮ ਕੇ ਚਰਨ ਪਰ ਸੀਸ ਰਾਖਾ ॥
ਸਿਆਮ ਸੀਸ ਉਠਾਇ ਕੇ ਦਿਆਲ ਹੂਆ, ਮੁਖ ਕਮਲ ਤੇ ਤਬੀ ਯਹਿ ਵਚਨ ਭਾਖਾ ॥
ਗਿਆਨੀ ਭਗਤਿ ਦਇਆ ਕਾ ਰੂਪ ਹੈ ਜੀ, ਬੇਦ ਸੰਤ ਹੂ ਦੇਤ ਹੈ ਜਗਤ ਸਾਖਾ ॥
ਮਸਤ ਰਾਮ ਗੋਪੀ ਅਤਿ ਦੁਖਤ ਥੀ ਜੀ, ਤੁਮ ਦਇਆ ਤੇ ਸਰਬ ਮੈ ਬ੍ਰਹਮ ਲਾਖਾ ॥੪੮॥

ਊਧੋ ਭਗਤਿ ਦੋਊ ਕਰਿ ਜੋੜਿ ਕਹਿਓ, ਨਹੀ ਗਿਆਨ ਬੀਚਾਰ ਕੀ ਰੇਖ ਰਹੀ ॥
ਸਮ ਦਮ ਤੇ ਆਦਿ ਜੋ ਜੁਗਤ ਹੋਤੀ, ਸੋ ਤਉ ਪ੍ਰੇਮ ਪ੍ਰਵਾਹ ਕੇ ਨੀਰ ਵਹੀ ॥
ਮੁਝਕੋ ਭੀ ਗੋਪੀ ਕੀਜੀਏ ਜੀ, ਟੇਰ ਕਰਤ ਫਿਰੈ ਜੋ ਸਿਆਮ ਦਹੀ ॥
ਮਸਤ ਰਾਮ ਬਿਓਗ ਜੋ ਨੈਨ ਦੇਖਿਉ, ਨਹੀ ਜਾਤ ਹੈ ਲਾਖ ਤੇ ਏਕ ਕਹੀ ॥੪੯॥

ਸੂਰਜ ਗ੍ਰਹਨਿ ਕੋ ਪੁਰਬ ਜਬ ਆਇ ਪਹੁਚਿਓ, ਕੁਰਖੇਤ੍ਰ ਮੈ ਸਿਆਮ ਜੀ ਚਰਨ ਧਾਰੇ ॥
ਸੁਣ ਗੋਪੀਆ ਸਕਲ ਹੀ ਧਾਇ ਆਈ, ਜਸਮਤ ਨੰਦ ਹੂ ਸਿਆਮ ਜਿਨ ਪ੍ਰਾਣ ਪਿਆਰੇ ॥
ਗੋਪੀ ਦਰਸ ਗੋਪਾਲ ਕੋ ਪਾਇਓ ਜੀ, ਹਰਿ ਦ੍ਰਿਸਟ ਕਰਿ ਦੁਐਤ ਕੇ ਦੁਖ ਜਾਰੇ ॥
ਮਸਤ ਰਾਮ ਗੋਪੀ ਗਿਆਨ ਰੂਪ ਹੂਈ, ਆਪ ਰੂਪ ਹੀ ਦੇਖਿਓ ਜਗਤ ਸਾਰੇ ॥੫੦॥

ਸੰਤ ਦਿਆਲ ਹੋ ਕ੍ਰਿਸਨ ਕਾ ਰੂਪ ਹੋ ਜੀ, ਮੋਹਿ ਮੂੜ ਕੋ ਭੀ ਪ੍ਰੇਮ ਦਾਨੁ ਦੀਜੈ ॥
ਡਾਢ ਹੋਤ ਹੈ ਨਿਪਟਿ ਕਠੋਰ ਹੀਆ, ਸੈਲ ਤਾਰਿ ਕੇ ਜਗ ਮੈ ਸੋਭ ਲੀਜੈ ॥
ਗੋਪੀ ਗੁਆਰ ਅਉਤਾਰ ਸਭ ਸੰਤ ਹੋ ਜੀ, ਜਿਹਿ ਦਇਆ ਤੇ ਬੇਗ ਰਸ ਅਮੀ ਪੀਜੈ ॥
ਮਸਤ ਰਾਮ ਬਡ ਪਤਤ ਕੋ ਤਾਰੀਏ ਜੀ, ਕਿਵੇ ਏਹੁ ਭੀ ਕੋਰੜੂ ਮੋਠ ਭੀਜੈ ॥੫੧॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਨਾ

ਕਥਾ ਕਾਨ੍ਹ ਗੁਜਰੀ ਦੀ

ਦੋਹਰਾ

ਸੁਰ ਪੁਰ ਮੈ ਇਕ ਦੇਵਤੇ ਬੈਠੇ ਰਾਜਿ ਬਨਾਇ ॥
ਭਾਂਤਿ ਭਾਂਤਿ ਕੀ ਮੋਹਨੀ ਨਿਰਤ ਕਰਿਤ ਮਨ ਚਾਇ ॥੧॥ਛੰਦ॥
ਏਕ ਸਖੀ ਸਭ ਸਤ ਕਰਿ ਜਾਨੋ ਬੇਦਾ ਚਾਰ ਪਛਾਨੋ ॥
ਏਕੋ ਏਕੁ ਗਿਆਨ ਕਰੰਤੇ ਏਕੋ ਏਕ ਬਖਾਨੋ ॥
ਸੋ ਸਾਬਤ ਚਿਤ ਰਖੁ ਹਮੇਸਾ ਕਮੀ ਨ ਹੋਤ ਖਜਾਨੇ ॥
ਫਰਕ ਸੇਰ ਸਾਹ ਦੇ ਵਾਰੇ ਕਿੱਸਾ ਕਥਿਆ ਦਾਨੇ ॥੨॥
ਸਤਜੁਗ ਅੰਦਰ ਕੀ ਕੁਝ ਵਰਤੇ ਕਹੁ ਕਲਜੁਗ ਬੀਚਾਰਾ ॥
ਹਰਨਾਖਸ ਕੁਲਛੇਦ ਕੀਓ ਰਾਮ ਚੀਨ ਕਰ ਡਾਰਾ ॥
ਰਾਜਾ ਕੰਸ ਪੁਛੇ ਨਜੂਮੀ ਨੂ ਫਿਰ ਕਦ ਹੈ ਕਾਲ ਹਮਾਰਾ ॥
ਕਢ ਪੋਥੀਆ ਪੰਡਿਤ ਬੈਠੇ ਜੀ ਸੁਣਿ ਰਾਜਾ ਬਾਤ ਹਮਾਰੀ ॥
ਰਾਜ ਭਾਗ ਮੈ ਸੁਖ ਤੁਮਾਰੇ ਔਰ ਕਮੀ ਨਹੀ ਸਾਰੀ ॥
ਬਾਸਦੇਵ ਘਰ ਲੜਕਾ ਜਨਮੇ ਸਯਾਮ ਰੂਪ ਅਵਤਾਰੀ ॥
ਤਿਸਦੇ ਹਥੋ ਕਾਲ ਤੁਮਾਰਾ ਪੋਥੀ ਕਹੇ ਹਮਾਰੀ ॥
ਗੁਸਾ ਲਗਾ ਰਾਇ ਕੰਸ ਨੂ ਕੰਬ ਗਈ ਦੇਹ ਸਾਰੀ ॥
ਮੈ ਪਲ ਵਿਚ ਮਾਰਾਂ ਸਯਾਮ ਸੁੰਦਰ ਨੂੰ ਐਸੀ ਕਲਾ ਹਮਾਰੀ ॥
ਮਾਰ ਦਹੰਸਿਰ ਲੰਕਾ ਲੂਟੀ ਊਪਰ ਝੂਝੇ ਨਾਰੀ ॥
ਹੋਣੀ ਦਾ ਪਤਿਰਾਇ ਭੋਜ ਹੈ ਤਿਨ ਸੀ ਹੋਣੀ ਪਾਈ
ਕੈਰੋ ਪਾਂਡੋ ਮਹਾਂ ਸਿਆਣੇ ਤਿਨਾ ਨਹੀ ਮਿਟਾਈ ॥
ਕੀਨੀ ਤਪੱਸਯਾ ਹਰੀ ਚੰਦ ਜਿਨ ਸਾਰਾ ਸ਼ਹਰ ਉਧਾਰਿਆ
ਚੜਤੇ ਬਾਣ ਚਲੀ ਸਭ ਸੈਨਾ ਧੰਨ ਧੰਨ ਪੁਕਾਰਿਆ ॥
ਰਾਜੀ ਹੋਇਆ ਹਰੀਚੰਦ ਜਿਨ ਮਨ ਵਿਚ ਗਰਬ ਚਿਤਾਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਆ ਅਧਮਾਨ ਅਗੇ ਨਹੀ ਪਹੁਚਯਾ ਬਿਧ ਮਾਤਾ ਲੇਖ ਲਿਖਾਰਿਆ ॥
ਗੁਰਬ ਕੀਯੋ ਲੰਕਾ ਪਤਿ ਰਾਵਨ ਸੀਤਾ ਹਰ ਕੇ ਲਿਆਇਆ ॥
ਜਿਨ ਕੇ ਘਰ ਕੀ ਸੀਤਾ ਆਂਦੀ ਤੀਨ ਲੋਕ ਕੇ ਰਾਇਆ ॥
ਮੂਰਖ ਅੰਧਾ ਸਮਝੇ ਨਾਹੀ ਦਸਤ ਕੁਠਾ ਹਰ ਪਾਇਆ ॥
ਹੋਣੀ ਬੀਤੀ ਸੀਤਾ ਨੂੰ ਬਿਧ ਮਾਤਾ ਲੇਖੁ ਲਿਖਾਇਆ ॥
ਕਰਮ ਕੀ ਰੇਖ ਟਰੇ ਨਹੀ ਟਾਰੀ ਜੋ ਨਸੀਬ ਮੈ ਪਾਇਆ ॥
ਤੇ ਸੀਆ ਸਤਵੰਤੀ ਮਾਤਾ ਵਹ ਮੀਨਾ ਮਧ ਰਾਇਆ ॥
ਬਾਰਾਂ ਬਰਸ ਰਹੀ ਬਨ ਖੰਡ ਮੋ ਕੰਦ ਮੂਲ ਚੁਣ ਖਾਇਆ ॥
ਸਿਵ ਸੰਕਰ ਦੇ ਸੁਤ ਹਨੁਮਾਨ ਲੋ ਅੰਜਨੀ ਅੰਗੁ ਲਗਾਇਆ ॥
ਜਨਮ ਲਯਾ ਜਬ ਸੂਰਜ ਨਿਕਲੇ ਕਰਨੀ ਦੇਖ ਛਪਾਇਆ ॥
ਪਸਾਰ ਭੁਜਾ ਡਬ ਚੋਪੜ ਕੀਨੋ ਦਾਈ ਪਕੜ ਹਟਾਇਆ ॥
ਪਸਾਰ ਭੁਜਾ ਜਬ ਚੋਪੜ ਕੀਨੋ ਦਾਈ ਪਕੜ ਹਟਾਇਆ ॥
ਪੋਨ ਪੁਤ੍ਰ ਮਹਾਂ ਬਲ ਜੋਧਾ ਕੀ ਕਰਿ ਛਪੈ ਛਪਾਇਆ ॥
ਹੋਣੀ ਬੀਤੀ ਰਾਜੇ ਬਲ ਨੂੰ ਛਲਨ ਮੁਰਾਰੀ ਆਏ ॥
ਸਾਢੇ ਤ੍ਰੈ ਹਥ ਧਰਤੀ ਮਾਂਗੋ ਪਾਇ ਰਹੋ ਧਰਮਸਾਲੀ ॥
ਨੇਮ ਧਰਮ ਨਹੀ ਛੋਡਿਆ ਰਾਜੇ ਹਾਥ ਲਈ ਜਲ ਝਾਰੀ ॥
ਕਰ ਸੰਕਲਪ ਬਲ ਰਾਜੀ ਹੋਏ ਕੋਪੇ ਜੰਘ ਪਸਾਰੀ ॥
ਬਾਵਨ ਰੂਪ ਛਲੇ ਬਲ ਰਾਜਾ ਮਾਪ ਲਈ ਦੇਹ ਸਾਰੀ ॥
ਪੀਰ ਪਿਕੰਬਰ ਸਾਹ ਪਾਤਸਾਹ ਹੋਣੀ ਸਭ ਤੇ ਭਾਰੀ ॥
ਰੁਤਿ ਭਾਦੋ ਦੀ ਥਿਤ ਅਸਟਮੀ ਜਨਮ ਕਾਨ ਜੀ ਲਿਆ ॥
ਝਰੇ ਜੰਜੀਰ ਪਿਤਾ ਦੇ ਪੈਰੋ ਤਦੋ ਖਲਾਸੀ ਥੀਆ ॥
ਜਿਉ ਕਰਿ ਚਾਦ ਏਕਮ ਦਾ ਚੜਦਾ ਬਲੇ ਅੰਧੇਰੇ ਦੀਆ ॥
ਚਹ ਚਹ ਚੀਚੁੰ ਚੁੰਘਣ ਲਗਾ ਗੋਦ ਦੇਵਕੀ ਲੀਆ ॥
ਕਹੈ ਦੇਵਕੀ ਵਾਸਦੇਵ ਨੂ ਤੂ ਸੁਣ ਹਮਰੇ ਪੀਆ ॥
ਠਾਕੁਰ ਜਨਮ ਹਮਾਰੇ ਆਏ ਰੂਪ ਕ੍ਰਾਨ ਕਾ ਲੀਆ ॥
ਜਿਉ ਦਸਰਥ ਘਰ ਰਾਮ ਚੰਦ ਲਛਮਨ ਅਵਤਾਰੀ ਥੀਆ ॥
ਸਗਲੇ ਪਾਪ ਝੜੇ ਸਰੀਰੋ ਕਾਮ ਕ੍ਰੋਧ ਕਾਇਆ ਤੇ ਕੀਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੈ ਦੇਵਕੀ ਵਾਸਦੇਵ ਨੂ ਹੁਣ ਕੁਛ ਮਤਾ ਮਤਾਈਐ ॥
ਇਹ ਬਾਲਕ ਫਰਜੰਦ ਹਮਾਰਾ ਫੜ ਜੋਰੀ ਮਾਰ ਗਵਾਈਐ ॥
ਕਰਿ ਬੇਨਤੀ ਸ਼ਹੁ ਸੁਣੇ ਅਸਾਡੀ ਕੰਨਿਆ ਲਿਆ ਦਿਖਲਾਈਏ ॥
ਬਾਸਦੇਵ ਜੀ ਰਾਵ ਦੇਵ ਜੀ ਰਬ ਵਲ ਧਿਆਨ ਲਗਾਈ ॥
ਜਿਉ ਸੀਆ ਸਤਵੰਤੀ ਰਾਖੀ ਹੋਇਓ ਆਣ ਸਹਾਈ ॥
ਧਰਮ ਦ੍ਰੋਪਤੀ ਕੁੰਤਾ ਰਾਖੀ ਹੋਣੀ ਨੂ ਨਨ ਪਾਈ ॥
ਧੰਨਾ ਭਗਤ ਤਿਲੋਚਨ ਨਾਮਾ ਸਧਨਾ ਤਰੇ ਕਸਾਈ ॥
ਮਨ ਮੈ ਰਾਮ ਰਾਇ ਫਿਰ ਬਾਸਦੇਵ ਜੀ ਕਾਨ ਮੇ ਲੀਆ ॥
ਅਮਚੀ ਛਣਕ ਚੜੇ ਦਰਵਾਜੇ ਮਥਰਾ ਪੰਧ ਸਿਧਾਏ ਪੀਆ ॥
ਅਗੇ ਜਮਨਾ ਮਾਰੇ ਲਹਰੀ ਹੁਣ ਕੀ ਕਰੀਏ ਜੀਆ ॥
ਪਹਿਲਾ ਦਰਸਨ ਸਯਾਮ ਸੁੰਦਰ ਦਾ ਮਾਤ ਪਿਤਾ ਨੇ ਪਾਇਆ ॥
ਦੂਜਾ ਦਰਸਨ ਸਯਾਮ ਸੁੰਦਰ ਦਾ ਧਰਤੀ ਅੰਬਰ ਤਾਰਿਆ ਮੰਡਲ ਛਾਇਆ ॥
ਤੀਜਾ ਦਰਸਨ ਸਯਾਮ ਸੁੰਦਰ ਦਾ ਜੰਗਲ ਬੇਲੀ ਮਿਰਗੀ ਸੀਸ ਨਿਵਾਇਆ ॥
ਚਉਥਾ ਦਰਸਨ ਸਯਾਮ ਸੁੰਦਰ ਦਾ ਗੰਗਾ ਜਮਨਾ ਠਾਕੁਰ ਰੂਪ ਦਿਖਾਇਆ ॥
ਕਹੈ ਵਾਸਦੇਵ ਸੁਣ ਤੂੰ ਜਮਨਾ ਕੀਤੇ ਤੁਧ ਕਣੋਡੇ ॥
ਸਯਾਮ ਸੁੰਦਰ ਦੀ ਖਾਤਰ ਤੇਰਾ ਨੀਰ ਅਸਾਨੂ ਡੋਬੇ ॥
ਅਗੇ ਜਾਂ ਤਾਂ ਕੜਕਨ ਕਪਰ ਪਿਛੇ ਸਿੰਘ ਨ ਛੋਡੇ ॥
ਚਰਨ ਛੁਤੇ ਗਤ ਪਾਈ ਜਮਨਾ ਵਗਨ ਲਗੀ ਗੋਡੇ ॥
ਡਾਰ ਜਸੋਧਾ ਕਾਨ ਗੋਦ ਮੈ ਕੰਨਿਆ ਘਰ ਲੈ ਆਏ ॥
ਸ਼ਾਦੀ ਵਜੀ ਨੰਦ ਮਹਰ ਦੇ ਸੁੰਦਰ ਸਬਦ ਸੁਹਾਏ ॥
ਹੂਰਾ ਗਾਵਨ ਸਬਦ ਸੋਹਲੇ ਪਰੀਆ ਮੰਗਲ ਗਾਏ ॥
ਏ ਦਰਮਿਆਨ ਦਾਨਾ ਕੀ ਗੁਜਰੀ ਸੂਰਜ ਮੁਖ ਦਿਖਾਏ ॥
ਲਗੀ ਅਦਾਲਤ ਰਾਇ ਕੰਸ ਦੇ ਚੋਕੀਦਾਰ ਬੁਲਾਏ ।
ਦਸਤੋ ਉਪਰ ਲੇ ਕੰਨਿਆ ਬਾਸਦੇਵ ਘਰਿ ਆਏ ॥
ਕੰਨਿਆ ਛੀਨੀ ਬਾਸਦੇਵ ਤੋ ਧਕੇ ਰਾਏ ਦਿਵਾਏ ॥
ਸਭਾ ਰਾਇ ਦੀ ਦੋਜਕ ਚਲੀ ਖਿਜਮਤ ਲਗੇ ਲਾਏ ॥
ਕਰੋ ਹਵਾਲੇ ਧੋਬੀ ਲੜਕੀ ਰਾਜਾ ਇਹੁ ਫੁਰਮਾਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਉ ਕਰ ਰੇ ਜਾਤੀ ਨਹ ਜਾਰੀ ਪਟੜੇ ਨਾਲ ਪਟਕਾਏ ॥
ਮੈਂ ਵਿਚ ਦੋਸ ਨ ਕਾਈ ਵੇ ਤੂ ਸੁਣ ਮਾਮੂ ਹਤਿਆਰੇ ॥
ਮਥੁਰਾ ਦੇ ਵਿਚ ਪੈਦਾ ਹੋਇਆ ਸਾਨੀ ਕਾਨ ਤੁਹਾਰੇ ॥
ਵਿਚ ਮਥਰਾ ਦੇ ਕਾਨ ਜੰਮਿਆ ਨੰਦ ਮਹਰ ਦੇ ਦੁਆਰੇ ॥
ਈਸਰ ਬ੍ਰਹਮਾ ਤਥਾ ਨਰਾਇਣ ਦਰਸਨ ਆਏ ਸਾਰੇ ॥
ਧੰਨਾ ਭਗਤ ਤਿਲੋਚਨ ਨਾਮਾ ਮਹਾਦੇਵ ਜੁਗ ਚਾਰੇ ॥
ਸਤਜੁਗ ਤ੍ਰੇਤਾ ਦੁਆਪਰ ਕਲਜੁਗ ਮੁਨੀ ਤਪੀਸਰ ਭਾਰੇ ॥
ਮਥਰਾ ਦੇ ਵਿਚ ਕਾਨ ਜੰਮਿਆ ਸਯਾਮ ਰੂਪ ਅਵਤਾਰੇ ॥
ਪਲ ਵਿਚ ਲੜਕਾ ਪਲ ਵਿਚ ਬਾਵਨ ਪਲ ਵਿਚ ਦੇਹ ਪਸਾਰੇ ॥
ਪਲ ਵਿਚ ਜੋਗੀ ਪਲ ਵਿਚ ਭੋਗੀ ਪਲ ਵਿਚ ਦੂਧਾਧਾਰੀ ॥
ਪਲ ਵਿਚ ਦਹੀ ਜਗਾਤਾਂ ਮੰਗੇ ਲੂਟੇ ਕੰਸ ਗਵਾਰੀ ॥
ਗੋਕਲ ਦੇ ਵਿਚ ਪੈਦਾ ਹੋਈਆ ਗੋਕਲ ਗੁਜਰੀ ਗੁਆਰੀ ॥
ਕੰਨੀ ਬੁੰਦੇ ਨਕ ਬੇਸਰ ਸੋਹੇ ਸੂਰਤਿ ਦੀ ਮਤਵਾਰੀ ॥
ਜੁਲਫਾ ਲਟਕ ਰਹੀਆ ਵਿਚ ਗਲ ਦੇ ਜਿਉ ਕਰਿ ਨਾਗਨਿ ਕਾਰੀ ॥
ਦਾਨਿਆ ਐਸੀ ਸੂਰਤ ਗੁਜਰੀ ਦੀ ਚਦੂ ਚੜਯੋ ਰਾਤ ਅੰਧਾਰੀ ॥
ਗੋਕਲ ਦੇ ਵਿਚ ਪੈਦੇ ਹੋਈਆ ਚੰਦ੍ਰਾਵਲ ਗੁਜਰੇਟੀ ॥
ਜਿਸ ਦਾ ਮੂਹ ਮਤਾਹ ਅਖੀ ਗੁਲ ਨਰਗਸ ਦੇਹੀ ਮੁਸਕ ਲਪੇਟੀ ॥
ਸਹੀਆ ਦੇ ਵਿਚ ਫਿਰੇ ਲੇਟਦੀ ਆਹੀਰਾ ਦੀ ਬੇਟੀ ॥
ਦਾਨਿਆ ਅਖੇ ਤਾ ਦੇਖੀ ਝੰਗ ਸਿਆਲੀ ਚੂਚਕ ਘਰ ਸਹਲੇਟੀ ॥
ਸਸ ਕਹੈ ਚੰਦ੍ਰਾਵਲ ਧੀਏ ਨਿਜ ਬਹੁਟੀ ਹੋਵੇ ॥
ਵਡੇ ਵਖਤ ਨਹੀ ਡਾਹੇ ਚਰਖਾ ਚਕੀ ਮੂਲ ਨ ਝੋਵੇ ॥
ਤੌਣੇ ਬੈਠੀ ਮੰਨ ਪਕਾਵੇ ਆਟਾ ਮੂਲ ਨ ਗੋਵੇ ॥
ਸੌਕਣ ਤੇਰੀ ਮਾਂ ਕੁਚਜੀ ਧੀ ਸੁਚਜੀ ਹੋਵੇ ॥
ਨਾ ਮਾਰੀ ਤੂ ਤਾਨੇ ਸਸੂ ਨਾ ਕਰੀ ਲਾੜਾਈ ॥
ਝੂੰਗੇ ਤੇਰੇ ਨਿਤ ਸਿਆਪਾ ਜਿਸ ਦਿਨ ਦੀ ਮੈ ਆਈ ॥
ਨਾ ਮੈ ਤੇਲ ਫੁਲੇਲ ਮਲਾਇਆ ਨਾ ਸੀ ਮਾਂਗ ਭਰਾਈ ॥
ਚਾਰ ਪਹਰ ਮੈ ਸੁਤੀ ਮੰਜੇ ਤੁਧ ਸੀ ਕਦੋ ਜਗਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਤਾਨੇ ਮਾਰੇ ਸਸੂ ਆਵਨ ਅਗੇ ਜਾਈ ॥
ਪੂਤ ਮੁਣਸ ਦੋਵੇ ਮਰ ਜਾਸੀ ਆਹ ਅਸਾਡੀ ਪਾਈ ॥
ਜਿਤ ਵਲ ਜਾਂਦੇ ਸਿੰਙ ਭੇਡਾ ਦੇ ਸਸੁ ਨੂਹਾਂ ਤੇ ਜਾਈ ॥
ਧੀਏ ਦੇਹੀ ਤੇਲ ਫੁਲੇਲ ਮਲੇ ਤੂ ਦੰਦੀ ਮਲੇ ਦੰਦਾਸਾ ॥
ਗਲੀਯਾ ਦੇ ਵਿਚ ਫਿਰੇ ਕੋਕਦੀ ਘਰ ਘਰ ਤੇਰਾ ਹਾਸਾ ॥
ਰਖ ਰਖ ਬਦੀਆਂ ਦੇਨੀ ਹੈ ਸਾਨੂ ਬਾਬੁਲ ਮਰੀ ਨਿਰਾਸਾ ॥
ਬਾਬੁਲ ਮੇਰਾ ਜੁਗ ਜੁਗ ਜੀਵੇ ਸੁਨਿ ਸਸੂ ਕਮਜਾਤੀ ॥
ਚਾਰ ਪਹਰ ਦਿਨ ਬੋਲੀ ਸਾਡੇ ਪਿਉ ਦੀਵੇ ਵਿਚ ਵਾਤੀ ॥
ਹਸ ਹਸ ਤਾਨੇ ਮਾਰੇ ਸਾਨੂ ਲਾਇ ਕਲੇਜੇ ਕਾਤੀ ॥
ਭਲਕੇ ਵੰਞਾ ਮਥਰਾ ਨਗਰੀ ਲੈ ਦਹੀਏ ਦੀ ਚਾਟੀ ॥
ਤੇਰੇ ਸਿਰ ਦਹੀਏ ਦੀ ਚਾਟੀ ਨੀ ਤੇ ਸੁਖ ਅਸਾਡੀ ਛਾਤੀ ॥
ਦੂਧ ਦਹੀ ਦਾ ਕਿਸਬ ਅਸਾਡਾ ਨੰਗ ਨ ਲਗਦਾ ਜਾਤੀ ॥
ਵਿਚ ਮਥਰਾ ਗੋਰਸ ਵੇਚੇ ਚਲਨ ਸਭ ਅਉਕਾਤੀ ॥
ਦਿਤੀ ਮਤ ਤੂ ਨਹੀ ਏ ਲੈਂਦੀ ਨਉ ਦਿਨ ਫਿਰੇ ਚੁਪਾਤੀ ॥
ਪਿਛਲੇ ਸਭ ਗੁਨਾਹ ਬਖਸ ਲੈ ਸੁਣ ਸਸੁੜ ਹਮਾਰੀ ॥
ਜਬ ਲਗ ਜੀਵਾਂ ਤਬ ਲਗ ਤਾਈ ਖਿਜਮਤ ਕਰਾਂ ਤੁਮਾਰੀ ॥
ਸਿਰ ਮਟਕੀ ਗੋਰਸ ਦੀ ਤੇ ਗੁਜਰੀ ਮਥੁਰਾ ਸਿਧਾਰੀ ॥
ਪਹਿਲੀ ਮਜਲ ਕੀਤੀ ਗੁਜਰੇਟੀ ਨੇ ਫਿਰਿ ਜਮਨਾ ਤਲੇ ਉਤਾਰੀ ॥
ਤੀਰਥ ਨਾਤੀ ਜਮੁਨਾ ਦੇ ਫਿਰ ਦੇਹ ਪਵਿਤ੍ਰ ਸਾਰੀ ॥
ਨਾਇ ਧੋਇ ਕੇ ਬਾਹਰ ਨਿਕਲੀ ਲੀਏ ਸਿੰਗਾਰ ਸੰਭਾਰੀ ॥
ਮੇਰੀ ਸਵਾ ਲਾਖ ਦੀ ਮੁੰਦ੍ਰੀ ਹੈ ਨਹੀ ਹੋਰ ਬਸਾਇਤ ਸਾਰੀ ॥
ਦਹੀ ਭੁਲ ਗਇਆ ਗੁਜਰੀ ਨੂੰ ਫਿਰਿ ਪਾਸ ਕਾਨ ਦੇ ਆਈ ॥
ਮੈ ਗੁਜਰੀ ਤੂ ਜਾਤ ਅਹੀਰ ਹੈ ਕੇਹੀ ਕੁ ਸਾਮਤ ਪਾਈ ॥
ਬੀਬੀ ਮਾਰ ਚਪੇੜਾ ਦੰਦ ਨਿਕਾਲ ਦੇਨੀਆਂ ਰਤ ਚਵਾਈ ॥
ਸਵਾ ਲਾਖ ਦੀ ਰਖਨਾ ਹੈ ਮੁੰਦਰੀ ਪਚਦੀ ਨਹੀ ਪਚਾਈ ॥
ਕਉਣ ਦੇਸ ਕੇ ਰਾਜੇ ਸੇ ਤੁਮ ਲਖ ਦੀ ਮੁੰਦਰੀ ਪਾਈ ॥
ਅਉਰ ਤੁਮਾਰੇ ਜੇਵਰ ਕੀ ਕੁਛ ਕੀਮਤ ਕਹੀ ਨ ਜਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਇ ਢੂਢ ਰੇਤੂ ਵਿਚ ਮੁੰਦਰੀ ਜਹਾਂ ਬੈਠਿ ਕਰ ਨਾਈ ॥
ਰੇਤੂ ਵਿਚ ਮੈ ਜਾਇ ਜੁ ਢੂੰਢਾ ਹੋਵੇ ਆਪ ਗਵਾਈ ॥
ਕਾਨਾ ਤੂ ਕਰਨਾ ਹੈ ਹਸ ਹਸ ਗਾਲਾਂ ਸਾਨੂ ਖੁਸ ਨ ਰਾਈ ॥
ਇਨਾ ਕਮਉਤਾਂ ਨੂ ਮੈ ਨਾਤੀ ਲੋਕੋ ਨਿਜ ਏਤ ਵਲ ਆਈ ॥
ਇਸ ਮੁੰਦਰੀ ਦੀ ਕੂਕ ਕਾਨ ਜੀ ਤੋੜ ਕੰਸ ਥੇ ਜਾਈ ॥
ਨੰਦ ਮਹਰ ਦੇ ਬਛੇ ਚਾਰਾ ਕੰਸ ਕਿ ਜਾਣਾ ਕੇਹਾ ॥
ਪਤਲੀ ਲਸੀ ਰੋਜ ਅਸਾਡਾ ਟੁਕਰ ਮਿਲਦਾ ਬੇਹਾ ॥
ਜਿਸ ਵਲ ਪੈਂਦਾ ਕੰਮ ਨੰਦ ਦਾ ਲਯਾਵਾ ਘਿੰਨ ਸਨੇਹਾ ॥
ਗੁਜਰੀ ਵਡੇ ਸਾਹ ਪਰ ਕਰ ਤੂ ਦਾਵਾ ਕਿਸਬ ਤੁਮਾਰਾ ਏਹਾ ॥
ਕਿਸਬ ਅਸਾਡਾ ਖਰਾ ਲਾਲ ਜੀ ਨੰਦ ਮਹਰ ਦਾ ਚਾਕਾ ॥
ਵਿਚ ਉਜਾੜੀ ਕਰਨਾ ਹੇ ਲੋਟੀ ਮੂਰਖ ਸਾਹ ਪਿਆਕਾ ॥
ਸਵਾ ਲਾਖ ਦੀ ਰਖਨਾ ਹੈ ਮੁੰਦਰੀ ਖਰਾ ਇਆਣਾ ਕਾਕਾ ॥
ਦੇ ਮੁੰਦਰੀ ਘਰ ਜਾਂ ਸਵੇਰੇ ਵਿਚੋ ਲਹੇ ਲਟਾਕਾ ॥
ਸਿਰੋ ਚੀਰਾ ਤੇ ਮੋਢਿਓ ਭੂਰੀ ਦਸ ਤੈ ਖੂੰਡੀ ਸਟੀ ॥
ਕਈ ਕਰੋੜੀ ਮਾਲ ਮਿਲੂ ਆ ਖੜਿ ਸਦ ਗਹਣੇ ਹਟੀ ॥
ਮੈ ਭੀ ਜਾਣਦਾ ਡੰਨ ਕੰਸ ਦਾ ਪਈ ਕਾਨ ਨੂੰ ਚਟੀ ॥
ਸਾਰੀ ਉਮਰੋ ਛੁਟ ਪਈ ਗੁਜਰੀ ਛਾਹ ਵੇਚਣੋ ਹਟੀ ॥
ਸਵਾ ਲਾਖ ਦੀ ਮੁੰਦਰੀ ਮੇਰੀ ਲਾਲ ਮੋਤੀਆ ਚੂਰੀ ।
ਬਾਰਾ ਬਰਸ ਘੜੀ ਸੁਨਿਆਰੇ ਅਜੇ ਨ ਹੋਈਆ ਪੂਰੀ ॥
ਨੌ ਮੂਹਰਾ ਤੇ ਪੰਜ ਰੁਪਏ ਲੜ ਕੇ ਲਈ ਮਜੂਰੀ ॥
ਸਵਾ ਲਾਖ ਦੀ ਮਾਮਤ ਮੇਰੀ ਦੇਨਾ ਹੈ ਚੀਰਾ ਭੂਰੀ ॥
ਤੇਰੇ ਭਾਣੇ ਗਲ ਮੰਦੇਰੀ ਚੋਖਾ ਮਾਲ ਜੁ ਮੇਰਾ ॥
ਨਾ ਕਿਸੇ ਦਾ ਮਾਲ ਚੁਰਾਇਆ ਨਾ ਕਰਜੋਈ ਤੇਰਾ ॥
ਤਿਹੁ ਚੀਜਾ ਨੂ ਗਰਬੀ ਰਖਾਂ ਮਤਬਲ ਕਰਸਾ ਤੇਰਾ ॥
ਸਦ ਜਵਾਹਰੀ ਮੂਲ ਪਵਾਇਲੋ ਕੀਮਤ ਕਰਦਾ ਕੇੜਾ ॥
ਦੇਖ ਬਸਾਇਤ ਕਾਨ ਦੀ ਗੁਜਰੀ ਨੇ ਹਾਸੇ ਪਾਏ ॥
ਦਖਣ ਪੂਰਬ ਦੇ ਸੁਨਿਆਰੇ ਬੀਬਾ ਕਈ ਫਰੰਗ ਬਣਾਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੀਰਾ ਭੂਰੀ ਦੇਈ ਮਲੰਗਾ ਖਿੰਥੇ ਪਿਓ ਦਲਾਏ ॥
ਏਕ ਲਾਖ ਦੀ ਚੀਰਾ ਭੂਰੀ ਦੋ ਲਖ ਕੀਮਤ ਆਏ ॥
ਸੀਆ ਦ੍ਰੋਪਤੀ ਪਾਰਬਤੀ ਨੇ ਦਸਤੀ ਸੂਤ ਕਤਾਏ ॥
ਮਾਤਾ ਲੋਈ ਵਟੀਆ ਨਲੀਆ ਵੁਣੀ ਕਬੀਰ ਜੁਲਾਹੇ ॥
ਇੰਦ੍ਰ ਧੋਤੀ ਨਾਮੇ ਸੀਤੀ ਭੇਟਾ ਮੁਝ ਕੂ ਆਏ ॥
ਤੀਨ ਲਾਖ ਦਾ ਦਾਵਾ ਕਾਨਾ ਤੈ ਅਸਾਂ ਪਰ ਕੀਤਾ ॥
ਅਸਮਾਨ ਦਾ ਤੈ ਪੇਟ ਪਾੜਿਆ ਜਿਉ ਦਹਸਿਰ ਲੈ ਗਿਆ ਸੀਤਾ ॥
ਰਾਮਚੰਦਰ ਚੜਿ ਲੰਕਾ ਲੂਟੀ ਵਾ ਕੇ ਗੜ ਕੋ ਜੀਤਾ ॥
ਘਰ ਦੇ ਭੇਦ ਦਹੰਸਿਰ ਮਾਰਿਆ ਦਗਾ ਨਾਰ ਨੇ ਕੀਤਾ ॥
ਤੂੰ ਸੁਗੁੰਦ ਪੁਕਾਰ ਕਿਤੇ ਵਲ ਅਸਾਂ ਤੇਰਾ ਕਿਆ ਲੀਤਾ ॥
ਦਿਏ ਸੁਗੰਦੂ ਸਾਨੂ ਕਾਨਾ ਨੰਦ ਮਹਰ ਦੇ ਪਾਲੀ ॥
ਅਸਾਂ ਅਸੀਲਾ ਤੈ ਨਾਲ ਕੂਣਾ ਤਿਸੇ ਦੇਨਾ ਹੈ ਗਾਲੀ ॥
ਸਮਾਲ ਮਚਾਕ ਕਰੀ ਚਾਕਾ ਮੈ ਨਹੀਓ ਹਸਣ ਵਾਲੀ ॥
ਕੌਹਰੀ ਗਗੜੀ ਗੁਜਰੀ ਕਿਆ ਤੁਮ ਸਿਖ ਸਿਖਾਲੀ ॥
ਜਿਸ ਤਕਲੀ ਦੀਆ ਹਥੀ ਕੜੀਆ ਮੁੰਦਰੀ ਢੇਢੀ ਵਾਲੀ ॥
ਗਲੀ ਗਲੀ ਦਹੀਏ ਦਾ ਹੋਕਾ ਸਾਡੀ ਡਿਠੀ ਭਾਲੀ ॥
ਸਵਾ ਲਾਖ ਦਾ ਕਰਨੀ ਹੈ ਦਾਵਾ ਏਸ ਕਰੀਨੇ ਵਾਲੀ ॥
ਰਹੁ ਵੇ ਚਾਖਾ ਸਾਹ ਪਿਆਖਾ ਤੈਥੇ ਅਕਲ ਨ ਕਾਈ ॥
ਮਸਕੀਆਂ ਕਰ ਨਾਲ ਜਸੋਦਾ ਜਿਸ ਨੂ ਕਹਦਾ ਮਾਈ ॥
ਮੈ ਗੁਜਰੀ ਤੂ ਚਾਕ ਨੰਦ ਦਾ ਹੈ ਕੀ ਕੁੜਮ ਜਮੋ ਇਸਨਾਈ ॥
ਸਤਰ ਮਿਤਰ ਰਹ ਜਾਸੀ ਗਾ ਤੂ ਮੁੰਦਰੀ ਦੇ ਛਡ ਭਾਈ ॥
ਸਤਰ ਮਿਤਰ ਕਰ ਰਾਖੇ ਗੁਜਰੀ ਸਾ ਥਾ ਧਰਮ ਤੁਮਾਰਾ ॥
ਮਿਸਾ ਰੁਖਾ ਜੌ ਕਾ ਟੁਕੜਾ ਕਰੋ ਕਬੂਲ ਹਮਾਰਾ ॥
ਆਜ ਰੈਨ ਘਰ ਬਸੋ ਹਮਾਰੇ ਬਖਸੋ ਲਖ ਹਜਾਰਾ ॥
ਨਹੀ ਤੇ ਜੋਰ ਜਬਤ ਕਰ ਰਾਖੋਂਗਾ ਕਿਸ ਆਗੇ ਕਰੋ ਪੁਕਾਰਾ ॥
ਕਿਸ ਆਗੇ ਕਰਾਂ ਪੁਕਾਰ ਕਾਨ ਜੀ ਮਿਨਤ ਕਰਾ ਮੈ ਤੇਰੀ ॥
ਹਥ ਬੰਨ ਕੇ ਕਰਾਂ ਬੇਨਤੀ ਤੂ ਸਾਹਿਬ ਮੈ ਚੇਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਸੁ ਅਸਾ ਘਰ ਦੇਂਦੀ ਗਾਲੀ ਸਾਨੂ ਖਰੀ ਭਲੇਰੀ ॥
ਸਸ ਤੇਰੀ ਦਾ ਮੈ ਹਾਂ ਜਾਮਨਿ ਝਿੜਕੇ ਝੰਬੇ ਮਾਰੇ ॥
ਐਸੇ ਜਾਦੂ ਸਿਹਰ ਕਰਾਂ ਅਸਮਾਨੋ ਤੋੜਾ ਤਾਰੇ ॥
ਅਖੇ ਤਾ ਜੋਬਨ ਅਬ ਕਰ ਡਾਰਾਂ ਮੰਗਦੀ ਫਿਰੇ ਦੁਆਰੇ ॥
ਤੂੰ ਕਰਿ ਸੇਵਾ ਇਸ ਕਾਨੇ ਦੀ ਸਸ ਚੁਮ੍ਹੰਗ ਪੈਰ ਤੁਹਾਰੇ ॥
ਰਹੁ ਕਾਨਾ ਮੇਰਾ ਰਹਣ ਨਹੀ ਵੇ ਮੋ ਘਰ ਕੰਤ ਅਜਾਰੀ ॥
ਦੰਮ ਦੰਮ ਮੈਨੂੰ ਯਾਦ ਕਰੇ ਜਿਉ ਸੀਤਾ ਰਾਮ ਪਿਆਰੀ ॥
ਜੇ ਜੁਗ ਸੀਤਾ ਨਦਰਿ ਨ ਆਈਆ ਰਾਮੇ ਗਰਦ ਗੁਬਾਰੀ ॥
ਰਹੁ ਕਾਨਾ ਮੇਰਾ ਰਹਣੁ ਨਹੀ ਵੇ ਕਰਨਾ ਹੈ ਲਖ ਤਦਬੀਰਾ ॥
ਤੈਨੂ ਭੀ ਕੁਲ ਆਲਮ ਜਾਣੇ ਤੇਰਿਆ ਜੇਹਾ ਪੀਰਾ ॥
ਮਾਤ ਪਿਤਾ ਦੀ ਖਬਰ ਨਾ ਲਈਆ ਜਨਮ ਲਿਓ ਘਰ ਹੀਰਾ ॥
ਕਾ ਹੀਰਾ ਘਰ ਚੂਰੀ ਸੀ ਫਿਰਿ ਮੋਤੀ ਵੰਗ ਜੜਾਏ ॥
ਏਕ ਲਾਖ ਦਾ ਗਹਣਾ ਪਤਾ ਦੋ ਲਖ ਕੀਮਤਿ ਆਏ ॥
ਝਗੜਾ ਛੋਡ ਚਲੀ ਗੁਜਰੇਟੀ ਜੀ ਮਝਵਾਟੇ ਡੇਰੇ ਪਾਏ ॥
ਸਸੁ ਕਹੈ ਚੰਦ੍ਰਾਵਲ ਧੀਏ ਏਡਾ ਚਿਰੁ ਕਿਉ ਲਾਇਆ ॥
ਵਡੇ ਵਖਤ ਦੀ ਗਈ ਏ ਤੂ ਸੰਧਿਆ ਵੇਲਾ ਆਇਆ ॥
ਅਖੇ ਤਾਂ ਪਲਚੀ ਨਾਲ ਕਾਨ ਦੇ ਅਖੇ ਤਾਂ ਕੁਝ ਗਵਾਇਆ ॥
ਨਾ ਮੈ ਪਲਚੀ ਨਾਲ ਕਾਨ ਦੇ ਨਾ ਮੈ ਕੁਝ ਗਵਾਇਆ ॥
ਬਿੰਦ੍ਰਾਬਨ ਦੀ ਕੂੰਜ ਗਲੀ ਮੈ ਚਉਥਾ ਫੇਰਾ ਪਾਇਆ ॥
ਗਲੀ ਗਲੀ ਦਹੀਏ ਦਾ ਹੋਕਾ ਲੋਕਾ ਘਰੀ ਜਮਾਇਆ ॥
ਦੇਖੋ ਲੋਕੋ ਦਾਦ ਮਿਲੀ ਸਸੂ ਨੇ ਜੀਉ ਖਪਾਇਆ ॥
ਮੈ ਤੈਨੂੰ ਭਸ ਦਾਦ ਦੇਹਾਂ ਤੂ ਨੀਤ ਭਲੇਰੀ ਚਾਈ ॥
ਝਾਟੇ ਵਾਲ ਨ ਰਹਣ ਦੇਸਾਂ ਹੋਵੇ ਮੈਡੀ ਜਾਈ ॥
ਮੂਹ ਪਰ ਸੁਖ ਨ ਸਰੋਤਲ ਕਰਨੀਏ ਕਾਹਨੇ ਦੀ ਸਿਖਲਾਈ ॥
ਸਚ ਦਸ ਭਈਯਾ ਮੁਯੇ ਕੀ ਕਰਨੀ ਮਕਰ ਬਹਾਨੇ ॥
ਜਾਤੀ ਦੀ ਕੀ ਕਮੀ ਪਈ ਸੀਕਾ ਨਾਲ ਯਰਾਨੇ ॥
ਟੁਕਰੇ ਉਪਰ ਕਰਨ ਮਜੂਰੀ ਅਕਲ ਨ ਖਸ ਖਸ ਦਾਨੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਦੀ ਖਾਤਰ ਹੋਈਏ ਪੀਲੀ ਗਲੀਆ ਜਿਉ ਪਰਵਾਨੇ ॥
ਡਰਦੀ ਸਚੁ ਨ ਦਸਾ ਸਸੁੜਿ ਤੈ ਤਾਨੇ ਕਿਉ ਮਾਰੇ ॥
ਜਮਨ ਘਾਟ ਪਰ ਨਾਤੀ ਸੇ ਕੋਈ ਸੀ ਭੀ ਪਾਸ ਤੁਮਾਰੇ ॥
ਇਕ ਮੈ ਨਾਤੀ ਦੂਆ ਠਾਕੁਰ ਤੀਜੀ ਜਮੁਨਾ ਲਹਰੀ ਮਾਰੇ ॥
ਸਯਾਮ ਰੂਪ ਕਾਂਧੇ ਪਰ ਕੰਮਲੀ ਲੜਕਾ ਗਊਆ ਚਾਰੇ ॥
ਮੂਹ ਦਾ ਮਿਠਾ ਖਰਾ ਲਿੰਬਾਸੀ ਉਨ ਜਾਦੂ ਕਰਿ ਡਾਰੇ ॥
ਨੀ ਓਹ ਜੋਗੀ ਹੋ ਕੇ ਛਲ ਗਯੋ ਮਾਇ ਮਕਰ ਬਿਸਾਤਖਿ ਤਾਰੇ ॥
ਤੁਧ ਨੂਹੂ ਤੇ ਤੋਬਾ ਕੀਤੀ ਖਹੜਾ ਛਡ ਛਿਨਾਰੇ ॥
ਮਧ ਪੀਤੇ ਬਿਨ ਖੀਵੀ ਵੰਞੇ ਜਿਉ ਕਰਿ ਫੀਲ ਬਜਾਰੇ ॥
ਸੈ ਬਰਿਆ ਦੀ ਤਾਵਰਿ ਆਵਨ ਤੈਡਟੀਦੇ ਮਾਰੇ ॥
ਜਮਨ ਘਾਟ ਪਰ ਨਾਤੀ ਸੇ ਕੋਈ ਸੀ ਭੀ ਪਾਸ ਤੁਮਰੇ ॥
ਡਰਦੀ ਸਚੁ ਨ ਦਸਾਂ ਸਸੁੜ ਤੈ ਤਾਨੇ ਕਿਉ ਮਾਰੇ ॥
ਜਮਨ ਘਾਟ ਪਰ ਨਾਵਨ ਬੈਠੀ ਕਪੜੇ ਧਰੇ ਕਨਾਰੇ ॥
ਨਾਇ ਧੋਇ ਕੇ ਬਾਹਰ ਨਿਕਲੀ ਸਭ ਸਿੰਗਾਰ ਸਵਾਰੇ ॥
ਮੇਰੀ ਸਵਾ ਲਾਖ ਦੀ ਹੈ ਨਹੀ ਮੁੰਦਰੀ ਕਪਰੇ ਪਏ ਕਨਾਰੇ ॥
ਕਿਸ ਗੁਜਰ ਦਾ ਬੇਟਾ ਸੀ ਓਹੁ ਕਿਸ ਦੀਆਂ ਗਊਆ ਚਾਰੇ ॥
ਦੂਧ ਦਹੀ ਦੀਆ ਲਏ ਜਗਾਤਾ ਵਾਟੇ ਪੈਂਡਾ ਮਾਰੇ ॥
ਨੂਹਾ ਧੀਆਂ ਪਰਾਈਆ ਨੂ ਓਹ ਖੁਸ ਕਰ ਅੰਗੀਆ ਡਾਰੇ ॥
ਦਸ ਕੰਸ ਦੀਆ ਚਾੜਾ ਫਉਜਾਂ ਬੰਨ ਲਿਆਵਾਂ ਸਾਰੇ ॥
ਬੇਟਾ ਨੰਦ ਜਸੋਧਾ ਦਾ ਜਮੁਨਾ ਪਰ ਗਊ ਚਰਾਵੇ ॥
ਉਸ ਬੰਸੀ ਦੀ ਧਮਕ ਸੁਨਾ ਮੇਰੀ ਸੁਧ ਬੁਧ ਭੁਲ ਜਾਵੇ ॥
ਸਣੇ ਕੰਸ ਕੋ ਖੁਸਦਾ ਮਾਏ ਸਾਨੂ ਬੁਰਾ ਨ ਭਾਵੇ ॥
ਗੁਸਾ ਲਗਾ ਉਸ ਗੁਜਰੀ ਨੂ ਤੇ ਜਲ ਬਲ ਭਈ ਦਿਵਾਨੀ ॥
ਤਿਨ ਸੈ ਸਠ ਲੈ ਗੁਜਰੀ ਗੋਕਲ ਦੀ ਤੇ ਮਥੁਰਾ ਪੁਰ ਨੂ ਧਾਨੀ ॥
ਪਾਟੇ ਚੀਰ ਜੁ ਲੈ ਲਏ ਉਪਰ ਖੜੀ ਬਾਹ ਕੁਰਲਾਨੀ ॥
ਸੰਭਾਲ ਜਸੋਦਾ ਕਾਨੇ ਨੂ ਕਯੋ ਰਖਿਓ ਅਕਲ ਕਾਨੀ ॥
ਅਕ ਪਕ ਰਹੀ ਗੁਜਰੇਟੀ ਜੀ ਜਸੋਧਾਂ ਪਾਸ ਪੁਕਾਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਮਟਕੀ ਫੋੜ ਦਿਤੀ ਨੀ ਐਨ ਕਨਈਏ ਕੀਤੀ ਬਹੁਤ ਖੁਆਰੀ ॥
ਗੋਰਸ ਡੁਲਾ ਵਿਚ ਗਲੀਆ ਦੇ ਵੇਖੇ ਪਰਜਾ ਸਾਰੀ ॥
ਦਾਨਿਆ ਕੈਸਾ ਭਰਮ ਪਇਆ ਮਨ ਕਾਨੇ ਦੇ ਕਰਤਿ ਨਸੈ ਸਠ ਗਵਾਰੀ ॥
ਕਹੇ ਜਸੋਧਾ ਗੂਜਰੀ ਨੂ ਤੂ ਸੁਣੀ ਬਾਤ ਹਮਾਰੀ ॥
ਜਿਸ ਕਾਨ ਦੀ ਗਲ ਕਰੇ ਸੇ ਸਚਾ ਜਨਮ ਅਉਤਾਰੀ ॥
ਝੂਠੇ ਫੜਤ ਨੂ ਹਥ ਨ ਪਾਵੇ ਲਾਲਾ ਦਾ ਵਪਾਰੀ ॥
ਗੁਜਰੀ ਝਾਲ ਸੁਟੀ ਜਸੋਦਾ ਨੇ ਭੂਲੀ ਫਿਰੇ ਗਵਾਰੀ ॥
ਸਾਨੂ ਗਵਾਰ ਕਹੇਂ ਜਸੋਦਾ ਤੈਨੂ ਅਕਲ ਨ ਕਾਈ ॥
ਤੇਰੇ ਕਿਤ ਦਿਨ ਦਾ ਕਾਨ ਜਗਾਤੀ ਸਾ ਜਿਨ ਦਹੀ ਜਗਾਤ ਲਗਾਈ ॥
ਮਥੁਰਾਪੁਰ ਦੀਆਂ ਚਾਰੇ ਗਊਆਂ ਘਰ ਘਰ ਚਾਕ ਸਦਾਈ ॥
ਹੀਰੇ ਮੋਤੀ ਲਾਲ ਜਵਾਹਰ ਨੀ ਉਨ ਕਦ ਸੀ ਕੀਮਤਿ ਪਾਈ ॥
ਕਹੈ ਜਸੋਦਾ ਗੁਜਰੀ ਨੂ ਤੂ ਮੈਨੂ ਮੰਦੀ ਭਾਵੇ ॥
ਤੇ ਮੂਹ ਭੀ ਸਰਮ ਅਖੀ ਬਦੀਦੇ ਨੀ ਤੂੰ ਰਤੀ ਨਾਂ ਸਰਮਾਵੇ ॥
ਚੇਟਕ ਲਾਗ ਗਈ ਏ ਤੂ ਸਾਮ ਸੁੰਦਰ ਨੂ ਮੈਨੂੰ ਮਕਰ ਵਿਖਾਵੇ ॥
ਏਤੇ ਕਾਨ ਜਗਾਤ ਨ ਛੋਡੂਗਾ ਕਿਉਂ ਮਥਰਾਪੁਰ ਨੂ ਜਾਵਾਂ ॥
ਮਥਰਾ ਗੋਕਲ ਪਾਸੋ ਪਾਸੀ ਅਸੀ ਤੁਸ ਅਮਸਾਏ ॥
ਸਤ ਪੀੜੀਆ ਦਹੀ ਵੇਚਿਆ ਕਿਨੇ ਨ ਮਨੇ ਕਰਾਏ ॥
ਕੈਰੋ ਪਾਂਡੋ ਰਾਮ ਦਹੰਸਿਰ ਤਬ ਲਗ ਰਾਜ ਕਮਾਏ ॥
ਤਿਨਾ ਜਗਾਤਨ ਲਈ ਦਹੀ ਦੀ ਏ ਕੀ ਕਾਨ ਚਿਕਾਰਾ ਲਾਏ ॥
ਕਹੈ ਜਸੋਦਾ ਗੁਜਰੀ ਨੂ ਤੂ ਸੁਣੀ ਬਾਤ ਹਮਾਰੀ ॥
ਐਦਰਿ ਤੇਰੇ ਇਸਕ ਚਾਟ ਕੀ ਬਿਰਹੋ ਤਾਇ ਸਥੋ ਵਾਲੇ ॥
ਤੁਧ ਜਿਤਿਆ ਤੇ ਅਸਾਂ ਹਾਰਿਆ ਨੀ ਚਲ ਚਲਾਂ ਤੇਰੇ ਨਾਲੇ ॥
ਤਿੰਨ ਸੈ ਗੁਜਰੀ ਚੰਦ੍ਰਾਵਲ ਦੀ ਫਿਰਿ ਪਾਸ ਕਾਨ ਦੇ ਆਈ ॥
ਦੇਖ ਗੋਪੀਆ ਆਵਦੀਆ ਕਾਨੇ ਸੀ ਦੇਹ ਉਲਟਾਈ ॥
ਸੈ ਵਰਿਆ ਦਾ ਬਾਵਨ ਬਣਿਆ ਦਾੜੀ ਦਸਤ ਵਧਾਈ ॥
ਹਾਸੀਆ ਮਾਥੇ ਤਿਲਕ ਬਿਰਾਜੇ ਕੰਠੀ ਚੰਦੋ ਜੋਤ ਸਵਾਈ ॥
ਦੂਹ ਦਸਤਾਂ ਵਿਚ ਲਈ ਸਿਮਰਨੀ ਬੈਠੋ ਰਾਮ ਧਿਆਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੰਡੇ ਮਥੁਰਾ ਨਗਰੀ ਦੇ ਸਭ ਬੰਦ ਕਾਨ ਨੇ ਕੀਤੀ ॥
ਜਿਨ ਮੁੰਡੇ ਤੂ ਲੁਟੀ ਗੁਜਰੀ ਪਕੜਿ ਲਈ ਚੁਪ ਚੁਪੀਤੀ ॥
ਤੂ ਚੋਰ ਚੁਰਾਂਈ ਤੁਧੇ ਤੁਧ ਬਿਨ ਕਿਨੇ ਨ ਲੀਤੀ ॥
ਮੁੰਡੇ ਛੁਟੇ ਕਾਨ ਪਕੜਿਆ ਮੁੰਦਰੀ ਦੇਇ ਅਨੀਤੀ ॥
ਐਸਾ ਦਾਵਾ ਕਰ ਗੁਜਰੀ ਤੁ ਸਾਹਬ ਤੇ ਫਲੁ ਪਾਈ ॥
ਮੈ ਸਾਧੂ ਨੂ ਚੋਰ ਕਰੇ ਸੇ ਮੁੰਦਰੀ ਆਪ ਛਪਾਈ ॥
ਝਾੜ ਦੇਖ ਖਾ ਚੀਰ ਆਪਣੇ ਮੈਨੂ ਕਿਓ ਸੰਤਾਈ ॥
ਝਾੜੇ ਚੀਰ ਗਿਰੀ ਸੀ ਮੁੰਦਰੀ ਗੁਜਰੀ ਪਛੋਤਾਈ ॥
ਐਸੀ ਗੁਜਰੀ ਮਾਤ ਪਈ ਧਰਤੀ ਪਰ ਧਿਆਨ ਲਗਾਈ ॥
ਐਸੀ ਗੁਜਰੀ ਮਾਤ ਪਈ ਜਿਉ ਦਹਸਿਰ ਲੰਕ ਲੁਟਾ (ਈ) ॥
ਮੈ ਭੂਲੀ ਤੂ ਬਖਸ ਕਾਨ ਜੀ ਅਬਲ ਮਤ ਨ ਆਈ ॥
ਇਹ ਹੈ ਸੀ ਤੈਥੇ ਨਿਕਲੀ ਮੈਥੇ ਤੇਰੀ ਕੁਦਰਤ ਲਖੀ ਨ ਜਾਈ ॥
ਕਰਜੁ ਹਾਰ ਚਲੀ ਗੁਜਰੀ ਫਿਰਿ ਬਿਦਿਆ ਕਾਨ ਤੇ ਲੀਤੀ ॥
ਅਬਚਲ ਰਾਜ ਬਸੇ ਸੁਖ ਨਗਰੀ ਜੈ ਜੈ ਗੋਪੀਆ ਕੀਤੀ ॥
ਆਸਕ ਮਸੂਕਾ ਦਾ ਨਿਆ ਤੈ ਤਦੋ ਅਦਾਲਤ ਕੀਤੀ ॥
ਉਠ ਤੁ ਜੁ ਕਾਨੀ ਲਗੀ ਪ੍ਰੇਮ ਦੀ ਚੰਦ੍ਰਾਵਲ ਕਸ ਮਾਰੀ ॥
ਕਹੂੰ ਬੰਸੀ ਮੁਖ ਬਿਰਾਜੈ ਕਹੂੰ ਕੰਬਰੀ ਕਾਰੀ ॥
ਜਤੀ ਸਤੀ ਭਰਮਾਏ ਤਿਰੀਆ ਹਮ ਤੁਮ ਕਉਣ ਚਿਤਾਰੀ ॥
ਵਹੁ ਧਰਨੀ ਫਿਰੇ ਲੇਟਦਾ ਹਰ ਦਮ ਜਾਤ ਗਵਾਰੀ ॥
ਕਹੈ ਜਸੋਦਾ ਸਗਲ ਗੋਪੀਆਂ ਰਤੀ ਢਿਲ ਨ ਲਾਵੋ ॥
ਤੇਲ ਫੁਲੇਲ ਅੰਬੀਰ ਅਰਗਜਾ ਕੇਸੀ ਮੁਸਕ ਛਕਾਵੋ ॥
ਸੋਲਾ ਸੈ ਸਤਰ ਸਿੰਗਾਰ ਕਰੋ ਨਕ ਬੇਸਰ ਸੁਰਮਾ ਪਾਵੋ ॥
ਥਾਲੀ ਦੇ ਵਿਚ ਪਾਇ ਪਤਾਸੇ ਅਪਨਾ ਸ਼ਾਮ ਮਨਾਵੋ ॥
ਤਿੰਨ ਸੈ ਗੁਜਰੀ ਚੰਦ੍ਰਾਵਲ ਦੀ ਫਿਰਿ ਪਾਸ ਕਾਨ ਦੇ ਆਈ ॥
ਕਹਾਂ ਪ੍ਰਭ ਜੀ ਜਸ ਤੁਮਾਰਾ ਕਹਾ ਗਈ ਚਤੁਰਾਈ ॥
ਤੀਨ ਲੋਕ ਵਿਚ ਮਹਿਮਾ ਤੇਰੀ ਚਰਨ ਛੁਤੇ ਗਤਿ ਪਾਈ ॥
ਗਲੀ ਗਲੀ ਕਰਿ ਜੋਬਨ ਵੇਚਾ ਤਿਨ ਕੀ ਕੀ ਅਸਨਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨ ਕਹੈ ਸੁਨ ਮਾਂ ਜਸੋਦਾ ਵਿਰਹੋ ਜੁ ਕਾਨੀ ਲਾਈ ॥
ਗੁਝੀ ਪੀੜ ਨ ਵਹਦਾ ਲੋਹੂ ਹਿਕਮਤ ਲਖੀ ਨ ਜਾਈ ॥
ਨੈਣੀ ਨੀਦ ਨ ਭੁਖ ਅਸਾਨੂ ਪਾਨ ਪਲਟ ਨ ਧਾਈ ॥
ਗੁਜਰੀ ਮਿਲੇ ਤਾਂ ਕੋ ਦਿਨ ਜੀਵਾਂ ਘਰ ਜਾ ਮੇਰੀ ਮਾਈ ॥
ਚੋਰਾ ਯਾਰਾ ਤੇ ਕੁੜਿਆਰਾ ਮਾਪੇ ਦੇਨ ਬਿਦਾਈ ॥
ਨਾਗ ਗੁਲਾ ਦੇ ਭੁਲੀ ਜਲੀ ਤੇ ਪਾਤਸਾਹਾ ਦੀ ਜਾਈ ॥
ਇਸਕ ਨ ਜਾਤੀ ਫਿਰੇ ਢੂੰਢਦਾ ਜਿਉ ਲਗੀ ਤਿਉ ਲਾਈ ॥
ਗੁਜਰੀ ਮਿਲੇ ਤਾਂ ਕੋ ਦਿਨ ਜੀਵਾ ਘਰ ਜਾ ਮੇਰੀ ਮਾਈ ॥
ਨਾ ਇਕ ਰਾਧੇ ਜੀ ਨੇ ਠਾਕੁਰ ਬਾਹੋ ਪਕੜਿ ਉਠਾਇ ॥
ਹਮਰੇ ਦੂਖ ਨਿਵਾਰੋ ਪ੍ਰਭ ਜੀ ਹੋਵੇ ਸੰਗ ਸਹਾਇ ॥
ਝਾੜ ਬਣਾਇ ਲੇਹੁ ਧਰ ਆਗੇ ਸਯਾਮ ਮਨਾਇ ਲਿਆਇ ॥
ਉਸ ਦਿਲਬਰ ਦੀ ਖਾਤਰ ਕਾਰਜ ਨਾਨਾ ਭੇਖ ਬਣਾਈ ॥
ਅਖੀ ਕਜਲ ਤੇ ਨਕ ਬੇਸਰ ਜੀ ਮੋਤਿਆ ਮਾਂਗ ਭਰਾਈ ॥
ਕਾਨ ਕਾਮਨੀ ਬਣ ਕਾਨੇ ਦੀ ਚੰਦ੍ਰਾਵਲ ਦੀ ਰੁਕਮਣ ਭੈਣ ਸਦਾਈ ॥
ਢੋਇ ਮੁਹਾਣੇ ਕਿਸਤੀ ਕੰਢੇ ਬਾਹੋ ਪਕੜਿ ਚੜਾਇਆ ॥
ਦਰਸੁਜਾਨ ਜਮਨਾ ਦੇ ਕਾਨੇ ਨੇ ਫਿਰ ਅਪਣਾ ਆਪ ਲਖਾਇਆ ॥
ਅਗੇ ਪਿਛੇ ਹੋਇਓ ਚਾਨਣ ਖੈ ਖੈ ਹਾਸਾ ਪਾਇਆ ॥
ਜਬ ਓਹ ਪੈਸਾ ਘਿੰਨ ਮਜੂਰੀ ਤੇ ਕੀ ਝਗੜਾ ਚਾਇਆ ॥
ਰਬ ਵਿਚ ਪੈਸੇ ਘੁੱਟ ਕੇ ਬਧੇ ਨੰਦ ਮਹਰ ਦੇ ਢੋਟੇ ॥
ਅਹਮਕ ਗੁਜਰੀ ਛਲਨੇ ਚਲਿਆ ਪਲੇ ਪੈਸੇ ਖੋਟੇ ॥
ਅਖੇ ਤਾਂ ਗੋਪੀ ਘਿੰਨ ਮਜੂਰੀ ਅਖੇ ਤਾਂ ਮਿਲਸਨਿ ਗੋਤੇ ॥
ਗੋਪੀ ਘਿੰਨੀ ਰਾਜੀ ਥੀਓ ਵਹ ਮਥੁਰਾ ਪੁਰ ਜਾਓ ॥
ਜਿਤ ਵਲ ਕਾਨ ਨ ਹੋਸੀਗਾ ਫਿਰ ਦਸਤ ਉਤੇ ਵਲ ਪਾਇਓ ॥
ਘਰ ਘਰ ਗੋਪੀ ਘਰ ਘਰ ਕਾਨਾਂ ਅਜਮਤ ਕਾਨ ਦਿਖਾਏ ॥
ਸਾਰੀ ਮਥੁਰਾ ਢੂਢ ਭਾਲ ਕੇ ਮੋਉ ਘਰਾਂ ਨੂੰ ਆਏ ॥
ਪਹਲੀ ਫਿਟਕ ਮਲਾਹਾਂ ਨੂੰ ਜਾ ਕੰਢੀ ਕਾਨ ਸਦਾਏ ॥
ਲਾਖ ਦਿਹਾੜੀ ਪੈਂਦੇ ਹੁੰਦਾ ਫਰਕਤ ਨਹੀ ਮੁਹਾਣੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਿੜੀ ਮਾਰਾਂ ਤੇ ਬਾਜਾ ਵਾਲਿਆਂ ਦੇ ਕਪੜੇ ਸਦਾ ਪੁਰਾਣੇ ॥
ਜੰਗਲ ਦੇ ਵਿਚ ਚਾਰਨ ਭੇਡਾਂ ਲਖਿਆ ਗੰਜੇ ਕਾਣੇ ॥
ਕਾਣੇ ਗੰਜੇ ਲੂਲੇ ਲੰਙੇ ਵਿਚ ਗਣਿਆਂ ਦੇ ਸਾਰੇ ॥
ਜੰਗਲ ਦੇ ਵਿਚ ਕਰਤ ਅੜੋਕਾ ਭਲੀ ਨ ਕਰਦੇ ਚਾਈ ॥
ਆਪੋ ਵਿਚੀ ਬੈਸ ਖਲੋਤੇ ਸਰਤ ਭੂਰੀਆਂ ਪਾਈ ॥
ਤੇਰੀ ਭੂਰੀ ਮੈਂ ਘਿੰਨਾ ਤੂੰ ਮੇਰੀ ਘਿੰਨੇ ਭਾਈ ॥
ਚਾਰ ਪਹਰ ਦਿਨ ਚਾਰੇ ਭੇਡਾ ਜੇੜਾ ਸਰਤ ਹਰਾਈ ॥
ਕਾਣੇ ਕਾਨ ਤਾਂ ਲਖਿਆ ਜਾਂ ਸਜਾ ਪੈਰ ਉਠਾਇਆ ॥
ਕਾਣਾ ਗੰਜਾ ਪਏ ਭਜ ਕੇ ਕਾਨੇ ਨੂੰ ਅਟਕਾਇਆ ॥
ਦਾਨਿਆ ਕੈਸੀ ਬਿਪਤ ਪੜੀ ਹੈ ਕਾਨੇ ਨੂੰ ਜਿਨ ਜਨ ਕਾ ਭੇਸ ਕਰਾਇਆ ॥
ਕਾਣਾ ਸੀ ਚੋਲੀ ਚਮੜਿਆ ਗੰਜੇ ਹਥ ਲਹਘੇ ਪਾਇਆ ॥
ਵਿਚ ਉਜਾੜੀ ਬਣੀ ਕਾਨ ਨੂੰ ਕਾਨੇ ਰਾਮ ਧਿਆਇਆ ॥
ਕੁਦਰਤਿ ਦੇ ਬਘਿਆੜ ਬਣੇ ਚਾਰ ਮਦਤ ਕਾਨ ਦੀ ਆਏ ॥
ਭੇਡ ਬਕਰੀ ਸਭ ਚੁਣ ਖਾਧੀ ਕਢ ਕਾਲਜੇ ਖਾਏ ॥
ਬੂਰੀ ਕਕੀ ਕੈਤਲ ਸਸੀ ਕਰਿ ਕਰਿ ਰੋਦੇ ਮਾਏ ॥
ਖਲੜ ਚੁਕ ਨਿਸਾਨੀ ਸਿਰ ਪਰ ਲੈ ਖਸਮਾਂ ਥੇ ਆਏ ॥
ਕਾਣੇ ਗੰਜੇ ਪਈ ਆਪਣੀ ਕਾਨਾ ਗੋਕੁਲ ਜਾਏ ॥
ਭੇਜ ਸਨੇਹਾ ਚੰਦ੍ਰਾਵਲ ਨੂ ਤੈਨੂ ਰੁਕਮਣ ਭੈਣ ਸਦਾਏ ॥
ਚੀਸਾ ਵਟ ਮਿਲੀ ਗਲ ਅੰਦਰ ਜੀ ਏਹ ਰੁਕਮਣ ਦੇਹ ਹਟਾਏ ॥
ਵੀਲਾ ਵੀਲਾ ਕਰ ਡਿਗੀ ਮੈਂ ਮੁਈ ਨੀ ਮੇਰੀ ਮਾਏ ॥
ਰੁਕਮਣ ਕਹੇ ਚੰਦ੍ਰਾਵਲ ਨੂ ਤੂ ਸੁਣੀ ਹਕੀਕਤਿ ਮੇਰੀ ॥
ਜੰਗਲ ਬੇਲੇ ਜਮਨਾ ਤੀਰੀ ਆਈਆਂ ਖਾਤਰ ਤੇਰੀ ॥
ਨੌ ਮਹੀਨੇ ਉਠ ਨ ਸਕਾ ਡਿਗੀ ਖਾਂ ਅੰਦੇਰੀ ॥
ਮੇਰੇ ਜਲ ਬਲ ਪੈਰ ਮਰੂੰਡਾ ਹੋ ਗਏ ਮੈ ਬੇਦਨ ਤਨ ਕੇਰੀ ॥
ਰੁਕਮਣ ਕਹੇ ਚੰਦ੍ਰਾਵਲ ਨੂ ਨੀ ਏਡਾ ਮਾਣ ਨ ਕਰੀਏ ॥
ਧਨ ਜੋਬਨ ਦਾ ਗਰਬ ਨ ਕਰੀਏ ਫੋੜ ਜਿਮੀ ਪਰ ਮਰੀਏ ॥
ਆਇਆ ਸਾਧੂ ਜਾਇਆ ਵਿਰਥਾ ਭਉਜਲ ਕਿਸ ਬਿਧ ਤਰੀਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਲੀ ਖਿਜਮਤ ਰੁਕਮਣੀ ਦੀ ਚੰਦ੍ਰਾਵਲ ਕਰੇ ਰਸੋਈ ॥
ਗਰੁੜਾ ਝੋਨਾ ਬਾਸਮਤੀ ਸਠੀ ਸੁਕਦਾਸ ਬਿਗੋਈ ॥
ਅੰਬ ਅਚਾਰੀ ਖਟੇ ਡੇਲੇ ਨਿੰਬੂ ਚੰਗੇ ਕੜੀ ਪਿਕੌੜੇ ਢੋਈ ॥
ਛਤੀ ਭੋਜਨ ਕਰਿ ਤਿਆਰ ਚੰਦ੍ਰਾਵਲ ਰੁਕਮਣ ਥੇ ਅਰਜੀ ਹੋਈ ॥
ਹਥ ਪੈਰ ਧੋਤੇ ਰੁਕਮਣ ਨੇ ਫਿਰ ਚੌਕੇ ਅੰਦਰ ਆਈ ॥
ਨੌ ਗ੍ਰਹ ਸੁਭ ਭੋਜਨ ਕੀਨਾ ਭਾਂਡੇ ਪਿਛਾ ਹਟਾਈ ॥
ਹ ਚੰਦ੍ਰਾਵਲ ਦੇ ਟੁਕੜਾ ਮੈ ਪੈਡਿਓ ਭੁਖੀ ਆਈ ॥
ਨੌ ਮਣ ਪਕਾ ਮੈਦਾ ਖਾਧਾ ਹੋਰ ਜਨਿਸ ਤੀ ਬਾਹਰ ॥
ਕਿਸਤੀ ਫਾਕੀ ਆਈ ਏ ਭੁਖੀ ਕਰੇ ਅਸਾਥੇ ਜਾਹਰ ॥
ਅਦੇਸ ਰੁਕਮਣ ਦਿਓ ਰਾਹੋ ਸੁਣਿ ਤੂ ਤਕ ਸਵੇਰੇ ਠਾਹਰ ॥
ਭਲਕੇ ਸਾਨੂ ਵਰਤ ਗੁਰੂ ਦਾ ਅੰਨੁ ਨ ਖਾਣਾ ਰਾਈ ॥
ਜੋ ਕੁਝ ਸਾਡੇ ਮਨ ਦੀ ਇਛਾ ਠਾਕੁਰ ਆਣ ਪੁਜਾਈ ॥
ਸੁਣ ਚੰਦ੍ਰਾਵਲ ਡਾਰ ਪਲਘ ਤੂੰ ਨੀਦ ਅਸਾ ਨੂ ਆਈ ॥
ਦੂਜੀ ਖਿਜਮਤਿ ਰੁਕਮਣ ਦੀ ਚੰਦ੍ਰਾਵਲ ਸੇਜ ਵਿਛਾਈ ॥
... ...
... ...
ਤੜਫੜਾਇ ਕਰਿ ਡਿਗੀ ਮੰਜਿਓ ਧਰਤੀ ਉਪਰਿ ਆਈ ॥
ਧਰਤੀ ਰਾਖ ਲਈ ਤੂ ਧਰਮ ਹਮਾਰਾ ਸਾਮ ਤੁਮਾਰੀ ਆਈ ॥
ਧਰਤੀ ਨਿਗਲ ਚਲੀ ਗੁਜਰੇਟੀ ਨੂੰ ਤਬ ਦਿਤੀ ਕਾਨ ਦੁਹਾਈ ॥
ਨਰਕ ਪੁਰੀ ਵਿਚ ਘਤਗ ਲਾਵਾਂ ਰਖੇ ਅੰਸ ਪਰਾਈ ॥
ਧਰਤੀ ਕਾਨ ਤੇ ਤਦੋ ਕੰਬੀ ਜਾ ਰਖੁ ਨ ਸਕੀ ਰਾਈ ॥
ਕਾਨਾ ਗੁਜਰੀ ਇਕਤੇ ਛੇਜੇ ਇਛਾ ਰਬ ਪੁਜਾਈ ॥
ਇਹ ਦੁਨੀਆ ਹੀ ਚਾਰ ਦਿਹਾੜੇ ਵਣਜ ਕਰਨ ਨੂ ਆਈ ॥
ਇਕ ਨਾ ਖਟੀ ਲਾਖ ਕਰੋੜੀ ਇਕਨਾ ਰਾਸ ਪਵਾਈ ॥
ਬੁਕਲ ਦੇ ਵਿਚ ਕੰਤ ਜਿਨਾ ਦੇ ਧੰਨ ਸੁਹਾਗਣ ਸਾਈ ॥
ਸੀਤਾ ਮਿਲ ਗਈ ਰਾਮਚੰਦ ਨੂੰ ਚਿੰਤਾ ਗਈ ਤਤਾਹੀ ॥
ਸੂਰਜ ਤਦੋ ਉਦਾਸੀ ਪਕੜੀ ਹਰਗਜ ਚੜਿਓ ਨਾਹੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਕਲ ਦੇ ਵਿਚ ਗਾਗਾ ਤੇਲੀ ਅਧੀ ਰਾਤ ਪੁਕਾਰੇ ॥
ਛਿਆ ਮਹੀਨਿਆ ਵਖਰ ਸੀ ਮੈ ਪੀੜ ਲਏ ਤਿਲ ਸਾਰੇ ॥
ਬਾਹਰ ਨਿਕਲਾ ਝਾਤੀ ਪਾਵਾ ਨਦਰੀ ਆਵਨ ਤਾਰੇ ॥
ਗੋਕਲ ਦੇ ਵਿਚ ਪਇਓ ਕਲਬਲਾ ਤ ਗਾਂਗੀ ਖਲਕਤ ਗਾਈ ॥
ਸੂਰਜ ਆਣ ਟਿਕਾਣੇ ਲਗਾ ਜਗ ਹੋਈ ਰੁਸਨਾਈ ॥
ਗੁਜਰੀ ਨੂੰ ਛਲ ਕਾਨ ਲਿਆਇਓ ਪਾਸ ਜਸੋਦਾ ਪਾਈ ॥
ਬੋਲੋ ਅਟਲ ਛਤ੍ਰ ਕੀ ਜੈ ॥

ਕੇਸੋ

੧

ਬਾਰਾਂਮਾਹ ਸ੍ਰੀ ਕ੍ਰਿਸ਼ਨ ਜੀ ਦਾ

ਮਹੀਨਾ ਚੇਤੁ

ਚੇਤ ਫੂਲ ਝੂਲ ਸਭ ਬਣ ਤਨ ਭਵਰ ਲਟਕ ਰਹੇ ਬੇਲੀ ॥
ਬ੍ਰਿਜਨਾਥ ਸਾਥ ਮੈ ਜਾਦੀ ਸਾ ਹੁਣ ਕਿਓ ਰਹੇ ਅਕੇਲੀ ॥
ਸਾਮ ਭਗਵਾਨ ਪੀਆਰੀ ਜੀ ਅੰਤਰਜਾਮੀ ਮੇਲੀ ॥੧॥

ਮਹੀਨਾ ਵੈਸਾਖੁ

ਵੈਸਾਖੁ ਲਾਖ ਕਰ ਰਹੀ ਹਾਹੜੇ ਨਾ ਰਹਿਆ ਬਨਵਾਰੀ ॥
ਭੀਜ ਅੰਚਲਾ ਮਨ ਚੀਰ ਲਇਆ ਨੈਨ ਬੂਦ ਧਰ ਡਾਰੀ ॥
ਕੇਸੋ ਬਾਦਲ ਹੋਇ ਕੇ ਨੈਨ ਬਰਸ ਰਹੇ ਪਿਆਰੀ ॥੨॥

ਮਹੀਨਾ ਜੇਠੁ

ਜੇਠ ਜੋਰ ਸਭ ਜਮਨਾ ਵਗਦੀ ਮਥੁਰਾ ਪੁਰ ਕੇ ਬਾਸੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹੰਸ ਅਠਾਰਾ ਗੋਪੀਆ ਤਨ ਜੀਉ ਉਦਾਸੀ ॥
ਕੁਬਜਾ ਮਾਲਣ ਕਾਨ੍ਹ ਰੀਝਾਇਆ ਪਾਇ ਪ੍ਰੇਮ ਕੀ ਫਾਸੀ ॥੩॥

ਮਹੀਨਾ ਹਾੜ੍ਹ

ਹਾੜ ਹਰਾਨ ਹੋਈ ਮੈਂ ਹਰ ਬਾਝੋਂ ਹਰਿ ਬਿਨੁ ਮੰਦਰ ਖਾਲੀ ॥
ਵਗਨ ਲੋਆ ਤਿਉ ਤਿਉ ਰੋਵਾ ਪਊਂਦੀ ਧੁਪ ਜੁਵਾਲੀ ॥
ਬਸੰਤ ਕੋਕਲਾ ਬੋਲੇ ਜੀ ਫਿਰ ਬੈਠ ਅੰਬ ਕੀ ਡਾਲੀ ॥
ਮਾੜੀ ਚੜਕੇ ਹੋਕਾ ਦਿੰਦੀ ਵੇ ਘਰ ਆਓ ਨੰਦ ਦੇ ਪਾਲੀ ॥੪॥

ਮਹੀਨਾ ਸਾਵਨ

ਸਾਵਨ ਸਹਜ ਫੁਹਾਰਾ ਪੌਂਦੀਆ ਤਿਲਕ ਬੂੰਦ ਹਰਿ ਕਣੀਆ ॥
ਤੁਸਾ ਜੇਡੁ ਸਾਨੂ ਅਵਰ ਨਿ ਕੋਈ ਅਸਾ ਜੇਹੀਆ ਲਖ ਘਣੀਆ ॥
ਰਾਧੇ ਰੁਕਮਣ ਰਾਮ ਕ੍ਰਿਸਨ ਬਿਨੁ ਛਾਤੀ ਖਿਸਕ ਬੂੰਦ ਹਰਿ ਤਣੀਆ ॥੫॥

ਮਹੀਨਾ ਭਾਦੋ

ਭਾਦੋ ਭਰਮ ਵਰਨ ਤਨ ਰਾਧੇ ਕੁਬਜਾ ਸੰਗ ਬਸੇਰਾ ॥
ਕਿਸ ਅਉਗਣ ਜਾਇ ਮਥੁਰਾ ਬੈਠੋ ਸੂਲਾ ਨੂ ਜੀਅ ਮੇਰਾ ॥
ਰਲ ਸਹੇਲੀਆ ਰਾਧੇ ਨੂ ਪੁਛਦੀਆ ਕੀ ਘਟ ਜਾਦਾ ਤੇਰਾ ॥
ਰਾਧੇ ਆਖੈ ਰੁਕਮਣ ਨੂ ਸੋਕਣ ਦਾ ਸਾਕੁ ਭਲੇਰਾ ॥੬॥

ਮਹੀਨਾ ਅਸੂ

ਅਸੂ ਅਸੂ ਮਥੁਰਾ ਪੁਰਿ ਵਿਚ ਚੰਚਲ ਦੀ ਚੁਤਰਾਈ ॥
ਇਕ ਸੰਦੇਸਾ ਕਹੀ ਵੇ ਊਧੋ ਤੈਨੂ ਰਾਮ ਦੁਹਾਈ ॥
ਖੁਲੇ ਕੇਸ ਗਲ ਭਗਵੇ ਕਪੜੇ ਗੋਪੀ ਸੁਰਤ ਨ ਕਾਈ ॥੭॥

ਮਹੀਨਾ ਕਤਕ

ਕਤਕ ਕਬ ਅਬਨਾਸੀ ਕਬ ਆਵੈ ਕ੍ਰਿਸ਼ਨ ਘਨਈਆਂ ॥
ਲਾਇ ਪ੍ਰੀਤ ਜਾਇ ਬੈਠੋ ਮਥੁਰਾ ਅਸਾ ਕੀ ਫੇੜਿਆ ਦਈਆ ॥
ਕਿਸੇ ਜਨਮ ਦੀ ਸੌਕਣ ਕੁਬਜਾ ਭਾਹ ਅਸਾਡੇ ਪਈਆ ॥
ਏਕ ਸੰਦੇਸਾ ਕਹੀ ਵੇ ਊਧੋ ਬਲਭਦ੍ਰ ਜੀ ਕੇ ਭਈਆ ॥੮॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੀਨਾ ਮਘਰੁ

ਮਘਰਿ ਮਨ ਚਿੰਤਾ ਉਪਜੀ ਨਿਤ ਉਠ ਕੂਕਾ ਸਿਆਮ ਸਲੋਇਆ ॥
ਤੇਰੇ ਮੇਘ ਅਡੰਬਰ ਮਮਟ ਮਾੜੀਆ ਫਿਰ ਮਹਲੀ ਜਾਲਾ ਹੋਇਆ ॥
ਛੇਜ ਸੁਤੀ ਨੂ ਨੀਦ ਨ ਆਵੈ ਤਿਕ ਬੂੰਦ ਭਰ ਰੋਈਆ ॥
ਕੇਸੋ ਧ੍ਰਿਗੁ ਜੀਵਨ ਹਰਿ ਨਾਮ ਬਿਨਾ ਏਵੈ ਜਨਮ ਅਕਾਰਥੁ ਖੋਇਆ ॥੯॥

ਮਹੀਨਾ ਪੋਹੁ

ਪੋ ਮਾਹਿ ਪੈਂਦਾ ਜੋ ਪਾਲਾ ਕਿਆ ਕਛੂ ਕਰਣ ਨ ਕਹਣਾ ॥
ਕਿਆ ਚਾਇਣ ਜਿਸਕਾ ਤੂ ਠਾਕੁਰ ਕਿਆ ਕੁਬਜਾ ਸੰਗ ਰਹਣਾ ॥
ਜਬਕੇ ਬਿਛੋਰੇ ਲਾਮਾ ਕਾਨ ਗੋਪੀਆ ਮੰਗ ਚੀਰ ਨਹੀ ਗਹਣਾ ॥
ਕੇਸੋ ਹਰ ਬਿਨੁ ਪਾਲਾ ਦੂਰ ਨ ਹੋਦਾ ਅਸਾ ਗਰੀਬਾ ਸਹਣਾ ॥੧੦॥

ਮਹੀਨਾ ਮਾਘੁ

ਮਾਘ ਤਾਂਘ ਫਿਰ ਗੋਪੀਆ ਦਰਸਣ ਕੀ ਸਿਧਰਾਈਆ ॥
ਪਾਇ ਭਿਲਾੜਾ ਕਿਸਨ ਜੁ ਮੋਹਿਆ ਕੁਬਜਾ ਬੁਰੀ ਬਲਾਈਆ ॥
ਜੇਹੀ ਕਰੇ ਅਸਾ ਨਾਲ ਕੁਬਜਾ ਆਮੀ ਅਗੈ ਜਾਈਆ ॥
ਮਾੜੀ ਚੜ ਕੇ ਹੋਕਾ ਦਿਦੀ ਵੇ ਘਰ ਆਉ ਬ੍ਰਿਜ ਦਿਆ ਸਾਈਆ ॥੧੧॥

ਮਹੀਨਾ ਫਾਗਨੁ

ਫਾਗਨ ਪ੍ਰਭ ਆਏ ਦੁਾਰੇ ਚਰਨ ਗੋਪੀਆ ਫੜਿਆ ॥
ਬਜੇ ਨਗਾਰੇ ਤੁਰੀ ਤੰਬੂਰੇ ਠਾਕੁਰ ਜੀ ਫੇਰਾ ਕਰਆ ॥
ਸਖੀ ਸਹੇਲੀ ਦੇਨ ਵਧਾਈਆ ਅਜੁ ਦਿਨ ਭਾਗੀ ਭਰਆ ॥
ਰਾਧੇ ਰੁਕਮਣ ਭਈ ਸਰਸ ਸੀ ਠਾਕੁਰ ਜੀ ਮਹਲੀ ਬੜਿਆ ॥੧੨॥

੨

ਬਾਰਾ ਮਾਹ ਕੇਸੋ ਕਾ

ਦੋਹਰਾ

ਚੇਤਰਿ ਚਿਤਿਓ ਸ਼ਾਮ ਜੀ ਰਾਧੇ ਭਈ ਬਿਹਾਲ ॥
ਚਰਨ ਬੰਧ ਬੇਨਤੀ ਕਰੋ ਕਹਾਂ ਜਾਓ ਨੰਦ ਲਾਲ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ

ਕ੍ਰਿਸ਼ਨ ਜੀ ਚਲੇ ਕਿ ਚੇਤ੍ਰ ਚੜ੍ਹੇ ॥ ਕਿ ਰਾਧੇ ਵਾਗ ਕ੍ਰਿਸ਼ਨ ਦੀ ਫੜੇ ॥
ਕਿ ਬਿੰਦਰਾ ਬਨੁ ਛਾਡਿ ਦੇ ਤੁਰਦੇ ਖੜੇ ॥ ਕੇ ਕਿਤਨੇ ਗੁਵਾਲੁ ਗੋਪੀਆਂ ਖੜੇ ॥
ਕਿ ਰੋਂਦੇ ਨੈਣ ਟਿਮਦੇ ਸੜੇ ॥ ਕਿ ਸਿਰਪਰ ਬਿਰਹੁ ਨ ਗਾਰੇ ਚੜੇ ॥
ਤੁਸਾਨੂ ਕੇੜੀ ਗੋਪੀ ਲੜੇ ॥ ਦਸੁ ਖਾਂ ਲਾਲ ਜੀ ॥

ਤੂੰ ਆਖੁ ਹਕੀਕਤ ਸਾਰੀ ॥ ਸਦਕੇ ਜਾਂਦੀ ਤੁਧੁ ਉਤੋ ਵਾਰੀ ॥
ਮੁੜਿ ਘਰਿ ਆਵੀ ਕ੍ਰਿਸ਼ਨ ਮੁਰਾਰੀ ॥ ਰਾਧੇ ਕਰਮ ਕਿਰਤ ਦੀ ਹਾਰੀ ॥
ਬਾਕੀ ਪਈਓ ਕੇੜੀ ਭਾਰੀ ॥ ਤੈਨੂ ਮਾਲ ਦੀ ॥

ਤੂੰ ਉਠ ਚਲਿਓ ਮਥਰਾ ਸ਼ਹਰ ॥ ਰਾਧੇ ਕਰੇ ਹਾਹੜੇ ਕਹਰ ॥
ਕਿ ਮਿਨਤਾਂ ਕਰਦੀ ਚੜੀ ਦੁਪਹਰਿ ॥ ਉਪਰੋ ਢਲਿਓ ਤੀਜਾ ਪਹਰਿ ॥
ਸਿਯਾਮ ਬਿਨੁ ਮਰਾ ਖਾਇ ਕੇ ਜਹਰ ॥ ਕਿ ਮੇਰੇ ਵਿਚਿ ਕਲੇਜੇ ਲਹਰਿ ॥
ਕਿ ਸੇਜਾਂ ਵਾਲਦੀ ॥

ਫੁਲਨਰੀ ਕਿ ਨਰਹਰ ਕਿਉ ਵੇ ਕੋਸੋ ॥ ਕਿਵੇ ਸਯਾਮ ਨੂ ਮੋੜਾ ॥
ਰਾਧੇ ਰਹੀ ਹਥ ਕਰ ਜੋੜ ॥ ਕਿ ਮਿੰਨਤਾ ਕਰਦੀ ਲਾਖ ਕਰੋੜ ॥
ਰੁਤ ਬਸੰਤ ਕੂਕਦੇ ਮੋਰ ॥ ਬਾਗੀਂ ਪਾਇਲ ਪਉਦੀ ਜੋਰ ॥
ਸਾਥੋ ਉਠ ਚਲਿਓ ਲੜਿ ਤੋੜੁ ॥ ਰਾਧੇ ਜੋਬਨ ਦੇ ਘਨਘੋਰ ॥
ਵਿਛੋੜੇ ਜਾਲਦੀ ॥੧॥

ਦੋਹਰਾ

ਵੈਸਾਖੀ ਵਸ ਕਿਛੁ ਨਹੀ ਰਾਧੇ ਭਈ ਹੈਰਾਨ ॥
ਮਨੁ ਝੋਰਾ ਤਨੁ ਹਾਹੁਕੇ ਲਗੇ ਪ੍ਰੇਮ ਕੇ ਬਾਨ ॥

ਛੰਦ

ਸਾਈਆਂ ਜਬ ਚੜੇ ਮਾਹਿ ਵੈਸਾਖ ॥ ਰਾਧੇ ਰਹਦੀ ਚਿਤ ਉਦਾਸ ॥
ਜਿਉ ਗ੍ਰਹ ਰੋਕੇ ਚੰਦ ਅਕਾਸ ॥ ਤਿਉ ਰਾਧੇ ਦੀ ਦੇਹੀ ਸਾਸ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੇ ਘਰੁ ਆਉ ਗੋਪੀਆਂ ਨਾਥ ॥ ਸਾਨੂ ਲੈ ਚਲ ਅਪਨੇ ਸਾਥ ।
ਮਹਿਲੀ ਬੂਹੀ ਤੇਰੀ ਤਾਕੂ ॥ ਮਿਲੇ ਸੁਣ ਜੰਦਰੇ ।

ਨੀ ਸਭ ਸਖੀਆਂ ਜਾਨ ਵਿਸੋਏ ॥ ਰਾਧੇ ਚੜਕੇ ਮਹਲ ਖਲੋਏ ॥
ਉਭੇ ਸਾਹ ਲਏ ਦਰ ਰੋਏ ॥ ਲੈਣੀਂ ਨੀਰ ਪਾਨ ਮੁਖ ਧੋਏ ॥
ਬੰਸੀ ਵਾਲਾ ਮਨ ਨੂ ਮੋਹੇ ॥ ਕੁਬਜਾਂ ਕਾਮਣ ਘਤ ਨ ਰੋਏ ॥
ਰਖਦੀ ਅੰਦਰੇ ॥

ਅਜ ਕੁਬਜਾ ਹੈ ਪਰਧਾਨ ॥ ਜਿਸ ਦੇ ਘਰ ਵਸਦੇ ਭਗਵਾਨ ॥
ਬੈਨ ਬਜਾਈ ਚਤੁਰ ਸੁਜਾਨ ॥ ਕੇ ਅੰਙਣ ਵੇੜਾ ਲਗਾ ਖਾਣ ॥
ਤਾਨੇ ਦੇਂਦੀ ਸਕੀ ਨਿਨਾਣ ॥ ਸਾਨੂ ਲਗੇ ਪ੍ਰੇਮ ਦੇ ਬਾਣ ॥
ਕਲੇਜੋ ਸੰਜਰੇ ॥

ਫੁਲਨਰੀ ਕਿਨਰਹਰ ਕਿਉ ਵੇ ਕੋਸੋ ॥ ਕਿ ਜਮਨਾ ਨਦੀ ਜੁ ਤਾਰੂ ਵਗਦੀ ॥
ਸੁਣਦੀ ਬਸੀ ਪ੍ਰਭ ਦੀ ਵਜਦੀ ॥ ਬਨ ਵਿਚ ਢੂੰਢਾ ਬ੍ਰਿਜ ਦ੍ਰਿਸ਼ਦਦੀ ॥
ਮੈ ਕਿਆ ਚੋਰੀ ਕੀਤੀ ਪ੍ਰਭ ਦੀ ॥ ਬੈਠੀ ਰਹਿਦੀ ਮਾਰੀ ਲਜਦੀ ॥
ਮਹਲ ਅਡੰਬਰੇ ॥

ਦੋਹਰਾ

ਜਠ ਸਿਯਾਮ ਬਿਨੁ ਬਾਹਰਾ ਕਿਉ ਮਹਿਲੀ ਆਵੇ ਚਰਣ ॥
ਅਖੋ ਤਾਂ ਹਰਿ ਜੀ ਮੁਝਿ ਮਿਲੇ ਨਹੀ ਤਾਂ ਮੇਰਾ ਮਰਣ ॥

ਛੰਦ

ਜਬ ਜੇਠ ਦੀ ਆਈ ਰੈਣ ਨਿਮਾਣੀ ॥ ਰਾਧੇ ਕੇਹੀ ਜਮਨਾ ਧਾਣੀ ॥
ਦੇਹੀ ਸੁਕ ਗਈ ਜਾਨ ਵਿਹਾਣੀ ॥ ਧੁਪਾਂ ਸਾੜਨਿ ਦਰਦ ਰੰਵਾਣੀ ॥
ਰਾਧੇ ਫੁਲ ਕਲੀ ਕੁਮਲਾਣੀ ॥ ਵੇ ਘਰ ਆਉ ਨੰਦ ਦੇ ਜਾਨੀ ॥
ਕਿਉਂ ਚਿਰੁ ਲਾਇਓ ॥

ਤੂੰ ਤਾ ਨੰਦ ਮਹਰ ਦਾ ਪਾਲੀ ॥ ਮਤ ਜਸੋਧਾਂ ਦੇਦੀ ਗਾਲੀ ॥
ਡਿਠਾਂ ਸੇਂ ਇਕ ਦਿਨ ਤ੍ਰਿਕਾਲੀ ॥ ਭੰਨਾ ਫਿਰਦਾ ਨਾਲਿ ਗੁਆਲੀਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਖੁਣ ਚੂਰੀ ਖਾਇ ਗਿਰਧਾਰੀ ॥ ਅਜੁ ਤੁਧੁ ਕੁਬਜਾਂ ਖਰੀ ਪਿਆਰੀ ॥
ਜਿਨ ਭਰਮਾਇਓ ॥

ਜੀ ਇਕ ਬਚਨ ਉਚਾਰੇ ਰਾਧੇ ॥ ਮੈਂ ਕਿਆ ਕੀਤੇ ਪਾਪ ਤੁਸਾਡੇ ॥
ਪ੍ਰਭ ਜੀ ਬੈਠੋਂ ਜਾਇ ਦੁਰਾਡੇ ॥ ਸਾਨੂ ਜਾਂਦਾ ਘਤਿ ਗਿਓ ਤਿਗਾਦੇ ॥
ਜਮਦਾ ਛਡਿਆ ਸੇ ਪਿਅ ਦਾਦੇ ॥ ਤੇਰੇ ਢਕ ਢਕ ਰਖਦੀ ਛਾਤੇ ॥
ਤੂੰ ਕੀ ਚਾਇਆ ॥

ਫੁਲਨਰੀ ਕਿਨਰਹਰ ਕਿਉਂ ਵੇ ਕੇਸੋ ॥ ਕਿ ਲਿਖੋ ਸਿਯਾਮ ਨੂ ਚੀਰੀ ॥
ਰਾਧੇ ਕਰ ਗਇਓ ਤਗੀਰੀ ॥ ਜਿਤਨੀ ਗੋਪੀ ਸਖੀ ਸਖਰੀ ॥
ਪਾਟ ਪਟੰਬਰ ਕਰਦੀ ਲੀਰੀ ॥ ਪਕੜ ਕਮਾਨ ਮੁਹਿ ਥਰਿਓ ਤੀਰੀਂ ॥
ਬ੍ਰਿਹੁ ਸੰਤਾਈਆਂ ॥੩॥

ਦੋਹਰਾ

ਬ੍ਰਿਹੁ ਬਿਆਕਲ ਗੋਪੀਆਂ ਨਾ ਸੁਧ ਰੂਪੁ ਨ ਰੰਗੁ ॥
ਹਾੜੀ ਹਰਿ ਸਿਉ ਬਾਹਰੀ ਜਲਦੀ ਵਾਂਗੁ ਪਤੰਗੁ ॥

ਛੰਦ

ਹਾੜ ਦੀ ਤਤੀ ਲਗੇ ਵਾਉ ॥ ਵਗਨ ਲੋਆਂ ਗਰਮੀ ਤਾਉ ॥
ਨਿਤ ਉਠ ਕਰਨ ਗੋਪੀਆਂ ਆਉ ॥ ਨਾ ਮਲ ਨਾਤੀ ਨ ਧੜੀ ਬੰਧਾਇ ॥
ਰਾਧੇ ਦੇ ਕੇਸ ਗਏ ਕੁਮਲਾਇ ॥ ਹੋਣੀ ਕ੍ਰਿਤ ਨ ਮੇਟੀ ਜਾਇ ॥
ਮਤ ਕੋਈ ਇਸ ਨੂ ਲਏ ਸਮਝਾਇ ॥ ਪੁਕਾਰੇ ਰੁਕਮਨੀ ॥

ਤੁਸੀ ਤਾਂ ਲਿਖੋ ਸੰਦੇਸਾ ਘਲ ॥ ਇਕ ਥੋ ਨਾ ਤੇ ਦੂਸਰੀ ਗਲ ॥
ਖਾਲੀ ਤੇਰੇ ਰੰਗ ਮਹਲ ॥ ਤੂੰ ਬੈਠੋਂ ਕੁਬਜਾਂ ਦੇ ਸੰਗ ਮਲ ॥
ਰਾਧਕੇ ਘੜੀ ਆਜ ਕੇ ਕਲ ॥ ਲਾਲ ਜੀ ਉਠ ਸਿਯਾਮ ਘਰ ਚਲ ॥
ਤੁਸਾਨੂ ਕਿਆ ਬਨੀ ॥

ਇਕ ਦਿਨ ਉਠ ਉਠ ਸਾੜੇ ਪਉਣ ॥ ਸਿਯਾਮ ਬਿਨੁ ਦੁਨੀਆ ਆਵਾਗਉਣ ॥
ਠਾਕੁਰ ਬਾਝੋਂ ਸਾਥੀ ਕਉਣ ॥ ਤੇਰੋ ਖਾਲੀ ਬ੍ਰਿਜ ਦੇ ਭਉਣ ॥
ਕਿ ਦੇਖਿਓ ਸਭ ਜਣੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੁਲਨਰੀ ਕਿਨਰਹਰ ਕਿਉ ਵੇ ਕੇਸੋ ॥ ਸ੍ਰੀ ਕ੍ਰਿਸਨ ਜੀ ਬਲਿਹਾਰ ।
ਪ੍ਰਭ ਬਿਨੁ ਧ੍ਰਿਗ ਜੀਵਨ ਸੰਸਾਰ ॥ ਠਾਕੁਰ ਵਸਦੇ ਜਮਨਾ ਪਾਰ ॥
ਤੇਰੇ ਗੋਪੀ ਸਹਸ ਹਜਾਰ ॥ ਤੁਧੁ ਜਿਤਿਆ ਮੈਂ ਪਕੜੀ ਹਾਰਿ ॥
ਮੁੜ ਘਰਿ ਚਲ ਖਾਂ ਕ੍ਰਿਸਨ ਮੁਰਾਰ ॥ ਕਿ ਸਾਡਾ ਤੂੰ ਧਨੀ ॥੪॥

ਦੋਹਰਾ

ਸਾਵਣ ਆਇਆ ਰੀ ਸਖੀ ਕੈ ਪੈ ਕਰੋਂ ਪੁਕਾਰ ॥
ਬੂੰਦ ਪਵੈ ਘਨੀਅਰ ਗੂਜੈ ਨਾਂ ਘਰ ਕ੍ਰਿਸਨ ਮੁਰਾਰ ॥

ਛੰਦ

ਤੇ ਜਬ ਸਾਵਣ ਕੀ ਰੁਤਿ ਆਈ ॥ ਘਨੀਅਰ ਗਜੇ ਘਟਾ ਉਠਾਇ ॥
ਸਖੀਆਂ ਹਾਰ ਸਿੰਗਾਰ ਬਨਾਇ ॥ ਸੂਈਆਂ ਖੇਡਨ ਪੀਂਘਾਂ ਪਾਇ ॥
ਰਾਧੇ ਦੇਖਿ ਦੇਖਿ ਰੀਝਾਇ ॥ ਮੈ ਕਿਆ ਫੇੜਿਆ ਜਾਦਮ ਰਾਇ ॥
ਵੇ ਕੋਈ ਮਥਰਾ ਪੁਰ ਨੂ ਜਾਇ ॥ ਹਾਲ ਹਕੀਕਤਿ ਆਖ ਸੁਣਾਇ ॥
ਜਿਤਨੀ ਗੋਪੀ ਕੂਕ ਸੁਣਾਇ ॥ ਮਹਿਲੀ ਰਾਣੀਆਂ ॥

ਵੇ ਘਰ ਆਵੀ ਸਿਯਾਮ ਅਣੋਖੇ ॥ ਮਨ ਵਿਚ ਚਿੰਤਾ ਦਿਲ ਵਿਚਿ ਧੋਖੇ ॥
ਰਾਧੇ ਰੋਂਦੀ ਨਿਤ ਝਰੋਖੇ ॥ ਪਕੇ ਸੰਦੇਸੇ ਫਲ ਤਕੇ ਤੋਤੇ ॥
ਤੇਰੀ ਵੇਲੀਂ ਪਉਦੇ ਸੋਕੇ ॥ ਅਜੁ ਕੁਮਲਾਣੀਆਂ ॥

ਤੂੰ ਬਹਿ ਗਇਓ ਮਥਰਾ ਨਗਰ ॥ ਚੰਦਨ ਤਿਲਕੁ ਚੜਾਇਆ ਅਗਰ ॥
ਮੁੜਕੇ ਲੈਨਾ ਮੂਲ ਨ ਖਬਰ ॥ ਅਸਾਡੇ ਪਉਨ ਅਰਾਇਨ ਸਬਰ ॥
ਕਿ ਖਰੀ ਨਿਮਾਣੀਆ ॥

ਫੁਲਨਰੀ ਕਿਨਰਹਰ ਕਿਉ ਵੇ ਕੇਸੋ ॥ ਨਿਤ ਉਠ ਮੇਰੇ ਸਿਕਦੇ ਨੈਣ ॥
ਕਬ ਘਰ ਆਵੇ ਸਾਜਨ ਸੈਣ ॥ ਸਾਨੂ ਹਰਿ ਕੇ ਮੀਠੇ ਅੰਮ੍ਰਿਤ ਬੈਨ ॥
ਜਿਨ ਘਰ ਕੰਤਿ ਤਿਨਾਂ ਸੁਖ ਚੈਨ ॥ ਕਿ ਦਰਦ ਰਵਾਣੀਆ ॥੫॥

ਦੋਹਰਾ

ਅਉਸਾਂ ਘਤਦੀ ਧੁਪਾਂ ਪੜਨ ਭਰ ਭਾਦਰੋਂ ਦਿਨ ਆਇ ॥
ਪ੍ਰਾਨ ਜਲੇ ਜੀਉ ਜਲ ਗਿਆ ਨਾ ਘਰਿ ਜਾਦਵ ਰਾਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ

ਭਰ ਭਾਦਰੋਂ ਦਿਨ ਆਈ ਗਰਮੀ ।। ਜੇ ਹਰਿ ਮਿਲੇ ਤਾਂ ਮੈ ਲਗਨੀ ਹਾਂ ਚਰਣੀ ।।
ਨੀ ਮੈਂ ਕੁਬਜਾਂ ਦੇ ਹਾਵੇ ਮਰਨੀ ।। ਸੁਣ ਸੁਣ ਗਲਾਂ ਬੈਠੀ ਸੜਨੀ ।।
ਨਿਤਿ ਉਠ ਨਾਮੁ ਕਿਸਨ ਦਾ ਪੜਨੀ ।। ਬੰਸੀ ਵਜਦੀ ਜਮਨਾ ਤਰਨੀ ।।
ਮੋਹੀ ਸਾਵਰੇ ।।

ਭਾਦਰੋ ਦੀ ਜਨਮ ਅਸਟਮੀ ਚੜੀ ।। ਕਿ ਜਿਤਨੀ ਗੋਪੀ ਦੇਖੋ ਖੜੀ ।।
ਕੇ ਰਾਧੇ ਦੁਖ ਦਰਦ ਦੀ ਭਰੀ।। ਕਿ ਮੈਂ ਤਾਂ ਇਸ ਕੁਬਜਾਂ ਦੇ ਕੋਲੋਂ ਸੜੀ ।।
ਜਿਨਿ ਪਾਈ ਪ੍ਰੇਮ ਪਿਆਲਾ ਜੜੀ ।। ਕ੍ਰਿਸ਼ਨ ਆਉ ਅਜ ਦੀ ਘੜੀ ।।
ਨੈਨ ਭਏ ਬਾਵਰੇ ।।

ਮੈਂ ਪੁਛਦੀ ਪੰਡਤ ਸਦਾਂ ।। ਬੰਸੀ ਮੇਰੇ ਦਿਲ ਨੂ ਵਿਧਾ ।।
ਮੈਂਡੇ ਨਾਲ ਦੀਆਂ ਉਮੇਦਾਂ ।। ਤੈਨੂ ਧੁਰੋਂ ਕਾਸਦ ਭੇਜਾਂ ।।
ਲਿਖਦੀ ਆਉ ਰੇ ।।

ਫੁਲਨਰੀ ਕਿਨਰਹਰ ਕਿਉ ਵੇ ਕੇਸੋ ।। ਵੇ ਘਰਿ ਆਉ ਕਿਸਨ ਗੁਪਾਲਾ ।।
ਆਂਵੀਂ ਨੰਦ ਮਹਰ ਦਿਆ ਲਾਲਾ ।। ਟੇਢੀ ਪਗੜੀ ਖੂਬ ਦੁਮਾਲਾ ।।੬।।

ਦੋਹਰਾ

ਬਾਵਰੀਆਂ ਸਭ ਗੋਪੀਆਂ ਅਸੂ ਆਸ ਨ ਕੋਇ ।।
ਦਿਲ ਵਿਜੋਗ ਰਾਧੇ ਰਹੇ ਨੈਣੀ ਨੀਂਦ ਨ ਰੋਇ ।।

ਛੰਦ

ਤੇ ਜਬ ਅਸੂ ਦੀ ਰੁਤਿ ਆਈ।। ਨ ਘਰ ਕੌਰ ਕਨ੍ਯਾ ਰਾਈ ।।
ਚੜ ਚੜ ਦੇਖੈ ਰੁਕਮਨ ਰਾਈ ।। ਛੇਜ ਅਕੇਲੀ ਨਾ ਰੁਸ਼ਨਾਈ ।।
ਹਰਿ ਬਿਨੁ ਸਾਡਾ ਭੈਣ ਨ ਭਾਈ।। ਏਵੈ ਮੈਂ ਕੇਹੀ ਕਿਰਤ ਕਮਾਈ ।।
ਪੂਰਬ ਲਿਖਿਆ ।।

ਜੋਤੀ ਗੋਪੀ ਮੈਲੇ ਵੇਸ ।। ਸਾਨੂ ਆਵੈ ਚਿਤ ਹਮੇਸ ।।
ਤੂ ਮਲ ਬੈਠੋ ਮਥਰਾ ਦੇਸ ।। ਸਭ ਮਿਲ ਗਾਵੈ ਜੋਗਨ ਭੇਸ ।।
ਮੰਗਦੀ ਭਿਖਿਆ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵਾਂ ਅਰਾਇਣ ਸਿਰ ਪਰ ਖਾਰੀ ॥ ਵੇਚਨ ਚਲੀ ਸਬ ਤਰਕਾਰੀ ॥
ਹੋਕਾ ਦੇਂਦੀ ਬੈਠ ਬਜਾਰੀ ॥ ਤੈਨੂੰ ਕੂਕੇ ਰਾਧਾ ਪਿਆਰੀ ॥
ਦੇਦੀ ਸਿਖਿਆ ॥

ਫੂਲਨਰੀ ਕਿਨਰਹਰ ਕਿਉ ਵੇ ਕੇਸੋ ॥ ਕਾਬਲ ਸਾਨੂ ਅਜੁ ਕਸਮਗ ॥
ਵੇ ਘਰਿ ਆਵੀਂ ਬਲਭਦ੍ਰ ਦਿਆ ਵੀਰਾ ॥ ਮੋਹੇ ਮੁਕਟ ਸਿਰ ਚੀਰਾ ॥
ਵੇ ਘਰ ਆਵੀ ਗੁਣੀ ਗਹੀਰਾ ॥ ਮਖਣੁ ਰਖਿਆ ॥

ਦੋਹਰਾ

ਕਤਕ ਰਾਧੇ ਵੇਖਦੀ ਮਥਰਾ ਰਾਮ ਬਨਬਾਗ ॥
ਜਿਉ ਜਿਉ ਬੰਸੀ ਬਾਸਦੀ ਤਿੰਓ ਤਿੰਓ ਦੇਹੀ ਦਾਗ ॥

ਛੰਦੁ

ਕਤੇਂ ਦੇ ਕਾਮਣ ਪਾਏ ॥ ਅਠਵਾ ਚੜਿਆ ਰੁਕਮਨ ਗਏ ॥
ਕੁਬਜਾਂ ਜਾਇ ਝਰੋਖੇ ਬਹੇ ॥ ਓਥੇ ਨਿਤਿ ਖੜੀ ਸਾਰਾ ਦਿਨ ਰਹੇ ॥
ਬ੍ਰਿਹੁ ਚੁਆਤੀ ਲਾ ਕਰ ਦੇਹ ॥ ਕਿ ਰਾਧੇ ਵਿਛੋੜਾ ਸਿਰਪਰ ਸਹੇ ॥
ਹਾਲ ਹਕੀਕਤ ਕਿਸ ਪੈ ਕਹੇ ॥ ਆਪਣੇ ਹਾਲ ਦੀ ॥

ਕਤੇ ਦੀਆਂ ਪਉਨ ਗੁਲਾਬੀ ਠੰਢੀ ॥ ਨੀ ਮੈਂ ਕਿਚੁਰਕੁ ਬੈਠੀ ਖੋਲਾ ਗੰਢੀਂ ॥
ਕੁਬਜਾ ਮਾਰੀ ਸਉਕਣ ਨੰਢੀ ॥ ਜਿਨ ਪਰਾਂਦਾ ਪਾਵੈ ਕੰਢੀ ॥
ਤੇਰੀ ਖਾਲੀ ਗੋਕਲ ਮੰਡੀ ॥ ਮੋਹਨ ਲਾਲ ਜੀ ॥

ਕਿ ਚੰਦ ਜੁ ਬਾਝੋਂ ਖਾਲੀ ਤਾਰੇ ॥ ਕਿੰਉ ਚਿਰੁ ਲਾਇਓ ਸਿਯਾਮ ਪਿਆਰੇ ॥
ਸਾਡੇ ਨਾਲ ਦੀਆਂ ਪੈਰ ਭਾਰੇ ॥ ਦੇਈਂ ਆਲਸ ਵਿਚ ਚਬਾਰੇ
ਸਾਂਈ ਜਾਲਦੀ ॥
ਫਲਨਰੀ ਕਿਨਰਹਰ ਕਿਉ ਵੇ ਕੇਸੋ ॥ ਲਿਖਦੀ ਸਰਨ ਆਵੀ
ਕਿਚੁਰਕੁ ਦੇਸਾਂ ਤੈਨੂ ਮਤੀ ॥

ਤਿਲਕੁ ਚੜਾਵਨੀ ਹਾਂ ਆਪਣੀ ਹਥੀਂ ॥ ਗਲ ਵਿਸਰ ਗਈ ਸੁਣਨੀ ਤਤੀ ॥
ਮੈ ਮਰ ਜਾਂਉ ਗੁ ਤਾਂ ਫੇਰਾ ਘਤੀ ॥ ਆਰਜਾ ਸਿਆਲਦੀ ॥ ੮ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਹਰਾ

ਮੰਘਰ ਮਰਦੀ ਸਿਯਾਮ ਬਿਨੁ ਆਇਓ ਮਹਾਂ ਸਿਆਲ ॥
ਕਹੀਓ ਊਧੋ ਕ੍ਰਿਸਨ ਕੋ ਘਰ ਆਵੀਂ ਨੰਦ ਲਾਲ ॥

ਛੰਦ

ਮੰਘਰ ਦੇ ਪਾਲੇ ਆਏ ॥ ਹੁਣਿ ਕੀ ਕਰਾਂ ਮੈਂ ਮੇਰੀਏ ਮਾਏ ॥
ਗੁਡੇ ਨਾਲ ਕਿਂਉ ਨੇਹੁ ਲਗਾਏ ॥ ਵੇ ਕੋਈ ਮਥਰਾ ਪੁਰ ਨੂ ਜਾਏ ॥
ਹਾਲ ਹਕੀਕਤ ਆਖਿ ਸੁਣਾਏ ॥ ਕਿਉ ਬਹਿ ਰਹਿਓ ਜਾਦਮ ਰਾਏ ॥
ਰੋਂਦੇ ਨੈਨ ਕਿਤੇ ਕੰਮ ਨ ਆਏ ॥ ਮੰਘਰ ਚੜਿਆ ਨਾਵਾ ॥

ਨੀਂਗਰ ਸੁਰਗ ਸੁੰਦਰਾਂ ਭਾਵਾਂ । ਅਜ ਨੂ ਅਸੀ ਭਿ ਗੋਦ ਖਿਡਾਵਾਂ ।
ਚੀਸ ਨ ਆਵੈ ਦੇਖਿ ਭਰਾਵਾਂ ॥ ਤੈਨੂ ਗੋਸ਼ੇ ਬਹਿ ਸਮਝਾਵਾਂ ॥
ਕਿਉ ਕਿਸੇ ਦੀ ਬਾਕੀ ਤੁਟੇ ਨ ਆਵਾਂ ॥ ਭਰਨ ਪਇਓ ਦਮ ॥

ਵੇ ਕੋਈ ਦਰਦਵੰਦ ਨਹੀਂ ਜਾਂਦਾ ॥ ਘਰ ਆਵੀ ਸ਼ਾਮਾਂ ਪਾਲਾ ਪਾਂਦਾ ॥
ਸੁੰਞੇ ਮਹਲ ਇਹ ਡੇਰਾ ਖਾਂਦਾ ॥ ਵੇ ਮੈਂ ਰੋ ਰੋ ਪੁਛਦੀ ਪਾਂਧਾ ॥
ਗਲ ਵਿਚਿ ਪਾਏ ਥੰਮ ॥

ਫੁਲਨਰੀ ਕਿਨਰਹਰ ਕਿਉ ਵੇ ਕੇਸੋ ॥ ਕਾਬਲ ਸਾਨੂ ਮਥਰਾ ॥
ਕਿਉ ਬਹਿ ਰਹਿਆ ਚੰਚਲ ਚਤੁਰਾ ॥ ਰਾਤੀ ਨੀਂਦਿ ਨ ਪਉਂਦੀ ਕਤਰਾ ॥
ਨੀ ਇਨ ਕੁਬਜਾਂ ਕੀਤਾ ਕਰੜਾ ॥ ਸਾਨੂ ਦਿਨੇ ਰਾਤਿ ਦਾ ਖਤਰਾ ॥
ਰਾਧੇ ਨੂ ਸਹੱਸ ਮੋਹਿ ॥ ੯ ॥

ਦੋਹਰਾ

ਪੋਹ ਪਾਲੇ ਘਣੇ ਤਰਫ ਰਹੇ ਜੀਵਾਇ ॥
ਮੈਂ ਕਿਆ ਫੇੜਿਆ ਸਿਯਾਮ ਦਾ ਮੈਨੂ ਮਨੋ ਗਿਆ ਵਿਸਰਾਇ ॥

ਛੰਦ

ਸਈਆ ਜਬ ਚੜੇ ਪੋਹਿ ਨ ਕੰਮ ॥ ਰਾਤੀਂ ਕੰਕਰ ਕੜਕਨ ਜੰਮ ॥
ਰਾਧੇ ਰੋਇ ਰੋਇ ਜੀਉ ਸਹੰਮ ॥ ਪਾਲੇ ਪਉਂਦੇ ਉਭੇ ਲੰਮ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਆਵੈ ਸਰਣ ਕੋਰੇ ਚੁੰਨ ॥ ਤੇਰੀ ਮਹਿਲੀਂ ਜਾਲੇ ਜੰਮ ॥
ਝਰੋਖੇ ਸ਼ਾਮ ਦੇ ॥

ਜਾਂ ਵਰਫ ਤੁਟ ਕੇ ਪਉਦੀ ॥ ਦੂਹਰੀ ਹੋ ਕੇ ਸਵਾਂ ਸਿਰਾਂਦੀ ॥
ਜਿਤਨੀ ਗੋਪੀ ਸਭ ਕੁਰਲਾਂਦੀ ॥ ਕੂਕਨ ਸਾਜਨ ਘਟ ਪੈਰ ਜਾਂਦੀ ॥
ਨੀ ਇਨ ਕੁਬਜਾਂ ਘਤੀਆਂ ਰਾਤੀ ॥ ਪਈ ਸੂਕਾਂ ॥

ਨੀ ਮੈਂ ਕਿਚਰੁਕ ਜੀਉ ਵਿਰਾਈ ॥ ਜਮਨਾ ਲੰਘਾਂ ਸ਼ਾਮ ਤੇ ਜਾਈ ॥
ਚਰਨੀ ਲਾਗੀ ਪੈਰੀ ਪਾਂਈ ॥ ਕਹੁ ਤੋ ਕਿਵੇ ਸ਼ਾਂਮ ਨੂ ਲਿਆਈ ॥
ਰਹਿਆ ਦੁਖ ਸਾਰਦੋ ॥

ਫੁਲਨਰੀ ਕਿਨਰਹਰ ਕਿਉ ਵੇ ਕੇਸੋ ॥ ਬੁਰਾ ਪੋਹ ਦਾ ਪਾਲਾ ॥
ਕਿਉ ਬਹਿ ਰਹਿਆ ਨੰਦ ਲਾਲਾ ॥ ਸਾਡਾ ਨਾਹੀ ਜੀਉ ਸੁਖਾਲਾ ॥
ਰਾਤੀ ਸਉਦੀ ਕਰਿਸ ਮਾਲਾ ॥ ਨੀ ਇਨ ਕੁਬਜਾਂ ਕੀਤਾ ਚਾਲਾ ॥
ਘਰ ਭਗਵਾਨ ਦੇ ॥ ੧੦ ॥

ਦੋਹਰਾ

ਮੰਘਰ ਮਹੀਨੇ ਬਰਸ ਦਿਨ ਸਖੀ ਸਹੇਲੀ ਚਾਇ ॥
ਸੀਸ ਮੰਗਾਉ ਮਉਲੀ ਧੜੀ ਸੋਵਨ ਕੰਤ ਗਲ ਲਾਇ ॥

ਛੰਦ

ਤਾਂ ਜੀ ਚੜਦੇ ਮਾਘ ਦੀ ਲੋਹੀ ॥ ਇਸ ਰਾਧੇ ਦਾ ਹਾਲ ਨ ਕੋਈ ॥
ਰਾਧੇ ਦੇਖ ਬਾਵਰੀ ਹੋਈ ॥ ਨੀ ਮੈਂ ਬੰਸੀ ਵਾਲੇ ਮੋਹੀ ॥
ਮੈਥੋਂ ਵਿਸਰ ਗਈ ਰਸੋਈ ॥ ਸਖੀਆਂ ਦੇਖਿ ਰੁਕਮਨੀ ਰੋਈ ॥
ਰਾਧੇ ਚੜ ਕੇ ਮਹਲ ਖਲੋਈ ॥ ਵੇ ਮਥਰਾ ਤੋ ਆਵੇ ਕੋਈ ॥
ਦੇਂਦੀ ਨੰਦ ਮਹਰ ਦੀ ਧ੍ਰੋਹੀ ॥ ਕਿਉ ਨਹੀ ਆਇਉ ਹਾਇ ਸਹਾਰਾ ਕੋਈ ॥
ਵਣਜਾਰੇ ਵੇਚਨ ਦਰ ਆਈ ॥ ਇਸ ਰਾਧੇ ਨੂ ਖਬਰ ਨ ਕਾਈ ॥
ਨੀ ਮੈਂ ਸੂਲਾਂ ਦੇ ਮੂਹਿ ਆਈ ॥ ਸਾਡੀ ਰੋਂਦਿਆਂ ਜਿੰਦੂ ਵਿਹਾਈ ॥
ਵਖਤ ਵਿਹਾਂਉਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਮੈਂ ਪੈਧੀ ਤੇਵਰ ਚੋਲੀ ॥ ਨਾਂ ਹਥੀ ਮਹਿਦੀ ਨਾਂ ਸਿਰ ਮਉਲੀ ॥
ਝੂਠੇ ਲਾਲ ਕਰੀ ਠਗਉਲੀ ॥ ਝਭ ਜੀ ਘਰਿ ਆਇ ਖੇਡੋ ਹੋਲੀ ॥
ਤੂੰ ਸਤਿਗੁਰੁ ਮੈ ਤੇਰੀ ਗੋਲੀ ॥ ਕਿਉ ਭਰਮਾਂਉਦਾ ॥

ਫੂਲਨਰੀ ਕਿਨਰਹਰ ਕਿਉ ਵੇ ਕੇਸੋ ॥ ਜਮਨਾ ਵੇਦਨ ਜਾਤੀ ॥
ਸਾਨੂ ਖਾਵਣ ਢੁਕੀਆਂ ਰਾਤੀ ॥ ਸਾਡੇ ਖੁਲੇ ਚਿੜਗ ਚੁਆਤੀ ॥
ਸਖੀਆਂ ਸੋਹਨਿ ਕੰਤ ਗਲ ਛਾਤੀ ॥ ਜਮਨਾ ਵਗਦੀ ਦੇ ਦੇ ਠਾਂਠੀ ॥
ਕਿਉ ਸੰਤਾਉਦਾ ॥੧੧॥

ਦੋਹਰਾ

ਫਗਣ ਕ੍ਰਿਸ਼ਨ ਜੀ ਅਤਿ ਅਨੰਦ ਪ੍ਰੇਮ ਹਮਹ ਮਨ ਚਾਉ ॥
ਰਾਧੇ ਰੁਕਮਨ ਗੋਪੀਆਂ ਚਰਨ ਰਹੇ ਲਪਟਾਇ ॥

ਛੰਦ

ਤਾਂ ਜੀ ਚੜਦੇ ਫਗਣ ਤਾਰੀ ਘਰ ਵਿਚਿ ਆਏ ਕ੍ਰਿਸਨ ਮੁਰਾਰੀ ॥
ਮਲਦਲ ਵਟਣਾ ਲੌਂਗ ਸੁਪਾਰੀ ॥ ਦੜਬੜ ਲਿਆਉ ਰੀ ਹਰਿ ਕੀ ਪਿਆਰੀ ॥
ਪੁਛਦੀ ਗੋਪੀਆਂ ਅਜੁ ਤੇਵਰ ਰਾਧੇ ॥ ਅਤਲਸ ਮਸਰੂ ਲੈਂਘੇ ਪੈਧੇ ॥
ਕੇਸਰ ਧੜੀ ਮਾਂਗ ਸਿਰ ਲਾਗੇ ॥ ਛਣਕ ਛਣਕ ਕਰ ਨੇਵਰ ਬਾਜੇ ॥
ਮਾਂਗ ਸਿਰ ਮੋਤੀਆਂ ॥

ਅਜੁ ਰਾਧੇ ਦਾ ਦਿਲੁ ਹੁਸ਼ੀਅਰ ਲਾਗੇ ॥ ਸਰ ਟੀਕਾ ਬਦਨ ਬਿਰਾਜੇ ॥
ਮਾਲਾ ਲਟਕੇ ਕੰਠੀ ਸਾਜੇ ॥ ਰਹਨ ਖਲੋਤੀਆਂ ॥

ਫੂਲਨਰੀ ਕਿਨਰਹਰ ਕਿਉ ਵੇ ਕੇਸੋ ॥ ਅਜੁ ਦਿਨੁ ਭਾਗੀਂ ਭਰਿਆ ॥
ਸਾਨੂ ਚੰਦੁ ਸਖੀਰਾ ਚੜਿਆ ॥ ਕ੍ਰਿਸ਼ਨ ਜੀ ਆਇ ਮਹਲੀਂ ਵੜਿਆ ॥
ਰਾਧੇ ਪਕੜ ਕਲਾਵੇ ਫੜਿਆ ਚਾਰੇ ਨੈਣ ਗਡਾਵਲ ਅੜਿਆ ॥
ਕ੍ਰਿਪਾ ਕੀਤੀ ਸਿਯਾਮ ਜੀ ॥੧੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬ ਮ੍ਰਿਗਿੰਦ

ਬਾਰਾਂਮਾਹ

ਦੋਹਰਾ

ਬਨ ਉਪਬਨ ਮਉਲੇ ਸਕਲ ਲਲਤ ਲਤਾ ਗੁਲਜਾਰ ॥
ਖਿਰੀ ਕੁੰਜ ਬਨ ਬੀਥਕਾ ਚੇਤ੍ਰ ਬਸੰਤ ਬਹਾਰ ॥ ੧ ॥

ਛੰਦ

ਚੜਿਆ ਚੇਤ ਬਸੰਤ ਬਹਾਰਾਂ ॥ ਬਾਗੀ ਖਿੜੀਆਂ ਸਭ ਫੁਲਵਾਰਾਂ ॥
ਵਿਚਿ ਵਿਚਿ ਕਰਦੇ ਭਵਰ ਗੁਜਾਰਾਂ ॥ ਜ਼ਲ ਵਿਚਿ ਜਲਜ ਕਰਨ ਗੁਲਜਾਰਾਂ ॥
ਬਨ ਬਨ ਛੁਟਦੀ ਮੁਸਕ ਫੁਹਾਰਾਂ ॥ ਮਾਨੋ ਛਿੜਕੇ ਅਤਰ ਅਤਾਰਾਂ ॥
ਇਤ ਵਲ ਚਾਈਆਂ ਇਸਕ ਮੁਹਾਰਾਂ ॥ ਵੇ ਮੈਂ ਪਈਆਂ ਵਾਗੁ ਬੀਮਾਰਾਂ ॥
ਬਾਝ ਅਰਾਮ ਦੇ ॥ ੧ ॥

ਮੈਨੂ ਛਡਿ ਗਇਆ ਬਨਵਾਰੀ ॥ ਸੁੰਞੀ ਪਈਆਂ ਮਹਲ ਅਟਾਰੀ ॥
ਖਿੜੀ ਬਗੀਚੇ ਸਭ ਫੁਲਵਾਰੀ ॥ ਬਨ ਬਿਚਿ ਕੂਕੇ ਕੋਇਲ ਕਾਰੀ ॥
ਸੁਣ ਸੁਣ ਉਠਦੀ ਲਹਰ ਕਰਾਰੀ ॥ ਹੁਣ ਮੈ ਮਰਸਾਂ ਖਾਇ ਕਟਾਰੀ ॥
ਬ੍ਰਿਹੋ ਸਾਂਗ ਸਿਤਮ ਦੀ ਮਾਰੀ ॥ ਲਗਦੇ ਤੀਰ ਜਿਗਰ ਨੂੰ ਕਾਰੀ ॥
ਦੁਸ਼ਮਨ ਕਾਮ ਦੇ ॥੨॥

ਚੰਪਾ ਮੌਲਸਿਰੀ ਅਲਬੇਲੀ ॥ ਕੂਜਾ ਮੁਰਵਾ ਜਰਦ ਚੰਬੇਲੀ ॥
ਨਰਗਸ ਨਰਮਾਂ ਵੇਲ ਰਵੇਲੀ ॥ ਖਿੜਦੇ ਫੁਲ ਟਕਦੀ ਵੇਲੀ ॥
ਛਡੀ ਮੁਸ਼ਕ ਬਸੰਤ ਫੁਲੇਲੀ ॥ ਕੁਬਜਾਂ ਕੀਤੀ ਸਯਾਮ ਸਹੇਲੀ ॥
ਮੈਂ ਤਾ ਕੂਕਾ ਵਿਚਿ ਹਵੇਲੀ ॥ ਤੜਫਾਂ ਸੁੰਞੀ ਸੇਜ ਇਕੇਲੀ ॥
ਦੁਖ ਅਠ ਜਾਮ ਦੇ ॥੩॥

ਕਿਉ ਵੇ ਚੇਤਾ ਸਯਾਮ ਨ ਆਯਾ ॥ ਤੇਤਾ ਸਵਜੀ ਫਹਸ ਬਿਛਾਯਾ ॥
ਬੋਲਨ ਪੰਛੀ ਸਬਦ ਸੁਹਾਯਾ ॥ ਸੁਨ ਝਨਕਾਰ ਜਿਗਰ ਭਰ ਆਯਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਗਦਾ ਨੀਰ ਨੈਨ ਝਰਲਾਯਾ ॥ ਹਰਿ ਜੀ ਕੀਤਾ ਮਨ ਦਾ ਭਾਯਾ ॥
ਕੁਬਜਾਂ ਕਰ ਕਾਮਣ ਸਿਰ ਪਾਯਾ ॥ ਕਿਉ ਤੈ ਮੈਨੂੰ ਤਦੋ ਹਟਾਯਾ ॥
ਨਾਲੋਂ ਸਯਾਮ ਦੇ ॥੪।

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੧॥

ਦੋਹਰਾ

ਚੇਤ ਕਹੈ ਸੁਨ ਸੁੰਦਰੀ ਕਹਾ ਦੋਸ ਮੁਹਿ ਦੇਤ ॥
ਜਬ ਪੀਯ ਥੇ ਤੁਮ ਪਾਸ ਅਲਿ ਤਬ ਤੂੰ ਰਹੀ ਅਚੇਤ ॥੨॥

ਛੰਦ

ਸੁਣ ਨੀ ਰਾਧੇ ਇਸਕ ਦਿਵਾਨੀ ॥ ਜਬ ਸੀ ਕੋਲ ਤੇਰੇ ਜਿੰਦ ਜਾਂਨੀ ॥
ਤਦ ਤੂੰ ਫਿਰਦੀ ਰੂਪ ਗੁਮਾਨੀ ॥ ਛੁਟਦੀ ਲਹਰਾਂ ਲਟਕ ਜੁਵਾਨੀ ॥
ਮਨ ਮਗਰੂਰੀ ਅਲਿ ਮਸਤਾਨੀ ॥ ਦਿਲ ਵਿਚ ਖੌਫ ਨ ਕਰੇਂ ਇਆਨੀ ॥
ਹੁਣ ਤੂੰ ਕਿਉ ਮੁੜਕੇ ਪਛੁਤਾਨੀ ॥ ਤੁਰੀਆਂ ਸਾਰੇ ਜਗ ਕਹਾਨੀ ॥
ਤੇਰੇ ਨਾਮ ਦੀ ॥੧॥

ਜਗ ਦੇ ਆਨ ਅਸੀ ਜਗ ਚਰਦੇ ॥ ਖਿਰਦੇ ਫੂਲ ਸਕਲ ਤਰਵਰ ਦੇ ॥
ਬਾਗੀ ਭੌਰ ਬਹਾਰਾਂ ਕਰਦੇ ॥ ਹਰਿ ਜੀ ਜਲ ਜਮੁਨਾ ਵਿਚ ਤਰਦੇ ॥
ਗੁੰਦ ਗੁੰਦ ਹਾਰ ਚੰਗੇਰਾਂ ਭਰਦੇ ॥ ਗਜਰੇ ਸਵਜ ਸੁਨਹਰੀ ਜਰਦੇ ॥
ਕਰ ਕਰ ਅਰਜ ਤੇਰੀ ਵਲ ਧਰਦੇ ॥ ਤਦ ਤੂੰ ਬੋਲੇਂ ਬਚਨ ਕਹਰ ਦੇ ॥
ਭਰੀ ਗੁਮਾਨ ਦੀ ॥੨॥

ਇਕ ਦਿਨ ਰੁਤ ਬਸੰਤ ਸੁਹਾਈ ॥ ਹਰਿ ਜੀ ਜਲ ਵਿਚ ਖੇਲ ਮਚਾਈ ॥
ਫੜਕੇ ਮੁਰਲੀ ਦਸਤ ਬਜਾਈ ॥ ਸੁਣਕੇ ਦੇਵ ਬਧੂ ਮਿਲ ਆਈ ॥
ਵਗਦੀ ਜਲ ਜਮਨਾ ਠਹਰਾਈ ॥ ਰਹ ਗਈ ਘਾਸ ਚਰਣ ਥੋਂ ਗਾਈ ॥
ਰਾਧੇ ਕੀਤੀ ਕੌਣ ਕਮਾਈ ॥ ਗਲ ਬਿਚ ਬਾਂਹ ਸਯਾਮ ਦੇ ਪਾਈ ॥
ਪ੍ਰੀਤਮ ਜਾਨ ਦੀ ॥੩॥

ਤਦ ਤੂੰ ਦਿਲ ਵਿਚ ਕਿਸੇ ਨ ਜਾਣੇ ॥ ਬੈਠੀ ਹਰ ਦਮ ਖੁਸੀਆਂ ਮਾਣੇ ॥
ਕਰਦੀ ਆਪਣੇ ਮਨ ਦੇ ਭਾਂਣੇ ॥ ਤੈਂ ਤਾਂ ਕੀਤੇ ਕ੍ਰਿਸਨ ਨਿਮਾਣੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਅਰਜ਼ਾਂ ਤੂੰ ਨ ਪਛਾਣੇ ॥ ਹੁਣ ਤਾਂ ਹਥੋਂ ਬਾਜ ਉਡਾਣੇ ॥
ਮਾਹਾ ਰੁਤੀ ਆਵਣ ਜਾਣੇ ॥ ਨੌਤਨ ਆਵਣ, ਤੁਰਣ ਪੁਰਾਣੇ ॥
ਰਸਮ ਜਹਾਨ ਦੀ ॥੪॥
ਫੁਨਿ ਹਰੀ ਕੀ ਹਰਿ ਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚਢੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜ਼ਰਿਆ ॥ ੧ ॥

ਦੋਹਰਾ

ਮਾਸ ਵਿਸਾਖ ਮੁਮਾਰਖੀ ਫੂਲ ਰਹੀ ਬਨਰਾਇ ॥
ਫੂਲੀ ਗਨ ਸਖੀਆਂ ਲਲਤ ਹਾਰ ਸਿੰਗਾਰ ਬਨਾਇ ॥ ੩ ॥

ਛੰਦ

ਚੜਦੇ ਮਾਹ ਵਿਸਾਖ ਸੁਹਾਇ ॥ ਸਖੀਆਂ ਸਭ ਸਿੰਗਾਰ ਬਣਾਏ ॥
ਚੁਣਕੇ ਕਲੀਆਂ ਹਾਰ ਗੁੰਦਾਏ ॥ ਬਾਗੀਂ ਸੇਜ ਬੰਦ ਕਸਵਾਏ ॥
ਪ੍ਰੀਤਮ ਪੀਅ ਗਰੇ ਲਟਕਾਏ ॥ ਕਰਦੀ ਕੇਲ ਸਭੇ ਮਨ ਭਾਏ ॥
ਮੈਨੂੰ ਬ੍ਰਿਹੋਂ ਨਿਤ ਸੰਤਾਏ ॥ ਪਲ ਪਲ ਦੇਖਾਂ ਦੁਖ ਸਵਾਏ ॥
ਉਠ ਪ੍ਰਭਾਤ ਨੂੰ ॥ ੧ ॥
ਨੀ ਮੈਂ ਕਿਵੇਂ ਸਵਾ ਸੁਖਾਲੀ ॥ ਛਾਤੀ ਮਾਗ ਵਿਛੋੜੇ ਸਾਲੀ ॥
ਕੇਸੂ ਅਜਬ ਖਿੜੇ ਵਿਚ ਲਾਲੀ ॥ ਜੂਹਾਂ ਹੋਈਆਂ ਲਾਲ ਗੁਲਾਲੀ ॥
ਮਾਨੋ ਅਗ ਬ੍ਰਿਹੋਂ ਨੇ ਜਾਲੀ ॥ ਚੌਕੀ ਭਾਹ ਚੌਗਿਰਦ ਬਹਾਲੀ ॥
ਪਈਆਂ ਮਹਲ ਅਟਾਰੀ ਖਾਲੀ ॥ ਚਰਦਾ ਦਰਦ ਜਿਗਰ ਬਨ ਮਾਲੀ ॥
ਦਿਨ ਤੇ ਰਾਤ ਨੂੰ ॥ ੨ ॥
ਹੁਣ ਮੈ ਕਿਸ ਨੂੰ ਕੂਕ ਸੁਣਾਵਾ ॥ ਜੋਗਣਿ ਹੋਇ ਕਿਤੇ ਰਮ ਜਾਵਾਂ ॥
ਸਭੇ ਹਾਰ ਸਿੰਗਾਰ ਲੁਟਾਵਾਂ ॥ ਕਪੜੇ ਪਾੜ ਬਿਭੂਤ ਰਮਾਵਾਂ ॥
ਗਲ ਮਿਰਗਾਨੀ ਜਟਾਂ ਰਖਾਵਾਂ ॥ ਕੰਨ ਪੜਾ ਕੇ ਮੁੰਦ੍ਰਾਂ ਪਾਵਾਂ ॥
ਘਰ ਘਰ ਗੋਰਖ ਨਾਥ ਜਗਾਵਾਂ ॥ ਅੜੀਓ ਹੁਣ ਮੈ ਖਾਕ ਮਿਲਾਵਾਂ ॥
ਕੰਚਨ ਗਾਤ ਨੂੰ ॥ ੩ ॥
ਮੈ ਤਾ ਲਖ ਦੁਖਾਂ ਨੇ ਘੇਰੀ ॥ ਬਿਧਨਾ ਕਲਮ ਅਪੁਠੀ ਫੇਰੀ ॥
ਕੇਹੀ ਛੁਟੀ ਇਸਕ ਅਨੇਰੀ ॥ ਵਿਚੇ ਉਡ ਚਲੀ ਜਿੰਦ ਮੇਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦੀ ਅਰਜ਼ ਵਿਸਾਖਾ ਤੇਰੀ ॥ ਦੰਮਾ ਬਾਝ ਰਹਾਂ ਤੁਧ ਚੇਰੀ ॥
ਮੇਰਾ ਸਿਯਾਮ ਮਿਲੇ ਇਕ ਬੇਰੀ ॥ ਵੇ ਮੈ ਮਨਸਾਂ ਪਰਮ ਘਨੇਰੀ ॥
ਏਸੋ ਦਾਤ ਨੂੰ ॥ ੪ ॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ਕਿ ਸਾਦੀ ਸਯਾਮ ਦੀ ॥ ੨ ॥

ਦੋਹਰਾ

ਕਹਿ ਵਿਸਾਖ ਸੁਨ ਸਾਵਰੀ ਹੁਨ ਮੈਡਾ ਕੀ ਦੋਸ ॥
ਜਦੋਂ ਸਯਾਂਮ ਤੁਧ ਕੋਲ ਸੀ ਤਦ ਤੂੰ ਰਹੀ ਬਿਹੋਸ ॥ ੩ ॥

ਛੰਦ

ਤੂੰ ਤਾਂ ਸੈਂ ਅਣਜਾਣ ਜਨਮ ਕੀ ॥ ਜਦ ਸੀ ਤੇਗ ਹੁਸਨ ਦੀ ਝਮਕੀ ॥
ਕਰ ਕੇ ਕਤਲ ਜੜਾਂ ਦਿਲ ਗਮ ਕੀ ॥ ਆ ਕੇ ਅੰਗ ਜਵਾਂਨੀ ਦਮਕੀ ॥
ਦਿਨ ਦਿਨ ਭਾਹ ਇਸਕ ਦੀ ਚਮਕੀ ॥ ਉਤੋ ਹਵਾ ਲਗਨ ਦੀ ਰਮਕੀ ॥
ਚੇਟਕ ਚਟਕ ਦਿਨੋ ਦਿਨ ਠਮਕੀ ॥ ਮੋਹੇ ਹਰਿ ਟੁਕ ਨਜਰ ਚਸਮ ਕੀ ॥
ਚੇਟਕ ਡਾਰ ਕੇ ॥ ੧ ॥

ਹਰਿ ਜੀ ਕਰਣ ਤੇਰੀ ਅਰਜੋਈਆਂ ॥ ਚੁਣ ਚੁਣ ਕਲੀਆਂ ਹਾਰ ਪਰੋਈਆਂ ॥
ਛਿੜਕੀ ਅਤ੍ਰ ਗੁਲਾਬ ਭਿਗੋਈਆਂ ॥ ਲਪਟਾਂ ਇਸਕ ਮੁਸਕ ਵਿਚ ਧੋਈਆਂ ॥
ਕਰ ਕਰ ਮਿੰਨਤਾਂ ਤੁਧੁ ਵਲ ਢੋਈਆਂ ॥ ਸਹੀਆਂ ਵੇਖਣ ਸਭ ਖੜੋਈਆਂ ॥
ਮੁੜ ਮੁੜ ਦਿੰਦੀ ਤੂੰ ਝਿੜਕੋਈਆਂ ॥ ਹੁਣ ਉਹ ਗਲਾਂ ਅਉਖੀ ਹੋਈਆਂ ॥
ਦੇਖੁ ਵਿਚਾਰ ਕੇ ॥ ੨ ॥

ਤਦ ਤੂੰ ਦਿਲ ਵਿਚ ਕਿਸੇ ਨ ਲਯਾਵੇਂ ॥ ਮਹਲੀ ਸੇਜ ਬੰਦ ਕਸਵਾਵੇਂ ॥
ਮੁਸਕਾਂ ਅਤਰ ਫੁਲੇਲ ਰਮਾਵੇਂ ॥ ਰੇਸਮ ਪਸਮੀ ਗਿਲਮ ਬਿਛਵਾਵੇਂ ॥
ਫੂਲਨ ਸੰਗ ਚਰਨ ਮਲਵਾਵੇਂ ॥ ਉਠ ਕੇ ਧਰਤੀ ਪੈਰ ਨ ਲਾਵੇਂ ॥
ਐਸਾ ਕਰਦੀ ਢੋਗ ਕਮਾਵੇਂ ॥ ਭਏ ਬਿਤੀਤ ਕਹੋ ਕਿਉ ਪਾਵੇਂ ॥
ਦਿਵਸ ਬਹਾਰ ਕੇ ॥ ੩ ॥

ਰਾਧੇ ਕੀ ਮੇਰੀ ਤਕਸੀਰ ॥ ਕਿ ਸੁਣ ਕੇ ਜਿਗਰ ਤੇਰੇ ਦੀ ਪੀਰ ॥
ਕਿ ਮੈਨੂੰ ਲਗਨ ਕਰੇਜੇ ਤੀਰ ॥ ਕਿ ਤੈਨੂੰ ਮਿਲੇ ਨ ਹਲਧਰ ਬੀਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਸ਼ਨ ਜੀ ਧਰੇਂ ਕੇਸਰੀ ਚੀਰ ॥ ਜੁ ਤੇਰੀ ਆਨ ਬੰਧਾਵੇਂ ਧੀਰ ॥
ਕਿ ਥੰਮੇ ਵਗਨ ਨੈਨ ਦੇ ਨੀਰ ॥ ਕਿ ਮੈ ਹੁਣ ਤੁਰਸਾਂ ਬਿਧ ਤਕਰੀਰ ॥
ਪੰਥ ਸੰਸਾਰ ਦੇ ॥ ੪ ॥

ਫੁਨਿ ਹਰੀ ਕਿ ਹਰਿ ਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥੨॥

ਦੋਹਰਾ

ਗ੍ਰੀਖਮ ਰੁਤ ਆਈ ਸਖੀ ਗਰਮੀ ਕੀਓ ਪ੍ਰਕਾਸ ॥
ਜੇਠ ਮਾਸ ਤਾਪਨ ਤਪਤ ਜਲ ਥਲ ਪਵਨ ਅਕਾਸ ॥੫॥

ਛੰਦ

ਸਈਓ ਚੜਦੇ ਜੇਠ ਮਹੀਨੇ ॥ ਕੀਤਾ ਜੋਰੁ ਵਡਾ ਗਰਮੀ ਨੇ ॥
ਬ੍ਰਿਹੋਂ ਭਾਹ ਭੜਕਦੀ ਸੀਨੇ ॥ ਸਖੀਆਂ ਪਹਰ ਸਭੇ ਪਟ ਝੀਨੇ ॥
ਗਹਣੇ ਪਾਵਨ ਅਜਵ ਨਵੀਨੇ ॥ ਛਲੇ ਛਾਪ ਜੜਾਵ ਨਗੀਨੇ ॥
ਮੈ ਤ੍ਹਾਂ ਹੋਈਆ ਭੇਸ ਮਲੀਨੇ ॥ ਮੇਰਾ ਕਾਨ ਲਇਆ ਕੁਬਰੀ ਨੇ ॥
ਜਾਲਮ ਕਾਮਨੀ ॥੧॥

ਪਾਂਦੀ ਧੁਪ ਕੜਕਦੀ ਲੋਵਾਂ ॥ ਤਪਦੀ ਧਰਨਿ ਅਕਾਸ ਦਿਸੋਵਾਂ ॥
ਚੜ ਚੜ ਉਚੇ ਮਹਲ ਖੜੋਵਾਂ ॥ ਕੂਕਾਂ ਮਾਰ ਲਿਖੀ ਨੂੰ ਰੋਵਾਂ ॥
ਦੂਰੋਂ ਮਾਰਗ ਪੰਥ ਤਕੋਵਾਂ ॥ ਭਾਢੇ ਫਟ ਜਿਗਰ ਦੇ ਧੋਵਾਂ ॥
ਬਣਕੇ ਪੰਛੀ ਗਗਨ ਉਡੋਵਾਂ ॥ ਕੀਕੂੰ ਸਯਾਮ ਨਜੀਕਣ ਹੋਵਾਂ ॥
ਜਯੋਂ ਘਨ ਦਾਮਨੀ ॥ ੨ ॥

ਦਿਲ ਦਿਨ ਤਪਤ ਇਵੇਹੀ ਕੜਕੀ ॥ ਛਾਤੀ ਵੇਖੁ ਹਵਾ ਨੂ ਧੜਕੀ ॥
ਬ੍ਰਿਹੋਂ ਪੀੜ ਕਰੇਜੇ ਰੜਕੀ ॥ ਲਗੀ ਭਾਹ ਇਸਕ ਦੀ ਭੜਕੀ ॥
ਮੇਰੀ ਜਿੰਦੂ ਸਯਾਮ ਬਿਨੁ ਖੜਕੀ ॥ ਜਾਲਮ ਜੋਬਨ ਦੇਂਦਾ ਮੜਕੀ ॥
ਫੜਕੇ ਤੇਗ ਹੁਸਨ ਦੀ ਸੜਕੀ ॥ ਰਹ ਗਈ ਜਾਂਨ ਕਿਤੇ ਹੁਣ ਅੜਕੀ ॥
ਬਾਝੋਂ ਸਯਾਮ ਨੀ ॥ ੩ ॥

ਸੁਣ ਵੇ ਜੇਠ ਕਰਾਂ ਅਰਦਾਸ ॥ ਕਿ ਮੇਰੇ ਦਿਲ ਤੇਰੀ ਸੀ ਆਸ ॥
ਕਿ ਤੂੰ ਤਾਂ ਚਲਿਆ ਤੜਿ ਅਵਾਸ ॥ ਕਿ ਮੇਰੀ ਕਰ ਜਾ ਬੰਦ ਖਲਾਸ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਤਪ ਕੇ ਕਰ ਕੁਬਜਾਂ ਦਾ ਨਾਸ ॥ ਕਿ ਮੇਰਾ ਮੀਤ ਮਿਲੇ ਸੁਖ ਰਾਸ ॥
ਕਿ ਕਟੇ ਬ੍ਰਿਹੁ ਸਿਤਮ ਦੀ ਫਾਸ ॥ ਕਿ ਬੈਠੀ ਕਰਸਾਂ ਭੋਗ ਬਿਲਾਸ ॥
ਸੁਖਾਂ ਦੀ ਜਾਮਨੀ ॥ ੪ ॥

ਫੁਨਿ ਹਥੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋਂ ਇਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥ ੩ ॥

ਦੋਹਰਾ

ਜੇਠ ਕਹੈ ਸੁਨ ਕਾਮਨੀ ਦਾਮਨਿ ਦੁਤਿ ਸੰਸਾਰ ॥
ਚੜਿਆ ਸੋ ਚਲਣਹਾਰ ਹੈ ਅਪਨੀ ਅਪਨੀ ਵਾਰ ॥ ੬ ॥

ਛੰਦ

ਸੁਣ ਨੀ ਰਾਧੇ ਖਿਆਲ ਜਹੂਰ ਦਾ ॥ ਕਰ ਕਰ ਬੈਠਨ ਮਹਲ ਸਪੂਰਦਾ ॥
ਸਿਰ ਤੇ ਕੂਚ ਨਗਾਰਾ ਘੁਰਦਾ ॥ ਇਹੁ ਤਾ ਰਾਹ ਜਗਤ ਦਾ ਤੁਰਦਾ ॥
ਰਾਜੇ ਰਾਉ ਛਤ੍ਰ ਸਿਰ ਢੁਰਦਾ ॥ ਫੜਕੇ ਕੀਤੇ ਕਾਲ ਅਜੂਰ ਦਾ ॥
ਲਿਖਿਆ ਹੁਕਮ ਰਵਾਣੀ ਧੁਰ ਦਾ ॥ ਕੀਤੇ ਲਖ ਜਤਨ ਨਹੀ ਮੁਰਦਾ ॥
ਲੇਖਣ ਸਾਰ ਦੀ ॥ ੧ ॥

ਚਲਣਾ ਪੀਰ ਅਮੀਰਾਂ ਸਾਹਾਂ ॥ ਸਦਾ ਨ ਸਜਣ ਦੇ ਗਲ ਬਾਹਾਂ ॥
ਜਿਕੂੰ ਢਲਣ ਬ੍ਰਿਛ ਦੀ ਛਾਹਾਂ ॥ ਚਲਣਾ ਤਿਵੇ ਰੁਤ ਤੇ ਮਾਹਾਂ ॥
ਰਲਣਾ ਆਖਰ ਵਿਚਿ ਸੁਆਹਾਂ ॥ ਓਹਦੀ ਕੁਦਰਤਿ ਥੋਂ ਬਲ ਜਾਹਾਂ ॥
ਪ੍ਰਵਦਿਗਾਰ ਦੀ ॥ ੨ ॥

ਜਦ ਸੀ ਕੋਲ ਤੇਰੇ ਬ੍ਰਿਜਬਾਸੀ ॥ ਤਦ ਤੂੰ ਬੈਠੇਂ ਵਿਚਿ ਖਵਾਸੀ ॥
ਕਰਦੀ ਖੁਸੀਆ ਭੋਗ ਬਿਲਾਸੀ ॥ ਮਹਲੀ ਸੇਜ ਵਿਛਾਵੇਂ ਖਾਸੀ ॥
ਹਰਿ ਜੀ ਨਾਲ ਕਰੇ ਰਸ ਰਾਸੀ ॥ ਜੋਬਨ ਰੰਗ ਨਵਾਂ ਚੜਿਆ ਸੀ ॥
ਓਹੁ ਦਿਨ ਰਾਧੇ ਕਉਣ ਹਵਾਸੀ ॥ ਹੁਣ ਕਿਉ ਲਗੀ ਚਿਤ ਉਦਾਸੀ ॥
ਯਾਦ ਬਹਾਰ ਦੀ ॥ ੩ ॥

ਹੁਣ ਤਾ ਛਡ ਗਏ ਗਿਰਧਰ ਜੀ ॥ ਡੇਰੇ ਲਾ ਮਥੁਰਾ ਵਿਚ ਹਰਿ ਜੀ ॥
ਕੀਤਾ ਜਾਲਮ ਜੁਲਮ ਅਚਰਜੀ ॥ ਮਤਲਵ ਆਪਣੇ ਦਾ ਨੀ ਗਰਜੀ ॥
ਰਾਧੇ ਕੀ ਤੇਰੀ ਨੀ ਮਰਜੀ ॥ ਕਰ ਤੂੰ ਹਾੜ ਅਗੇ ਹੁਣ ਅਰਜੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੈਨੂੰ ਆਣ ਮਿਲਾਵੈ ਹਰਿ ਜੀ ॥ ਲੋਕੋ ਰਹਦੀ ਮੂਲ ਨ ਬਰਜੀ ॥
ਗਤਿ ਕਰਤਾਰ ਦੀ ॥ ੪ ॥

ਫੁਨਿ ਹਰੀ ਕਿ ਹਰਿਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥ ੩ ॥

ਦੋਹਰਾ

ਪਾਵਸ ਰੁਤਿ ਆਈ ਸਖੀ ਬਾਦਰ ਕੀਏ ਪ੍ਰਕਾਸ ॥
ਹਾੜ ਮਹੀਨੇ ਸਯਾਮ ਬਿਨ ਖਾਲੀ ਪਰੇ ਅਵਾਸ ॥ ੭ ॥

ਛੰਦ

ਸਹੀਓ ਹਾੜ ਮਹੀਨਾ ਚੜਿਆ ॥ ਬਦਲੀ ਰਾਹੁ ਹਵਾ ਦਾ ਫੜਿਆ ॥
ਸੀਨਾ ਭਾਹ ਇਸਕ ਦਾ ਸੜਿਆ ॥ ਬ੍ਰਿਹੋਂ ਨਾਗ ਇਆਣਾ ਲੜਿਆ ॥
ਲੂੰ ਲੂੰ ਵਿਚਿ ਜਹਰ ਨੀ ਵੜਿਆ ॥ ਮੇਰਾ ਜਿਗਰ ਜੰਜੀਰੀ ਜੜਿਆ ॥
ਹਰਿ ਜੀ ਆਉ ਕਦੇ ਹੁਣ ਅੜਿਆ ॥ ਮੈਂ ਤਾਂ ਲੜ ਤੇਡਾ ਸੀ ਫੜਿਆ ॥
ਗੋਬਿੰਦ ਜਾਣਕੇ ॥ ੧ ॥

ਵੇ ਤੂੰ ਆਉ ਕਦੇ ਬ੍ਰਿਜ ਸਾਈਆਂ ॥ ਚੜਕੇ ਸਯਾਮ ਘਟਾ ਨੀ ਆਈਆ ॥
ਵਰਸਦੇ ਮੇਘ ਛਹਬਰਾਂ ਲਾਈਆਂ ॥ ਮੈ ਤਾਂ ਦੇਂਦੀ ਕੂਕ ਦੁਹਾਈਆਂ ॥
ਨੈਨੀ ਨੀਰ ਫੁਹਾਰਾ ਛਾਈਆਂ ॥ ਸੋਲਾਂ ਸਹਸ ਸਖੀ ਕੁਰਲਾਈਆਂ ॥
ਫੜ ਕੇ ਜੁਲਫਾਂ ਪੁਟ ਗਵਾਈਆਂ ॥ ਸਭਨੀ ਅੰਗ ਬਿਭੂਤ ਰਮਾਈਆਂ ॥
ਮਤ ਨਿਰਬਾਣ ਕੇ ॥ ੨ ॥

ਚੜ ਕੇ ਘਟਾਂ ਕਾਲੀਆਂ ਘੂਕੀ ॥ ਰਲਕੇ ਪੋਣ ਫੁਹਾਰਾਂ ਸੂਕੀ ॥
ਕੋਇਲ ਅੰਬ ਡਾਲ ਕੂਹੂਕੀ ॥ ਬਨ ਬਿਚ ਮੋਰਨੀਆ ਸਭ ਕੂਕੀ ॥
ਕੇਹਾ ਮਿਲਿਆ ਸਯਾਮ ਬੰਦੂਕੀ ॥ ਧਰ ਕੇ ਅਗ ਬ੍ਰਿਹੋਂ ਦੀ ਫੂਕੀ ॥
ਨੈਣੀ ਹੰਝੂ ਨ ਵਗਦੀ ਸੂਕੀ ॥ ਨੀ ਮੈ ਵਖਤ ਕੇਹਾ ਤਦ ਚੂਕੀ ॥
ਸਮੈ ਪ੍ਰਯਾਣ ਕੇ ॥ ੩ ॥

ਸੁਣ ਵੇ ਹਾੜਾ ਬਾਲ ਸਖਾਤੀ ॥ ਫੜਕੇ ਹਥ ਬ੍ਰਿਹੋਂ ਦੀ ਕਾਤੀ ॥
ਕਾਗਜ ਕਤਰ ਬਣਾਵਾ ਛਾਤੀ ॥ ਵੱਢਾਂ ਉਂਗਲ ਕਲਮ ਬਣਾਤੀ ॥
ਰੋ ਰੋ ਲਿਖਾਂ ਸਯਾਮ ਨੂੰ ਪਾਤੀ ॥ ਵੇ ਤੂ ਆਉ ਪੂਤਨਾ ਘਾਤੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਧ ਬਿਨ ਤੜਫਾਂ ਮੈ ਦਿਨ ਰਾਤੀ ॥ ਅਠੇ ਪਹਰ ਫਿਰਾਂ ਬਿਲਲਾਤੀ ॥
ਪ੍ਰੀਤਮ ਠਾਣ ਕੇ ॥ ੪ ॥

ਫੁਨਿ ਹਰੀ ਕਿ ਹਰਿਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸ਼ਯਾਮ ਦੀ ॥ ੪ ॥

ਦੋਹਰਾ

ਹਾੜ ਹਕੀਕਤ ਹਾਲ ਦੀ ਕਹਈ ਰਾਧੇ ਸੰਗ ॥
ਜਿਹ ਜਿਹ ਕੋ ਜਿਵ ਜਿਵ ਮਿਲੇ ਪ੍ਰੀਤਮ ਮੀਤ ਪ੍ਰਸੰਗ ॥ ੮ ॥

ਛੰਦ

ਸੁਣ ਲੈ ਐਸ ਇਸਕ ਦੀ ਰਮਕਾਂ ॥ ਲਾ ਕੇ ਬ੍ਰਿਹੋਂ ਵਿਖਾਲੇ ਝਮਕਾਂ ॥
ਰਾਂਝੇ ਹੀਰ ਸਹੀ ਸਿਰ ਦਮਕਾਂ ॥ ਮਾਪੇ ਲਾਇ ਥਕੇ ਤਨ ਛਮਕਾਂ ॥
ਕਾਜੀ ਸਖਤ ਦਿਤੀ ਫੜ ਚਮਕਾਂ ॥ ਸਹੀਯਾਂ ਲਖ ਖੇੜਿਆਂ ਦੀ ਧਮਕਾਂ ॥
ਛਡੇ ਕੌਣ ਇਸਕ ਦੀ ਗਮਕਾਂ ॥ ਡਾਢੀ ਲਗ ਚੇਟਕ ਦੀ ਠਮਕਾਂ ॥
ਨਿਤ ਤਨ ਗਾਲਦੀ ॥ ੧ ॥

ਸਸੀ ਨਾਲ ਅਵੇਹੀ ਕੀਤੀ ॥ ਚਸਮਾ ਨਾਲ ਪੁਨੂ ਦੇ ਸੀਤੀ ॥
ਕਪੜੇ ਪਾੜ ਫਕੀਰੀ ਲੀਤੀ ॥ ਜੁਲਫਾਂ ਖੋਲ ਸਿੰਗਾਰ ਸਮੀਤੀ ॥
ਚੜੀਆਂ ਇਸਕ ਸਰਾਬਾਂ ਪੀਤੀ ॥ ਕੀਕੂੰ ਬੈਠ ਰਹੈ ਚੁਪ ਕੀਤੀ ॥
ਘੜੀ ਇਕ ਚਹੁ ਜੁਗਾਂ ਸਮ ਬੀਤੀ ॥ ਜਿੰਦੜੀ ਵਾਰ ਫੇਰ ਕੇ ਦੀਤੀ ॥
ਥਲ ਵਿਚ ਭਾਲਦੀ ॥ ੨ ॥

ਮੇਹੀਵਾਲ ਸੋਹਣੀ ਨਾਲੇ ॥ ਤਰ ਦਰੀਆਉ ਕੋਲ ਨੂੰ ਪਾਲੇ ॥
ਮ੍ਰਿਜ਼ਾ ਪਕੜ ਸਾਹਬਾਂ ਜਾਲੇ ॥ ਰੋਡੇ ਵੇਖੁ ਜਿ ਨਾਲ ਜਲਾਲੇ ॥
ਲੇਲਾਂ ਮਜਨੂੰ ਜਗਤ ਉਜਾਲੇ ॥ ਅਜ਼ਕੇ ਹੋਰ ਵਡੇ ਘਰ ਗਾਲੇ ॥
ਸਕਦਾ ਕੌਣੁ ਹਿਸਾਬੁ ਬਹਾਲੇ ॥ ਤੈ ਤਾ ਪੀਤੇ ਇਸ਼ਕ ਪਿਯਾਲੇ ॥
ਪ੍ਰੀਤ ਨੰਦ ਲਾਲ ਦੀ ॥ ੩ ॥

ਸੁਣ ਨੀ ਰਾਧੇ ਤੈਂ ਕੀ ਕੀਤਾ ॥ ਪਿਆਲਾ ਘੋਲ ਜਹਰ ਦਾ ਪੀਤਾ ॥
ਆਪਣਾ ਦਿਲ ਮਾਹੀ ਨੂੰ ਦੀਤਾ ॥ ਤੜਫੇਂ ਬਾਝੂ ਰਾਮ ਜਯੋਂ ਸੀਤਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਤੈਂ ਐਸ ਇਸਕ ਥੋਂ ਲੀਤਾ ॥ ਮਿਲਸੀ ਕਦੋਂ ਸਯਾਮ ਜੀ ਮੀਤਾ ॥
ਮੈ ਤਾ ਵੇਖ ਰਹਿਆ ਚੁਪ ਕੀਤਾ ॥ ਸਾਡੇ ਸਭ ਕੁਲ ਦੀ ਯਹਿ ਰੀਤਾ ॥
ਚੜਕੇ ਚਾਲ ਦੀ ॥ ੪ ॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥ ੪ ॥

ਦੋਹਰਾ

ਸਾਵਨ ਆਇਆ ਰੀ ਸਖੀ, ਨੀਕੀ ਚਢੀ ਬਹਾਰ ॥
ਘਣ ਗਰਜਤ ਬਿਜਲੀ ਖਿਵੈ, ਝਿਮ ਝਿਮ ਪਰਤ ਫੁਹਾਰ ॥੬॥

ਛੰਦ

ਚੜਿਆ ਮਾਹੁ ਰੰਗੀਲਾ ਸਾਵਨ ॥ ਘਨੀਅਰ ਗਰਜ ਗਰਜ ਝੁਕ ਜਾਵਨ ॥
ਬਨ ਵਿਚ ਮੋਰ ਪਾਇਲਾਂ ਪਾਵਨ ॥ ਪੀਯ ਪੀਯ ਟੇਰ ਪਪੀਹੇ ਲਾਵਨ ॥
ਧਰਨੀ ਸਵਜ ਰੰਗ ਦਰਸਾਵਨ ॥ ਸਖੀਆ ਸਬ ਸਿੰਗਾਰ ਬਣਾਵਨ ॥
ਰੇਸਮ ਡੋਰ ਹਿੰਡੋਲੇ ਪਾਵਨ ॥ ਝੂਟਨ ਹਸਨ ਖੇਡਨ ਗਾਵਨ ॥
ਬਾਗੀ ਜਾਇਕੇ ॥ ੧ ॥

ਚਹੁ ਦਿਸ ਲਾਈਆਂ ਵੇ ਘਨਘੋਰਾਂ ॥ ਕੀਤਾ ਸੋਰ ਦਾਦਰਾਂ ਮੋਰਾਂ ॥
ਕੂਕਨ ਬਿੰਡੇ ਬਨ ਚਹੁ ਓਰਾਂ ॥ ਮੇਰਾ ਸਯਾਮ ਲਇਆ ਫੜ ਚੋਰਾਂ ॥
ਛੁਟੇ ਬਾਜ ਰਹੀ ਹਥ ਡੋਰਾਂ ॥ ਨੀ ਮੈ ਕਰ ਰਹੀ ਜਤਨ ਕਰੋੜਾਂ ॥
ਲਿਖ ਲਿਖ ਪਤੀਆਂ ਕਾਸਦ ਟੋਰਾਂ ॥ ਫੜਕੇ ਦਸਤੀ ਦਸਤ ਮਰੋਰਾਂ ॥
ਮਨ ਪਛਤਾਇਕੇ ॥ ੨ ॥

ਨੀ ਮੈ ਬਾਝ ਸਯਾਮ ਕਯੋ ਜੀਵਾਂ ॥ ਪਿਆਲਾ ਘੋਲ ਜਹਰ ਦਾ ਪੀਵਾਂ ॥
ਮਹਲੀ ਚੜਕੇ ਪੰਧ ਤਕੀਵਾਂ ॥ ਜੁਲਫਾਂ ਖੋਲ ਬਿਰਾਗਣ ਥੀਵਾਂ ॥
ਕਫਨੀ ਸਯਾਮ ਬ੍ਰਿਹੋ ਦੀ ਸੀਵਾਂ ॥ ਕਿਤ ਵਲ ਦੇਸ ਬਿਦੇਸ ਰਮੀਵਾਂ ॥
ਭਿਛਾ ਘਰ ਘਰ ਜਾਇ ਮੰਗੀਵਾ ॥ ਅੜੀਓ ਰਾਵਲ ਭੇਖ ਬਣੀਵਾਂ ॥
ਖਾਕ ਰਮਾਇਕੇ ॥ ੩ ॥

ਸੁਣ ਵੇ ਸਾਵਣ ਕਰਦੀ ਅਰਜਾ ॥ ਸੁਣਕੇ ਘਟ ਘਨਹਰ ਦੀ ਗਰਜਾਂ ॥
ਛਾਤੀ ਪਾਟ ਪਈ ਬਿਚ ਦਰਦਾਂ ॥ ਦਾਮਨ ਦਮਕ ਵਿਖਾਲੇ ਤਰਜਾਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਬੀ ਜਿੰਦੂ ਖਾਇਕੇ ਲਰਜਾਂ ॥ ਤੈਨੂੰ ਹਥ ਜੋੜਕੇ ਬਰਜਾਂ ॥
ਵੇਖੀ ਹੁਣੇ ਕਦੇ ਮੈਂ ਮਰ ਜਾਂ ॥ ਮੇਰੇ ਦਿਲ ਵਿਚਿ ਵਡੀਆਂ ਗਰਜਾਂ ॥
ਪੂਰਣ ਆਇਕੇ ॥ ੪ ॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋ ਇਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥ ੫ ॥

ਦੋਹਰਾ

ਸਾਵਨ ਕਹਿ ਸੁਨ ਸਾਂਵਰੀ ਅਨਚਾਹਤ ਸੋਂ ਪ੍ਰੀਤ ॥
ਦੀਪਕ ਦੇਖ ਪਤੰਗ ਜਯੋ ਜਰ ਜਰ ਮਰਨ ਅਨੀਤ ॥ ੧੦ ॥

ਛੰਦ

ਸੁਣ ਲੈ ਕਮਲੀ ਬਚਨ ਕਰਾਰੇ ॥ ਕਿਉ ਤੈਂ ਹਾਰ ਸਿੰਗਾਰ ਉਤਾਰੇ ॥
ਖੁਲੇ ਵਾਲ ਲਟਕਦੇ ਕਾਰੇ ॥ ਤੜਫੇ ਮਛਲੀ ਜਿਉ ਬਿਨ ਬਾਰੇ ॥
ਹੋ ਕੇ ਪਈਏਂ ਮਰਨ ਕਿਨਾਰੇ ॥ ਮਲੀ ਬਿਭੂਤਾ ਬਦਨ ਉਘਾਰੇ ॥
ਝਿਮ ਝਿਮ ਵਰਸਨ ਨੈਨ ਫੁਹਾਰੇ ॥ ਕਿਉ ਕਰ ਛਡੇ ਐਡ ਅਖਾਰੇ ॥
ਦੁਖਦੇ ਦਾਗ ਨੀ ॥ ੧ ॥

ਉਨ ਤਾ ਖਬਰ ਨ ਮੁੜ ਕੇ ਘਲੀ । ਕੇਹੀ ਕੀਤੀ ਕ੍ਰਿਸਨ ਅਵਲੀ ॥
ਗੋਕਲ ਤਜਕੇ ਮਥੁਰਾ ਮਲੀ ॥ ਤੈਨੂੰ ਛਡਿ ਤੜਫਦੀ ਕਲੀ ॥
ਬੈਠਾ ਕੁਬਜਾ ਰੰਗ ਮਹਲੀ ॥ ਕਿਉ ਤੂੰ ਫਾਥੀ ਆਣ ਕੁਵਲੀ ॥
ਪਈਏਂ ਬ੍ਰਿਹੋਂ ਸਰਾਂਦੀ ਸਲੀ ॥ ਤਜ ਘਰ ਬਾਰ ਫਕਰ ਹੋ ਚਲੀ ॥
ਲਯਾ ਬਿਰਾਗ ਨੀ ॥ ੨ ॥

ਰਾਂਝਾ ਵੇਖੁ ਹੀਰ ਦਾ ਬਰਦਾ ॥ ਚੜੀ ਝਨਾਉਂ ਠਿਲ੍ਹ ਕੇ ਤਰਦਾ ॥
ਕਪੜੇ ਪਾੜ ਫਕੀਰੀ ਕਰਦਾ ॥ ਪੁਨੂ ਆਹ ਖੜਾ ਹੋ ਭਰਦਾ ॥
ਜਿੰਦੜੀ ਕਢ ਕਬਰ ਵਿਚਿ ਧਰਦਾ ॥ ਮਜਨੂੰ ਸੁਕ ਹੋਇਆ ਰੰਗ ਜਰਦਾ ॥
ਖਲੜੀ ਲਾਹਿ ਹਵਾਲੇ ਕਰਦਾ ॥ ਮ੍ਰਿਜਾ ਵੇਖੁ ਅਚਾਨਕ ਮਰਦਾ ॥
ਦਿਲ ਵਿਚ ਲਾਗ ਨੀ ॥ ੩ ॥

ਕਿਥੋਂ ਤੀਕ ਕੋਈ ਗਿਣ ਦੱਸੇ ॥ ਅਸਰ ਕੀ ਆਣ ਜਿਨਾਂ ਤਨ ਵਸੇ ॥
ਫੜਕੇ ਦੁਹਾਂ ਧਿਰਾਂ ਨੂੰ ਕੱਸੇ ॥ ਨੀਦ੍ਰ ਭੁਖ ਦੁਹਾਂ ਦੀ ਨੱਸੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਤਾ ਆਪ ਪਈ ਵਿਚਿ ਰੱਸੇ ॥ ਉਹ ਤਾਂ ਵੇਖ ਤੇਰੀ ਵਲ ਹੱਸੇ ॥
ਮੈ ਹੁਣ ਤੁਰਸਾਂ ਹੁਕਮ ਅਵੱਸੇ ॥ ਆਯਾ ਵੇਖੋ ਝਿਮ ਝਿਮ ਵੱਸੇ ॥
ਭਾਦੋ ਭਾਗ ਨੀ ॥ ੪ ॥

ਫੁਨਿ ਹਰੀ ਕਿ ਹਰਿਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥ ੫ ॥

ਦੋਹਰਾ

ਭਰ ਭਰ ਬਦਰਾ ਆਵਤੇ, ਘਟਾਂ ਜੋਰ ਘਨਘੋਰ ॥
ਬਰਸ ਬਰਸ ਉਘਰਤ ਭਲੇ, ਵੇ ਭਾਦੋਂ ਕੇ ਲੋਰ ॥੧੧॥

ਛੰਦ

ਭਾਦੋਂ ਭਰ ਭਰ ਆਵਨ ਬਾਦਰ ॥ ਬੋਲਨ ਮੋਰ ਪਪੀਹਰੇ ਦਾਦਰ ॥
ਮੂਸਲਧਾਰ ਛੁਟੇ ਜਲ ਨਾਦਰ ॥ ਧਰਨੀ ਬਿਛੀ ਜਲਾਂ ਦੀ ਚਾਦਰ ॥
ਕੋਇਲ ਕੂਕ ਕਰੇ ਦਿਲ ਕਾਦਰ ॥ ਕੇਹੀ ਕੀਤੀ ਰਾਮ ਬਿਰਾਦਰ ॥
ਜਾਕੇ ਮੱਲ ਬਹੇ ਕੁਬਜਾ ਦਰ ॥ ਉਹ ਤਾਂ ਬਣ ਗਈ ਅਜ ਬਹਾਦਰ ॥
ਲੈ ਕੇ ਸਯਾਮ ਨੀ ॥੧॥

ਕੇਹੇ ਕੀਤੇ ਕੁਬਜਾ ਕਾਰਨ ॥ ਦੇ ਕੇ ਦੁਖ ਦਿਲਾਂ ਨੂੰ ਦਾਰਨ ॥
ਤੜਫਨ ਸਭੇ ਬ੍ਰਿਜ ਦੀ ਗਵਾਰਨ ॥ ਰੋ ਰੋ ਕੂਕਨ ਦਸਤ ਉਭਾਰਨ ॥
ਖੋਲਨ ਧੜੀਆਂ ਮਾਗ ਬਿਦਾਰਨ ॥ ਤੋੜਨ ਹਾਰ ਸਾਰੀਆਂ ਪਾੜਨ ॥
ਮਾਲਨ ਲਗੀ ਸਯਾਮ ਬਿਹਾਰਨ ॥ ਲੈ ਕੇ ਚੜ ਗਈ ਉਚ ਅਟਾਰਨ ॥
ਕੁਬਰੀ ਕਾਮਨੀ ॥੨॥

ਦੇਖੋ ਕੀਤੀ ਕ੍ਰਿਸਨ ਅੰਦਾਲਤ ॥ ਸੋਲਾਂ ਸਹਸ ਤਜੀ ਬ੍ਰਿਜ ਬਾਲਤ ॥
ਜੋਬਨ ਰੂਪ ਮਸਾਲ ਜਮਾਲਤ ॥ ਘੂਮਤ ਮਸਤ ਹਸਤ ਸੀ ਚਾਲਤ ॥
ਦੇਖ ਅਨੰਗ ਨ ਅੰਗ ਸਮਾਲਤ ॥ ਉਹਨੂੰ ਕੀਕੂੰ ਕੋਲ ਬਹਾਲਤ ॥
ਦਿਲ ਵਿਚ ਰੇਚ ਨਾ ਕਰੇ ਗਿਲਾਲਤ ॥ ਟੁਟੀ ਕਮਰ ਕੁਜਾਤ ਰਿਜਾਲਤ ॥
ਨੀਚ ਗੁਲਾਮ ਨੀ ॥੩॥

ਭਾਦੋਂ ਭਰ ਜੋਬਨ ਭਰ ਪੂਰਨ ॥ ਮੈ ਤਾ ਕਰੀ ਬ੍ਰਿਹੋ ਨੇ ਚੂਰਨ ॥
ਕੀਤਾ ਤੈ ਕੋਈ ਜਤਨ ਜਰੂਰਨ ॥ ਮੇਰਾ ਮਿਟਤ ਨ ਝਗਰਾ ਝੂਰਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਾਂ ਬਾਝ ਸਯਾਮ ਮੈ ਮੂਰਨ ॥ ਦਿਲ ਦਾ ਦਰਦ ਨ ਹੋਦਾ ਦੂਰਨ ॥
ਮੈਨੂੰ ਕਰ ਜਾ ਸਯਾਮ ਹਜੂਰਨ ॥ ਮਿਲ ਗਿਲ ਹੋਨ ਮੁਰਾਦਾਂ ਪੂਰਨ ॥
ਜਯੋਂ ਘਨ ਦਾਮਨੀ ॥੪॥
ਫੁਨਿ ਹਰੀ ਕਿ ਹਰਿਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੬॥

ਦੋਹਰਾ

ਭਾਦੋਂ ਭਰਮ ਤਜ ਭਾਮਨੀ ਭਰ ਮਰਦਾਨੀ ਹੋਇ ॥
ਜੁ ਕਿਛੁ ਲੇਖੁ ਲੇਖਕ ਲਿਖਯੋ ਮੇਟ ਨ ਸਕਦਾ ਕੋਇ ॥੧੨॥

ਛੰਦ

ਰਾਧੇ ਅਰਜ ਮੇਰੀ ਤੂੰ ਸੁਣ ਲੈ ॥ ਸੁਣਕੇ ਦਿਲ ਅਪਨੇ ਵਿਚ ਗੁਣ ਲੈ ॥
ਜਗ ਵਿਚ ਸਾਰ ਵਸਤ ਨੂ ਚੁਣ ਲੈ ॥ ਨੀਰੋ ਛੀਰ ਸੀਰ ਨੂ ਪੁਣ ਲੈ ॥
ਬੀਜੇ ਕਰਮ ਆਪਣੇ ਲੁਣ ਲੈ ॥ ਕਤਿਆ ਆਪੇ ਆਪਣਾਂ ਉਣ ਲੈ ॥
ਕੀਤੇ ਪੂਰਬ ਕਾ ਫਲ ਹੁਣ ਲੈ ॥ ਰੋ ਰੋ ਸਵਾਸ ਸੀਸ ਨੂੰ ਧੁਣ ਲੈ ॥
ਪ੍ਰੀਤਮ ਕਾਰਨੇ ॥੧॥
ਦਿਲ ਵਿਚ ਕਰ ਸੰਤੋਖ ਗੁਮਾਨਣ ॥ ਅੰਦ੍ਰ ਖੋਜ ਗਯਾਨ ਦੇ ਚਾਨਣ ॥
ਛਡਦੇ ਖੁਦੀ ਗੁਮਾਨ ਗੁਮਾਨਣ ॥ ਹੋ ਰਹੁ ਪ੍ਰੇਮ ਨੇਮ ਵਿਚ ਧਯਾਨਣ ॥
ਨਿਸ ਦਿਨ ਹਰਿ ਹਰਿ ਰਟਤ ਨਿਮਾਨਣ ॥ ਓਹੁ ਤਾਂ ਬਧੇ ਪ੍ਰੀਤ ਦੇ ਬਾਨਣ ॥
ਸਭੇ ਬੇਦ ਪੁਰਾਨ ਬਖਾਨਣ ॥ ਹਰਿ ਜੀ ਸਭ ਘਟ ਘਟ ਦੀ ਜਾਨਣ ॥
ਪਤਤਿ ਉਧਾਰਨੇ ॥੨॥
ਮਜਲਸ ਵਿਚ ਦ੍ਰੋਪਤੀ ਧਿਆਏ ॥ ਕਪੜ ਕੋਟਨ ਕੋਟ ਬਧਾਏ ॥
ਗਜਪਤ ਰਾਮ ਕਹਣ ਨਹੀ ਪਾਏ ॥ ਨੰਗੇ ਚਰਣ ਬਕੁੰਠੋ ਧਾਏ ॥
ਆਪਨ ਜਨ ਪਹਲਾਦ ਬਚਾਏ ॥ ਥੰਭੋ ਨਿਕਲ ਦੁਸਟ ਚੁਨ ਘਾਏ ॥
ਗਨਕਾ ਸਹਤ ਅਜਾਮਲ ਭਾਏ ॥ ਜੂਠੇ ਬੇਰ ਭੀਲਨੀ ਖਾਏ ॥
ਨੀਚ ਨਿਸਤਾਰਨੇ ॥੩॥
ਏਹ ਤਾ ਪ੍ਰੇਮੁ ਅਕਥ ਕਹਾਣੀ ॥ ਜਾਣਨ ਸੋ ਜਿਨ ਸੀਸ ਬਿਹਾਣੀ ॥
ਖਾਂਦੇ ਅੰਨ ਨ ਪੀਂਦੇ ਪਾਣੀ ॥ ਦਿਲ ਕਰ ਸਫਾ ਸਫਰ ਪੌ ਸਿਆਣੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਜੀ ਸਭ ਘਟ ਘਟ ਦੇ ਜਾਣੀ ॥ ਆਪੇ ਮਿਲਸਨ ਸਾਰੰਗ ਪਾਣੀ ॥
ਸਾਡੇ ਕੁਲ ਦੀ ਰਸਮ ਨਿਮਾਣੀ ॥ ਚੜਕੇ ਉਤ੍ਰਣ ਆਵਣ ਜਾਣੀ ॥
ਰਚਿ ਕਰਤਾਰ ਨੇ ॥੪॥

ਫੁਨਿ ਹਰੀ ਕਿ ਹਰਿਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥੬॥

ਦੋਹਰਾ

ਮਾਸ ਕੁਆਰ ਜੁ ਸਰਦ ਰੁਤਿ ਨਿਰਮਲ ਅਵਨਿ ਅਕਾਸ ॥
ਹਾ ਹਾ ਹੋ ਹਰਿ ਹਰਿ ਰਟੋ ਲੈ ਲੈ ਉਰਧਉ ਸਾਸ ॥੧੩॥

ਛੰਦ

ਚੜਿਆ ਅਸੂ ਮਾਹਿ ਬਿਸਾਰਦਿ ॥ ਜਲ ਬਿਨ ਫਿਰਤ ਸੇਤ ਹਵੈ ਬਾਰਦ ॥
ਨਿਰਮਲ ਰੈਨ ਚੈਨ ਬਿਨ ਦਾਰਦ ॥ ਧਰਨੀ ਧੋਇ ਧਰੀ ਵਿਚਿ ਪਾਰਦ ॥
ਕੀਤੀ ਬ੍ਰਿਹੋਂ ਮਾਰ ਕੇ ਗਾਰਦ ॥ ਸੁਕਾ ਬਦਨ ਰੰਗ ਹੋ ਜਾਰਦ ॥
ਰੋ ਰੋ ਕੂਕਾਂ ਮਾਰ ਪੁਕਾਰਦ ॥ ਪੂਰਬ ਪ੍ਰੀਤ ਨ ਸਯਾਮ ਸੰਭਾਰਦ ॥
ਜਮਨਾ ਕੂਲ ਦੀ ॥੧॥

ਦਿਨ ਦਿਨ ਰੁਤਿ ਸਰਸਦੀ ਸਰਦੀ ॥ ਕੇਹਾ ਮਿਲਿਆ ਕਾਹਨ ਬਿ ਦਰਦੀ ॥
ਕੀਤੀ ਹਥ ਬ੍ਰਿਹੋ ਦੇ ਬਰਦੀ ॥ ਉਡਿਆ ਰੰਗ ਫਿਰੀ ਮੁਖ ਜਰਦੀ ॥
ਉਠਦੀ ਦਿਲ ਵਿਚਿ ਲਹਿਰ ਕਹਰ ਦੀ ॥ ਲੈ ਵੇ ਸਯਾਮ ਕਦੇ ਸੁਧ ਘਰ ਦੀ ॥
ਮੈ ਤਾਂ ਹੋ ਚੇਰੀ ਜਲ ਭਰਦੀ ॥ ਚਸਮਾ ਕਢ ਚਰਨ ਤਲ ਧਰਦੀ ॥
ਬਖਸੀਂ ਭੂਲ ਦੀ ॥੨॥

ਘਰ ਘਰ ਪੂਜਨ ਲੋਕ ਦਸਹਰਾ ॥ ਧੁਮਾਂ ਪਈਆਂ ਵਿਚਿ ਸਭ ਸਹਰਾਂ ॥
ਵਗਦੇ ਨੀਰ ਨੈਨ ਭਰ ਨਹਰਾਂ ॥ ਵੇਖਾਂ ਬੈਠਿ ਇਸ਼ਕ ਦੀਆਂ ਲਹਰਾਂ ॥
ਸਹਸੀ ਕੌਣ ਹਿਜਰ ਦੀ ਜਹਰਾਂ ॥ ਰੋ ਰੋ ਕੂਕਾਂ ਉਚੀ ਬਹਰਾਂ ॥
ਕੁਬਰੀ ਚੜ ਚਮਕੀ ਵਿਚ ਕਹਰਾਂ ॥ ਲੈਂਦੀ ਸਯਾਮ ਪ੍ਰੀਤ ਦੀ ਠਹਰਾਂ ॥
ਸੁਖ ਵਿਚ ਝੂਲਦੀ ॥੩॥

ਕਿਉ ਵੇ ਅਸੂ ਕੀ ਦਿਲ ਤੇਰੇ ॥ ਹਰ ਜੀ ਫੇਰ ਨ ਕੀਤੇ ਫੇਰੇ ॥
ਪਾਏ ਲਖ ਦੁਖਾ ਨੇ ਫੇਰੇ ॥ ਕਰ ਕੋਈ ਜਤਨ ਜਰੂਰ ਸਵੇਰੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਸਯਾਮ ਆਵੇ ਮੁੜ ਡੇਰੇ ॥ ਲਗੇ ਅਗ ਜੁ ਮਥਰਾ ਖੇਰੇ ॥
ਸੜਨ ਸਿੰਗਾਰ ਕੁਬਰੀਆ ਤੇਰੇ ॥ ਕੇਹੀ ਬਾਬ ਕਰੀ ਤੈ ਮੇਰੇ ॥
ਵੈਰਣ ਮੂਲ ਦੀ ॥੪॥

ਫੁਨਿ ਹਰੀ ਕਿ ਹਰ ਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੭॥

ਦੋਹਰਾ

ਕਹਿ ਅਸੂ ਸਜਨੀ ਸੁਨੋ ਸਜਨ ਸਯਾਮ ਦੀ ਰੀਤਿ ॥
ਨਿਜ ਤਨ ਮਨ ਕੁਰਬਾਨ ਕਰਿ ਤਬੀ ਮਿਲਨਗੇ ਮੀਤ ॥੧੪॥

ਛੰਦ

ਸੁਣਿ ਸੁਣਿ ਨੀ ਰਾਧੇ ਬਡਭਾਗਨ ॥ ਹੋਵੇ ਤਜ ਜੰਜਾਲ ਬਿਰਾਗਨਿ ॥
ਸਭ ਰਸ ਭਸਮ ਕਰੇਂ ਬਿਰਹਾਗਨ ॥ ਮਲੇਂ ਬਿਭੂਤ ਸੁਧ ਸਰਬਾਗਨਿ ॥
ਗਲ ਵਿਚਿ ਕਫਨੀ ਸੀਸ ਜਟਾਂਗਿਨ ॥ ਨਿਸ ਦਿਨ ਰਹੇਂ ਧਯਾਨ ਲਿਵਲਾਗਨਿ ॥
ਤਾ ਤੂੰ ਹੋਵੇ ਸਯਾਮ ਸੁਹਾਗਨਿ ॥ ਹਰਿ ਜੀ ਪ੍ਰੇਮ ਪ੍ਰੀਤਿ ਵਿਚਿ ਪਾਗਨਿ ॥
ਰੀਤ ਪੂਰਾ ਤੁਰੀ ॥੧॥

ਜਯੋ ਪਲਾਸ ਫੂਲਨ ਪਰ ਆਵੈ ॥ ਪਾਤ ਪਾਤ ਕਰਿ ਸਕਲ ਲੁਟਾਵੈ ॥
ਕਾਲ਼ਾ ਮੂਹ ਕਰ ਜਗ ਦਿਖਲਾਵੈ ॥ ਤਬ ਲਾਲਨ ਕੀ ਲਾਲੀ ਪਾਵੈ ॥
ਜਯੋ ਕਰ ਜਾਹਰ ਜਗਤ ਕਹਾਵੈ ॥ ਆਪ ਮਰੇ ਬਿਨ ਸੁਰਗ ਨ ਜਾਵੈ ॥
ਸਤਿਗੁਰੁ ਪ੍ਰਗਟਿ ਪੁਕਾਰ ਸੁਣਾਵੈ ॥ ਆਪੁ ਗਵਾਵੈ ਸੋ ਸਹੁ ਪਾਵੈ ॥
ਚਲਤ ਨ ਚਾਤਰੀ ॥੨॥

ਆਪੇ ਆ ਮਿਲਸਨਿ ਨੰਦ ਨੰਦਨ ॥ ਹਰਿ ਜੀ ਤੀਨ ਲੋਕ ਜਗ ਬੰਦਨ ॥
ਸੋਹਤ ਚਾਰੁ ਚਕ੍ਰ ਤਨ ਚੰਦਨ ॥ ਪਾਪ ਪ੍ਰਣਾਸਨ ਦੁਸਟ ਨਿਕੰਦਨ ॥
ਗਾਵਤ ਜਸ ਮੁਨਿ ਜਨ ਸ੍ਰੁਤਿ ਛੰਦਨ ॥ ਕਟਨ ਜਨਮ ਮਰਨ ਭਵ ਫੰਦਨ ॥
ਦੀਨ ਬੰਧੁ ਮਨਿ ਮੁਕਟਿ ਨਿਰੰਦਨ ॥ ਕਰਤ ਉਧਾਰ ਨੀਚ ਮਤਿ ਮੰਦਨ ॥
ਸਹਤ ਨ ਆਤੁਰੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਹ ਤਾਂ ਮਾਰਗ ਪ੍ਰੇਮੁ ਨਿਰਾਲਾ ॥ ਛਡ ਦੇ ਝੂਠਾ ਜਗਤ ਜੰਜਾਲਾ ॥
ਤਨ ਮਨ ਕਰ ਦੇ ਕ੍ਰਿਸਨ ਹਵਾਲਾ ॥ ਤੈਨੂ ਮਿਲਸਨ ਸ੍ਰੀ ਨੰਦ ਲਾਲਾ ॥
ਕਰੁਨਾ ਸਾਗਰ ਦੀਨ ਦਯਾਲਾ ॥ ਸੁੰਦਰ ਸਯਾਮ ਪੀਤੰਬਰ ਵਾਲਾ ॥
ਸਾਡੇ ਸਭ ਕੁਲ ਦੀ ਯਹਿ ਚਾਲਾ ॥ ਜਯੋਂ ਕਰ ਹਰਟ ਟਿੰਡ ਦੀ ਮਾਲਾ ॥
ਆਵਤ ਜਾਤੁ ਰੀ ॥੪॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥੭॥

ਦੋਹਰਾ

ਕਾਤਕ ਕੌਤਕ ਨਗਰ ਮੈ ਘਰ ਘਰ ਬਗਰ ਬਜਾਰ ॥
ਦੀਪਮਾਲ ਦੀਪਕ ਦਿਪੈ ਬ੍ਰਿਹਨਿ ਤਨਿ ਅੰਗਾਰ ॥੧੫॥

ਛੰਦ

ਕਤਕ ਮਾਸ ਚਢੀ ਰੁਤਿ ਸਰਦਿ ॥ ਫੜ ਕੇ ਹਥ ਬ੍ਰਿਹੋਂ ਦੀ ਕਰਦ ॥
ਕਢ ਕਲੇਜਾ ਕੀਤੀ ਗਰਦ ॥ ਸੁਕਾ ਬਦਨ ਰੰਗ ਹੋ ਜਰਦ ॥
ਚਟਦਾ ਜਿਗਰ ਸਯਾਮ ਦਾ ਦਰਦ ॥ ਘਰ ਘਰ ਫਿਰਾਂ ਜਯੋਂ ਚੋਪਰ ਨਰਦ ॥
ਖੁਲੀ ਜਨਮ ਕਰਮ ਦੀ ਫਰਦ ॥ ਕੁਬਰੀ ਬਣੀ ਬਹਾਦਰ ਮਰਦ ॥
ਜਿਤ ਕੇ ਮੀਤ ਨੀ ॥੧॥

ਘਰ ਘਰ ਦਿਪਤ ਦੀਪਗਣ ਮੋਤੀ ॥ ਬਗਰ ਬਜਾਰਨ ਜਗ ਮਗ ਹੋਤੀ ॥
ਸਹੀਯਾਂ ਪਹਰ ਹਾਰ ਗਜ ਮੋਤੀ ॥ ਖੇਲਤ ਜੂਪ ਮਹਲ ਛਬਿ ਹੋਤੀ ॥
ਕਰਤ ਕਲੋਲ ਪੀਆ ਸੰਗ ਸੋਤੀ ॥ ਮਾਂ ਤਾਂ ਨਿਸ ਦਿਨ ਤੁਫਤ ਰੋਤੀ ॥
ਗਿਣ ਗਿਣ ਹੰਝੂ ਹਾਰ ਪਰੋਤੀ ॥ ਛਤੀਆ ਨੈਨ ਨੀਰ ਸੰਗ ਧੋਤੀ ॥
ਦੇਖ ਅਨੀਤ ਨੀ ॥੨॥

ਸਈਓ ਇਹ ਦੁਖ ਸਹਿਆ ਨਾ ਜਾਂਦਾ ॥ ਬਿਛੜੇ ਜਾਨੀ ਯਾਰ ਜਿਨ੍ਹਾਂ ਦਾ ॥
ਖਾਵੇ ਖੂੰਨ ਬ੍ਰਿਹੋਂ ਜਿਗਰਾਂ ਦਾ ॥ ਦਰਦ ਨ ਹੁੰਦਾ ਦੂਰ ਦਿਲਾਂ ਦਾ ॥
ਹਾਯ ਨੀ ਨਹੀਯੋ ਵਸ ਵਸਾਂਦਾ ॥ ਨਹੀ ਤਾਂ ਉਸ ਕੁਬਰੀ ਨਖਰਾਂਦਾ ॥
ਫੜਦੇ ਪੁਟਾਂ ਗੁਤ ਪਰਾਂਦਾ ॥ ਕਿਹਾ ਕਲੇਸ ਪਿਯਾ ਰਾਹ ਜਾਂਦਾ ॥
ਚਿਤ ਨ ਚੀਤ ਨੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉ ਵੇ ਕਤੇ ਹੁਣ ਕੀ ਕਰੀਯੇ ॥ ਪੀਕੇ ਜਹਰ ਪਿਆਲਾ ਮਰੀਯੇ ॥
ਤਜ ਘਰ ਬਾਰ ਫ਼ਕੀਰੀ ਕਰੀਯੇ ॥ ਕੀਕੂੰ ਸਯਾਮ ਬਿਛੋੜਾ ਜਰੀਯੇ ॥
ਕਢ ਕਲੇਜਾ ਕਿਸ ਥੇ ਧਰੀਯੇ ॥ ਕਿਤ ਵਲ ਜਾਇ ਹਿਮਾਚਲ ਗਰੀਯੇ ॥
ਕਿਉ ਕਰ ਦਰਦ ਬ੍ਰਿਹੋਂ ਦਾ ਭਰੀਯੇ ॥ ਸਈਯੋ ਕਰਮ ਰੇਖ ਥੋਂ ਡਰੀਯੇ ॥
ਹੈ ਬਿਪ੍ਰੀਤ ਨੀ ॥੪॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰੀਯਾਦ ॥
ਕਿ ਮੰਗਦੀਂ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੮॥

ਦੋਹਰਾ

ਕਤਕ ਕਹਿ ਸੁਨਿ ਕਾਮਨੀ ਕਰਮ ਰੇਖ ਕੀ ਬਾਤ ॥
ਨਤ ਕਿਤ ਬ੍ਰਿਜ ਬਨਿਤਾ ਸੁਘਰ ਕਿਤ ਕੁਬਰੀ ਕਮਜਾਤ ॥੧੬॥

ਛੰਦ

ਸੁਨ ਬ੍ਰਿਖਭਾਨ ਸੁਤਾ ਗਰਬੀਲੀ ॥ ਹੈ ਤਕਦੀਰ ਲਕੀਰ ਹਠੀਲੀ ॥
ਫੂਲ ਗੁਲਾਬੀ ਡਾਰ ਕੰਡੀਲੀ ॥ ਮਣੀ ਫਣੀ ਸਿਰ ਅਮੀ ਰਸੀਲੀ ॥
ਚੰਦ ਕਲੰਕੀ ਸਕਲ ਰੰਗੀਲੀ ॥ ਕਾਲੀ ਕੋਇਲ ਬੋਲ ਰਸੀਲੀ ॥
ਮੂਰਖ ਦੇ ਘਰ ਨਾਰ ਛਬੀਲੀ ॥ ਕੰਤ ਸੁਘਰ ਕਾਮਨ ਕਹਰੀਲੀ ॥
ਦੇਖ ਬਿਚਾਰ ਨੀ ॥੧॥

ਕਾਲੇ ਨੈਣ ਮ੍ਰਿਗਾਂ ਦੇ ਕੀਤੇ ॥ ਪਤਲੀ ਕਮਰ ਬਣਾਏ ਚੀਤੇ ॥
ਮਧੁਰੀ ਬਾਣ ਸੂਏ ਫੜ ਲੀਤੇ ॥ ਗਿਰਜਾਂ ਕੰਤ ਈਸ ਬਿਖ ਪੀਤੇ ॥
ਹਾਰੇ ਸੂਰ ਕੂਰ ਰਣ ਜੀਤੇ ॥ ਨਾਰ ਜਵਾਨ ਬਾਲ ਬਰਸੀਤੇ ॥
ਮਿਤ੍ਰਾਂ ਵਿਚਿ ਵਿਛੋੜੇ ਦੀਤੇ ॥ ਜਾਣਨ ਬ੍ਰਿਥਾ ਜਿਨਾ ਸਿਰ ਬੀਤੇ ॥
ਬ੍ਰਿਹੁ ਬਿਮਾਰ ਨੀ ॥੨॥

ਹੈ ਕਹੁ ਕੌਣ ਕਰਮ ਥੋਂ ਅਟਕੇ ॥ ਤਖਤੋਂ ਸਿਲੇਮਾਨ ਧਰ ਪਟਕੇ ॥
ਸਸੀ ਨਾਰ ਥਲਾਂ ਬਿਚ ਭਟਕੇ ॥ ਸੋਹਣੀ ਡੁਬ ਮੁਈ ਕਚ ਮਟਕੇ ॥
ਰਾਵਣ ਮੁਇਆ ਸੀਸ ਦਸ ਕਟਕੇ ॥ ਝਲੇ ਕੌਣ ਇਸਕ ਦੇ ਲਟਕੇ ॥
ਪਾਂਦੇ ਛੇਕ ਹ੍ਰਿਦੇ ਬਿਚ ਫਟਕੇ ॥ ਦੇਖੇ ਖੇਡ ਬ੍ਰਿਹੋਂ ਨਟਬਟ ਕੇ ॥
ਅਪਰ ਅਪਾਰ ਨੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਜੀ ਕੀਤੀ ਪ੍ਰੀਤ ਕਪਟ ਦੀ ॥ ਦੇਕੇ ਮਟਕ ਪੀਤੰਬਰ ਪਟ ਦੀ ॥
ਕੁੰਡਲ ਕਨਿਕ ਜੁਲਫ ਦੀ ਲਟ ਦੀ ॥ ਭ੍ਰਿਕੁਟੀ ਸੁੰਦਰ ਦ੍ਰਿਸਟ ਝਪਟ ਦੀ ॥
ਤਜ ਬ੍ਰਿਜ ਕੇਲ ਕਲਿੰਦੀ ਤਟ ਦੀ ॥ ਕੁਬਰੀ ਕੀਕੂੰ ਕੰਠ ਲਪਟਦੀ ॥
ਸਾਡੇ ਕੁਲ ਦੀ ਰੀਤ ਨ ਹਟਦੀ ॥ ਭਰਨਿਜ ਬਾਰ ਚਲੇ ਪਨਘਟ ਦੀ ॥
ਜਿਯੋਂ ਪਨਿਹਾਰਨੀ ॥੪॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਿਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥

ਦੋਹਰਾ

ਮਘਰ ਮਾਸ ਹਿਮੰਤ ਰੁਤ ਸੀਤ ਅਧਿਕ ਸਰਸਾਤ ॥
ਪ੍ਰਿਯ ਬਿਯੋਗ ਮੈ ਭੋਗਨੀ ਭਈ ਜੋਗਨੀ ਰਾਤ ॥੧੭॥

ਛੰਦ

ਚੜਿਆ ਮਘਰ ਮਾਹਿ ਰੰਗੀਲਾ ॥ ਸਈਆਂ ਕਰਨਿ ਸਿੰਗਾਰ ਰਸੀਲਾ ॥
ਮਹਲੀ ਪਲਘ ਬਿਛਾ ਚਟਕੀਲਾ ॥ ਪ੍ਰੀਤਮ ਸੰਗ ਕਰਨ ਰਸ ਲੀਲਾ ॥
ਨੀ ਮੈ ਕੀ ਹੁਣ ਕਰਾਂ ਵਸੀਲਾ ॥ ਕਰੀਏ ਕੌਣ ਬਹਾਨਾ ਹੀਲਾ ॥
ਸੁਕਾ ਬਦਨ ਹੋਯਾ ਰੰਗ ਪੀਲਾ ॥ ਉਠ ਦਾ ਸਯਾਮ ਬਿਹੁ ਦਾ ਬੀਲਾ ॥
ਅਠੇ ਪਹਰ ਨੀ ॥੧॥

ਨੀ ਹੁਣ ਦਸੋ ਮਸਲਤ ਅੜੀਏ ॥ ਨਿਸ ਦਿਨ ਭਾਹ ਇਸਕ ਦੀ ਸੜੀਏ ॥
ਤਜ ਘਰ ਫਕਰ ਫਕੀਰੀ ਕਰੀਏ ॥ ਕਿਤ ਵਲ ਜਾਇ ਰਸਾਤਲਿ ਵੜੀਏ ॥
ਨਾਤਰ ਜਾ ਇਮਾਚਲ ਚੜੀਏ ॥ ਮਛਲੀ ਵਾਂਗੁ ਪਈ ਤੜਫੜੀਏ ॥
ਕੁਬਰੀ ਨਾਲ ਕਿਵੇ ਜਾ ਲੜੀਏ ॥ ਚੁਨਰੀ ਪਾੜ ਗੁਤ ਫੜ ਖੜੀਏ ॥
ਕਰਦੀ ਕਹਰ ਨੀ ॥੨॥

ਪੈਂਦਾ ਸੀਤ ਸਵਾਯਾ ਦਿਨ ਦਿਨ ॥ ਬਧਦੀ ਰੈਨ ਚੈਨ ਬਿਨ ਛਿਨ ਛਿਨ ।
ਖਾਂਦਾ ਜਿਗਰ ਬ੍ਰਿਹੁ ਨਿਤ ਖਿਨ ਖਿਨ ॥ ਕੁਬਰੀ ਲਾਵੇ ਲੀਕਾਂ ਗਿਨ ਗਿਨ ॥
ਲਯਾਅ ਅਰਾਂਮ ਪ੍ਰੇਮ ਥੋਂ ਕਿਨ ਕਿਨ ॥ ਤੜਫਤ ਮੁਏ ਲਗਾਯਾ ਜਿਨ ਜਿਨ ॥
ਡਿਠਾ ਸਮਝੁ ਸੋਚ ਦਿਲ ਗਿਨ ਮਿਨ ॥ ਪਾਈ ਲਹਰ ਕਹਰ ਦੀ ਤਿਨ ਤਿਨ ॥
ਪੀਤਾ ਜਹਰ ਨੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੁ ਵੇ ਮਘਰ ਦਿਲ ਦੀ ਗਲਾਂ ।। ਕੀਕੂ ਲਹਰ ਬ੍ਰਿਹੋ ਦੀ ਝਲਾਂ ।।
ਛਡਾਂ ਮਹਲ ਜੰਗਲਾ ਮਲਾਂ ।। ਲਿਖ ਲਿਖ ਪਤੀਆਂ ਕਾਸਦ ਘਲਾਂ ।।
ਕਯੂੰ ਕਰ ਸਹਾਂ ਇਸਕ ਦੀਆਂ ਸਲਾਂ ।। ਉਛਲਨ ਜਿਗਰ ਸਿੰਧ ਦੀ ਛਲਾਂ ।।
ਕੂਕਾਂ ਪਾਂਦੀ ਰੰਗ ਮਹਲਾਂ ।। ਸਈਓ ਆਵੋ ਨੀ ਉਠਿ ਚਲਾਂ ।।
ਮਥੁਰਾ ਸਹਰ ਨੀ ।।੪।।

ਫੁਨਿ ਹਰਿ ਕਿ ਹਰਿਦਮ ਯਾਦ ।। ਅਰਜ ਤੂੰ ਸੁਣੀ ਮੇਰੀ ਫਰੀਆਦ ।।
ਕਿ ਮੰਗਦੀ ਰਬ ਥੋਂ ਇਹੀ ਮੁਰਾਦ ।। ਕਿ ਸਾਦੀ ਸਯਾਮ ਦੀ ।।੯।।

ਦੋਹਰਾ

ਬਿਨਤੀ ਮਘਰ ਮਾਹਿ ਦੀ ਸੁਣ ਰਾਧਕੇ ਸੁ ਜਾਨ ।।
ਜਤਨ ਕਰੇ ਪਰ ਹੋਤ ਹੈ ਮੁਸਕਲ ਸਕਲ ਅਸਾਨ ।।੧੮।।

ਛੰਦ

ਸੁਣ ਬ੍ਰਿਖਭਾਨ ਦੁਲਾਰੀ ਸੁੰਦਰ ।। ਸੁਣਕੇ ਸਮਝ ਖੋਜ ਦਿਲ ਅੰਦਰ ।।
ਬਰਖਾ ਹੇਤ ਬਣਾਵਨ ਮੰਦਰ ।। ਚੜੇ ਜਹਾਜੀ ਤਰਨ ਸਮੁੰਦਰ ।।
ਮਾਣਕ ਲਹਨ ਖੋਜ ਗਿਰ ਕੰਦਰ ।। ਸਾਗਰ ਮਥਯੋ ਡਾਰ ਗਿਰ ਮੰਦਰ ।।
ਲੰਕਾ ਲੀਨੀ ਰਘੁਕੁਲ ਚੰਦਰ ।। ਸੈਨਾ ਜੋਰ ਰੀਛ ਕਪਿ ਬੰਦਰ ।।
ਸਮਝ ਸੁਜਾਣ ਤੂੰ ।।੧।।

ਪਾਵਨ ਮਤਲਵ ਜਤਨ ਕਰੇਂਦੇ ।। ਪਹੁਚਨ ਮਜਲ ਜੁ ਰਾਹ ਪਵੇਂਦੇ ।।
ਹੈ ਨਹੀ ਰੂਪ ਰੰਗ ਕਛੁ ਜੇਂਦੇ ।। ਸਿਮਰਤ ਬੇਦ ਪੁਰਾਂਨ ਕਹੇਂਦੇ ।।
ਅਗਮ ਅਗੋਚਰ ਅਲਖ ਸੁਣੇਂਦੇ ।। ਸਾਧਨ ਸਹਤ ਸਾਧ ਤੁਰ ਪੈਂਦੇ ।।
ਅਚਲ ਅਖੰਡ ਬੋਧ ਲਖ ਲੈਂਦੇ ।। ਦਸਾਂ ਹੋਰ ਜਤਨ ਕੈ ਕੈਂ ਦੇ ।।
ਮੰਨ ਪ੍ਰਮਾਣ ਤੂੰ ।।੨।।

ਏਹੁ ਤਾਂ ਕ੍ਰਿਸਨ ਕਮਲ ਦਲ ਲੋਚਨ ।। ਸੁੰਦਰ ਸਯਾਮ ਭਗਤ ਭਵ ਮੋਚਨ ।।
ਕੁੰਡਲ ਕਨਕ ਤਿਲਕ ਗੋ ਰੋਚਨ ।। ਮਾਧੁਰਿ ਮੂਰਤਿ ਮਾਨ ਬਿਮੋਚਨ ।।
ਦਿਲ ਵਿਚ ਕਰ ਤੂੰ ਰੰਚ ਸੰਕੋਚ ਨ ।। ਲਿਖ ਦੇ ਪਤੀਆਂ ਤਜ ਸਭ ਸੋਚਨ ।।
ਆਵਹੁ ਪਤਿਤ ਉਧਾਰਨ ਪੋਚਨ ।। ਬਿਰਦ ਸੰਭਾਰਹੁ ਪੂਰਨ ਲੋਚਨ ।।
ਜਾਣੀ ਜਾਣ ਤੂੰ ।।੩।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਤਾ ਆਉ ਭਗਤ ਭਵ ਭੰਜਨ ॥ ਸੁੰਦਰ ਬਦਨ ਪ੍ਰਭਾ ਦ੍ਰਿਗ ਕੰਜਨ ॥
ਚੰਚਲ ਚਾਰ ਚਪਲ ਵਤ ਖੰਜਨ ॥ ਮੰਜਨ ਕਰੇ ਧਰੇ ਸੁਭ ਅੰਜਨ ॥
ਕ੍ਰਿਪਾ ਸਿੰਧੁ ਸੁਰ ਨਰ ਮੁਨਿ ਰੰਜਨ ॥ ਨਿਸਚੇ ਆਵਨ ਬਿਪਤ ਬਿਭੰਜਨ ॥
ਆਯੋ ਪੋਹ ਗਰਬ ਦਾ ਗੰਜਨ ॥ ਮੈ ਹੁਣ ਤੁਰਸਾਂ ਹੁਕਮ ਨਿਰੰਜਨ ॥
ਖੁਸੀਆਂ ਮਾਣ ਤੂੰ ॥੪॥

ਫੁਨਿ ਹਰੀ ਕਿ ਹਰਿਦਮ ਯਾਰ ॥ ਸਿਮਰ ਲੈ ਸਚਾ ਪ੍ਰਵਦਿਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥੯॥

ਦੋਹਰਾ

ਪੋਹ ਮਹੀਨਾ ਸੀਤ ਦਾ ਪਾਲਾ ਪਰੇ ਬਿਅੰਤ ॥
ਪੰਚ ਪਹਰ ਦੀ ਰੈਨੜੀ ਕਿਉ ਬਿਤਹੈ ਬਿਨ ਕੰਤ ॥੧੯॥

ਛੰਦ

ਸਈਓ ਚੜਿਆ ਪੋਹ ਮਹੀਨਾ ॥ ਕਾਮਨ ਕਰਨ ਸਿੰਗਾਰ ਨਵੀਨਾ ॥
ਲਾਵਨ ਅਤ ਫੁਲੇਲ ਰੰਗੀਨਾ ॥ ਪਹਰ ਪਟੰਬਰ ਅਰ ਪਸਮੀਨਾ ॥
ਮਦ ਅਰਨਾਰੇ ਨੈਨ ਪ੍ਰਵੀਨਾ ॥ ਰੇਸਮ ਜਾਲ ਫਸੇ ਜਨੁ ਮੀਨਾ ॥
ਪਾਂਦੀ ਬਰਫ ਸੀਤ ਠਰ ਸੀਨਾ ॥ ਮੇਰੇ ਛੁਟਦਾ ਅੰਗ ਪ੍ਰਸੀਨਾ ॥
ਬ੍ਰਿਹੋ ਭਾਹ ਦਾ ॥੧॥

ਕੇਹੀ ਕੀਤੀ ਵੇ ਨੰਦ ਲਾਲਨ ॥ ਮੈਨੂੰ ਰਹੀਓ ਸੁਰਤਿ ਸੰਭਾਲਨਿ ॥
ਛਡੀ ਗੋਕਲ ਦੀ ਸਭ ਗਵਾਲਨਿ ॥ ਕੁਬਰੀ ਕੌਣ ਕਮੀਨੀ ਮਾਲਨਿ ॥
ਜਾਤ ਕੁਜਾਤ ਕਰੂਪ ਕੰਗਾਲਨ ॥ ਉਹਨੂੰ ਸੇਜ ਸੁਹਾਗ ਬਹਾਲਨ ॥
ਦਸਨ ਜੋਗ ਬ੍ਰਿਜ ਦੀ ਬਾਲਨ ॥ ਖੋਜ ਸਿੰਗਾਰ ਖਾਕ ਸਿਰ ਡਾਲਨ ॥
ਪੰਥ ਅਗਾਹ ਦਾ ॥੨॥

ਹੁਣ ਤਾਂ ਤੋਰ ਨਿਮਾਣਾ ਚਲਦਾ ॥ ਕੰਚਨ ਬਦਨ ਖਾਕ ਵਿਚਿ ਰਲਦਾ ॥
ਨਹੀ ਵਿਸਾਹੁ ਰਹਿਯਾ ਇਕ ਪਲ ਦਾ ॥ ਲਿਖ ਲਿਖ ਜੋਗ ਅਸਾਨੂ ਘਲਦਾ ॥
ਲਿਖਾਂ ਜਵਾਬ ਲਯਾਵੋ ਇਸ ਗਲ ਦਾ ॥ ਜਰੀ ਕਲਮ ਮਸੁ ਕਾਗਦ ਗਲ ਦਾ ॥
ਖੁਸਕ ਦਵਾਤ ਨੀਰ ਸਭ ਜਲ ਦਾ ॥ ਬਿਰਹਨਿ ਹੱਥ ਨ ਕੋਈ ਝਲਦਾ ॥
ਦਵਾਗਨਿ ਚਾਹਦਾ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈਵੇ ਪਾਤੀ ਪੋਹੁ ਪਿਰਮ ਦੀ ॥ ਖੁਸਕ ਵਾਤਰੁ ਭਸਮ ਕਲਮ ਦੀ ॥
ਆਖੀ ਬਿਥਾ ਬ੍ਰਿਹੋ ਦੇ ਗਮ ਦੀ ॥ ਨਹੀ ਉਮੈਦ ਰਹੀ ਇਕ ਦਮ ਦੀ ॥
ਤਜ ਕਲਬੂਤ ਜਾਨ ਹੁਣ ਰਮਦੀ ॥ ਕੀਤੇ ਲਖ ਜਤਨ ਨ ਬਿਲਮਦੀ ॥
ਨ ਤੈਂ ਕੀਤੀ ਨਜਰ ਰਹਮ ਦੀ ॥ ਝਲੇ ਪੀੜਾਂ ਕੌਣ ਜੁਲਮ ਦੀ ॥
ਦਰਦ ਫਨਾਹ ਦਾ ॥੯॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰਿਯਾਦ ॥
ਕਿ ਮੰਗਦੀ ਰਬ ਥੋਂ ਹਯੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੧੦॥

ਦੋਹਰਾ

ਪੋਹ ਪੁਲਕ ਪਾਤੀ ਨਿਰਖ ਸਮਝ ਅਪੂਰਵ ਪ੍ਰੀਤਿ ॥
ਬਿਲਖ ਬਦਨ ਭਰ ਨੈਨ ਜਲ ਬੋਲਤ ਬਿਹਬਲ ਚੀਤਿ ॥੨੦॥

ਛੰਦ

ਰਾਧੇ ਅਰਜ ਮੇਰੀ ਸੁਣ ਲੈ ਨੀ ॥ ਸੁੰਦ੍ਰ ਚੰਦ੍ਰ ਬਦਨ ਮ੍ਰਿਗਨੈਨੀ ॥
ਅੱਡੀ ਨਾਲ ਠਹਕਦੀ ਬੈਨੀ ॥ ਕਟਿ ਮ੍ਰਿਗਰਾਜ ਚਾਲ ਮਤ ਗੈਨੀ ॥
ਦੰਦ ਅਨਾਰ ਕੋਕਿਲਾ ਬੈਨੀ ॥ ਕੇਹੀ ਕੀਤੀ ਕ੍ਰਿਸਨ ਬ੍ਰਿਹੈਨੀ ॥
ਕਾਗਦ ਗਰਹੀ ਕਲਮ ਜਰੈਨੀ ॥ ਕਹਾਂ ਜੁਬਾਨੀ ਜੀਭ ਦਹੈਨੀ ॥
ਬ੍ਰਿਹੋ ਬਖਾਨ ਤੇ ॥੧॥

ਓਹੁ ਤਾਂ ਹਈਯੋ ਪੁਰਖ ਪੁਰਾਤਨ ॥ ਪ੍ਰੇਮ ਅਧੀਨ ਸੁਰੀਤਿ ਚਿਰਾਤਨ ॥
ਕਹਦੇ ਬੇਦ ਪ੍ਰਚਾਨ ਸਨਾਤਨ ॥ ਕਰੇ ਉਧਾਰ ਸੁਜਾਤ ਕੁਜਾਤਨ ॥
ਸੁਣਦਾ ਸਭ ਘਟ ਘਟ ਦੀ ਬਾਤਨ ॥ ਸਿਮਰਯੋ ਮਨ ਗੋਇੰਦ ਗਨਕਾਤਨ ॥
ਦੀਨੋ ਦਰਸ ਦੌਰ ਅਚਿਰਾਤਨ ॥ ਚੀਟੀ ਅੰਤ ਆਦ ਬਿਪਨਾਤਨ ॥
ਦਿਲ ਦੀ ਜਾਨਤੇ ॥੨॥

ਹਰਿ ਜੀ ਪੂਰਨ ਹੈ ਸਭ ਥਾਂਵੀ ॥ ਜਲ ਥਲ ਸਿੰਧੁ ਨਦੀ ਦਰਿਯਾਂਵੀ ॥
ਬਨ ਤਿਨ ਪਰਬਤ ਨਗਰ ਗਿਰਾਂਵੀ ॥ ਪੰਛੀ ਪਸੁ ਨਰ ਦੇਵ ਤਲਾਂਵੀ ॥
ਦਿਲ ਪ੍ਰਹਲਾਦ ਸੁ ਯਾਦ ਕਰਾਂਵੀ ॥ ਥੰਮ ਬਿਦਾਰ ਰੂਪ ਪ੍ਰਗਟਾਂਵੀ ॥
ਤੇਰੀ ਅੱਖ ਫਰਕਦੀ ਬਾਂਵੀ ॥ ਤੂੰ ਭੀ ਸਭੀ ਮੁਰਾਦਾਂ ਪਾਂਵੀਂ ॥
ਜਾਣੀ ਜਾਨ ਤੇ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰ ਲੈ ਮਨ ਵਿਚਿ ਧਯਾਨ ਹਰੀਦਾ ॥ ਹੈ ਯਹਿ ਸਭ ਜਗ ਕੌਤੁਕ ਜੀਦਾ ॥
ਆਵਨ ਤਤ ਛਿਨ ਕ੍ਰਿਸਨ ਜਰੀਦਾ ॥ ਦਿਲ ਵਿਚਿ ਕਰ ਲੈ ਸਚੁ ਯਕੀਦਾ ॥
ਅੰਤਰਜਾਮੀ ਪ੍ਰਗਟ ਕਹੀਦਾ ॥ ਮਤਿ ਕਰ ਭਰਮ ਬਿਲੰਮ ਘਰੀ ਦਾ ॥
ਮੈਥੋਂ ਨਹੀ ਹੁਣ ਪਲ ਠਹਰੀ ਦਾ ॥ ਆਯਾ ਮਾਘ ਮਹੀਪ ਮਹੀਦਾ ॥
ਮੈ ਪ੍ਰਸਥਾਨ ਤੇ ॥੪॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰ ਲੈ ਸਚਾ ਪਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਯਾ ॥੧੦॥

ਦੋਹਰਾ

ਮਾਹ ਮੁਮਾਰਖ ਮਾਘ ਦਾ ਆਈ ਅਜਬ ਬਹਾਰ ।
ਕਰਤ ਕੰਤੂਹਲ ਕਾਮਨੀ ਸਜਨ ਵਸਤ ਸ਼ਿੰਗਾਰ ॥੨੧॥

ਛੰਦ

ਚੜਦੇ ਮਾਘ ਅੰਬ ਬਨ ਮੌਲੇ ॥ ਗੁੰਜਨ ਭਵਰ ਕੋਕਿਲਾ ਬੋਲੇ ॥
ਸੁੰਦਰ ਪਵਨ ਕੁੰਜ ਝਕਝੋਲੇ ॥ ਪਾਲੇ ਪਵਨ ਦਿਨੋ ਦਿਨ ਹੌਲੇ ॥
ਪੰਛੀ ਪਾਵਨ ਬਨ ਬਨ ਰੌਲੇ ॥ ਸੁਨ ਝਨਕਾਰ ਰਹੀਯ ਰਾਹੌਲੇ ॥
ਪਾਂਦੇ ਡੋਬ ਕਲੇਜਾ ਡੋਲੇ ॥ ਖੱਲ੍ਹਨ ਦੁਖ ਜਿਗਰ ਦੇ ਫੋਲੇ ॥
ਚਰਦਾ ਦਰਦ ਨੀ ॥੧॥

ਨੀ ਮੈ ਕੀ ਹੁਣ ਕਰਾਂ ਬਹਾਨਾ ॥ ਮੇਰਾ ਲੁੜ ਗਿਯਾ ਮਾਲੁ ਖਜਾਨਾ ॥
ਲਾਈਯਾ ਪ੍ਰੀਤਿ ਜੁ ਨਾਲ ਨਿਦਾਨਾ ॥ ਅੜੀਓ ਫੇਰੁ ਪਿਯਾ ਪਛੁਤਾਨਾ ॥
ਵੇ ਮੈ ਲੁਟ ਗਈ ਹਾਯ ਜਹਾਨਾ ॥ ਮੇਰੇ ਹਥੋਂ ਬਾਜ ਉਡਾਨਾ ॥
ਮੈ ਤਾ ਹੋਈਯਾਂ ਬਹੁਤ ਹਰਾਨਾ ॥ ਹੁਣ ਮੈ ਛਡਾਂ ਦੇਹ ਪਰਾਨਾ ॥
ਹੋਵਾਂ ਗਰਦ ਨੀ ॥੨॥

ਸਈਯੋ ਇਕ ਹੁਣ ਜਤਨ ਕਰਾਵੋ ॥ ਪੁਤਲੀ ਕੁਬਰੀ ਦੀ ਬਣਵਾਵੋ ॥
ਫੜਕੇ ਗੁਤੋਂ ਮੈਥੇ ਲਿਯਾਵੋ ॥ ਮਥੇ ਕਾਲਾ ਤਿਲ ਕਰਾਵੋ ॥
ਸਿਰ ਵਿਚਿ ਖਾਕ ਖੋਲ ਕੇ ਪਾਵੋ ॥ ਕਟ ਕਟ ਮਾਸ ਦੰਦੀਏ ਖਾਵੋ ॥
ਸੌਕਣ ਮਰੇ ਕਸਗੁਨ ਮਨਾਵੋ ॥ ਇਕ ਵਲ ਮਾਰ ਮੂਹੇ ਮੂਹ ਪਾਵੋ ॥
ਜਯੁਕਰ ਨਰਦ ਦੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੁ ਵੇ ਮਾਘੁ ਦਿਲਾਂ ਦੀ ਬਤੀਯਾਂ ॥ ਕਿਕੂੰ ਕਟੇ ਬ੍ਰਿਹੋ ਦੀ ਰਤੀਯਾਂ ॥
ਚਰਦਾ ਦਰਦ ਦਿਨੋ ਦਿਨ ਛਤੀਯਾਂ ॥ ਤਨ ਵਿਚਿ ਰਤੁ ਨ ਰਹੀਓ ਰਤੀਯਾਂ ॥
ਕਟਦੀ ਜਿਗਰ ਬ੍ਰਿਹੋ ਦੀ ਕਤੀਯਾਂ ॥ ਹੁਣ ਮੈ ਸਾਂਗੁ ਬਣਾਵਾਂ ਸਤੀਯਾਂ ॥
ਤਨ ਕਰ ਭਸਮ ਲਹਾਂ ਹਰਿ ਗਤੀਯਾਂ ॥ ਜਿੱਤਾਂ ਜਗਤ ਜਨਮ ਜਯੁੰ ਜਤੀਯਾਂ ॥
ਫਟਜਾ ਫਰਦ ਨੀ ॥੪॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰਿਯਾਦ !॥
ਕਿ ਮੰਗਦੀ ਰਬ ਤੋਂ ਯਹੀ ਮੁਰਾਦ ॥ ਕਿ ਸਾਦੀ ਸਿਯਾਮ ਦੀ ॥੧੧॥

ਦੋਹਰਾ

ਮਾਘ ਕਹੈ ਸੁਨ ਮਾਨਨੀ ਮਨ ਮੈ ਧਰ ਤੂੰ ਧੀਰ ॥
ਆਜ ਕਾਲ ਦਸ ਦਿਵਸ ਮਹਿ ਆ ਮਿਲਸਨ ਬਲਬੀਰ ॥੨੨॥

ਛੰਦ

ਸੁਣ ਸੁਣ ਸ੍ਰੀ ਰਾਧੇ ਬਰ ਨਾਗਰ ॥ ਸਸਿ ਬਦਨੀ ਮ੍ਰਿਗ ਨੈਨੀ ਉਜਾਗਰ ॥
ਤੂੰ ਹੁਣ ਹੋਈਏਂ ਭਗਤ ਇਕਾਗਰ ॥ ਤੈਨੂੰ ਮਿਲਸਨ ਸ੍ਰੀ ਨਟ ਨਾਗਰ ॥
ਦੀਨ ਬੰਧੁ ਹਰਿ ਕਰੁਣਾ ਸਾਗਰ ॥ ਕਟਨ ਜਨਮ ਕਰਮ ਦੀ ਬਾਗਰ ॥
ਹੁਣ ਤੂੰ ਹੋਈਏ ਪ੍ਰੇਮ ਸੁਦਾਗਰ ॥ ਪਾਵੇ ਸਰਬ ਸੁਖਾਂ ਦੀ ਆਗਰ ॥
ਜਨਮ ਸੁਧਾਰ ਤੂੰ ॥੧॥

ਨੀ ਹੁਣ ਮਰ ਨ ਸਿਤਾਬੀ ਡਰਕੇ ॥ ਲੰਘੀ ਦੁਖ ਸਮੁੰਦਰ ਤਰਕੇ ॥
ਤਨ ਮਨ ਕ੍ਰਿਸਨ ਹਵਾਲੇ ਧਰਕੇ ॥ ਹਰਿ ਦਾ ਪ੍ਰੇਮ ਤਰੀ ਜਯੁ ਕਰਕੇ ॥
ਕੰਢੇ ਲਗੀ ਬਹੁ ਦੁਖ ਭਰਕੇ ॥ ਦੇਖੀ ਹਰ ਬਰ ਉਤਰੇਂ ਕਚਕੇ ॥
ਪੈਂਦੀ ਛੇਤੀ ਨਾਲ ਉਛਰ ਕੇ ॥ ਰਹੁ ਹੁਣ ਗਾਢ ਧੀਰ ਮਨ ਧਰਕੇ ॥
ਹੋਵੇਂ ਪਾਰ ਤੂੰ ॥੨॥

ਦਿਨ ਦਿਨ ਹੋਣ ਤੈਨੂ ਸੁਭ ਸਗੁਨ ॥ ਹੁਣ ਤਾਂ ਭਾਗ ਪੁਰਾਤਨ ਜਗਨ ॥
ਮੇਰਾ ਏਹੋ ਪੁਕਾਰੇ ਲਗਨ ॥ ਦਰਸਨ ਹੋਊਗ ਹਰਿ ਜੀ ਪਗਨ ॥
ਹੋਵੇਂ ਸਰਬ ਸੁਖਾਂ ਵਿਚਿ ਮਗਨ ॥ ਬ੍ਰਿਹੋ ਦੁਖ ਦੂਰ ਸਭ ਭਗਨ ॥
ਫਿਰ ਗਈ ਸੁੰਦਰ ਗਰਦਸ ਗਗਨ ॥ ਬੁਝਸੀ ਲਗੀ ਹੀਯੇ ਦੀ ਅਗਨ ॥
ਹੋਵੇਂ ਠਾਰ ਤੂੰ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਤਾਂ ਬਿਹਰੋ ਭੇਸ ਉਤਾਰੋ ॥ ਅਪਨੀ ਸਖੀਯਾਂ ਸਭ ਸ਼ਿੰਗਾਰੋ ॥
ਭਰ ਭਰ ਮਾਂਗ ਸੰਧੂਰ ਸਵਾਰੋ ॥ ਨਖ ਸਿਖ ਹਾਰ ਸ਼ਿੰਗਾਰ ਸੁਧਾਰੋ ॥
ਹਰਿ ਜੀ ਆਵਨ ਸਾਚ ਵੀਚਾਰੋ ॥ ਮੁਰਲੀ ਮੁਕਟ ਪੀਤ ਪਟਵਾਰੋ ॥
ਅਬ ਤੂੰ ਲਖ ਲੈ ਗਵਨ ਹਮਾਰੋ ॥ ਆਵੇ ਫਾਗਨ ਮਨ ਮਤਵਾਰੋ ॥
ਲੈ ਸੁਖ ਸਾਰ ਤੂੰ ॥੪॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰ ਲੈ ਸਚਾ ਪਰਵਦਗਾਰ ॥
ਚੜੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜ਼ਰਿਆ ॥੧੧॥

ਦੋਹਰਾ

ਫਾਗਨ ਆਯਾ ਰੀ ਸਖੀ ਰਚੀ ਸੁਹਾਗਨ ਫਾਗ ॥
ਅਜ ਹੂੰ ਸਯਾਮ ਨ ਬਾਹੁੜੇ ਦੇਖ ਹਮਾਰੇ ਭਾਗ ॥੨੩॥

ਛੰਦ

ਫਾਗਨ ਰੰਗ ਫੁਹਾਰਾਂ ਫਹਰਨ ॥ ਪਈਯਾਂ ਧੂਮ ਧਮਾਰਾ ਸਹਰਨ ॥
ਸੁੰਦਰ ਟੂਟ ਪਿਚਕਾਰਾਂ ਛਹਰਨ ॥ ਵਿਚਿ ਵਿਚਿ ਮੂਠ ਗੁਲਾਲੀ ਲਹਰਨ ॥
ਸਖੀਯਾਂ ਗਾਵਨ ਊਚੀ ਬਹਰਨ ॥ ਕੇਹੀ ਕੀਤੀ ਕੁਬਜ਼ਾ ਕਹਰਨ ॥
ਵਗਦੀ ਹੰਝੂ ਨ ਮਾਂਡੀ ਠਹਰਨ ॥ ਹੈ ਨੀ ਜਨਮ ਕਰਮ ਦੀ ਕਹਰਨ ॥
ਕਾਰੀ ਨਾਗਨੀ ॥੧॥

ਅੜੀਓ ਹੁਣ ਕੋਈ ਜਤਨ ਕਰੋ ਨੀ ॥ ਦਿਲ ਵਿਚਿ ਹਰਿ ਜੀ ਧਯਾਨ ਧਰੋ ਨੀ ॥
ਬਿਨਤੀ ਕਰ ਅਭਿਮਾਨ ਹਰੋ ਨੀ ॥ ਕਰਣੀ ਅਪਣੀ ਕੋਲ ਡਰੋ ਨੀ ॥
ਪੂਰਨ ਪੁਰਖ ਹਿਯੇ ਸਿਮਰੋ ਨੀ ॥ ਦਰਸਨ ਦੇਵਨ ਚਰਨ ਪਰੋ ਨੀ ॥
ਭਵ ਸੰਸਾਰ ਅਪਾਰ ਤਰੋ ਨੀ ॥ ਪ੍ਰਭ ਕੀ ਸਰਨ ਪਰੀ ਉਬਰੋ ਨੀ ॥
ਹੋ ਬਡਭਾਗਨੀ ॥੨॥

ਏਹੁ ਤਾ ਮਾਨਸ ਜਨਮੁ ਪਦਾਰਥ ॥ ਜਾਂਦਾ ਬਿਨ ਹਰਿ ਭਜਨ ਅਕਾਰਥ ॥
ਛਡੋ ਮਨ ਦੇ ਸਭ ਸੁਵਾਰਥ ॥ ਜਗੇ ਵਿਚਿ ਖੋਜ ਲਹੋ ਪਰਮਾਰਥ ॥
ਪਾਵੋ ਗਿਆਨ ਪਰਮ ਪੁਰਖਾਰਥ ॥ ਹਰਿ ਜੀ ਸਿਧ ਕਰਨ ਸਰਬਾਰਥ ॥
ਤਜਕੇ ਸਰਬ ਧਰਮ ਕਾਮਾਰਥ ॥ ਮਿਲਸਨ ਕ੍ਰਿਸਨ ਹੋਹੁ ਕਿਰਤਾਰਥ ॥
ਸਰਬ ਸੁਹਾਗਨੀ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂ ਵੇ ਫਲਗੁਨ ਸਫਲ ਫਲੰਤਾ ॥ ਆਵਨ ਕਬ ਸ੍ਰੀ ਕਮਲਾ ਕੰਤਾ ॥
ਕਰੁਣਾ ਸਾਗਰ ਅਲਖ ਅਨੰਤਾ ॥ ਸਿੰਮ੍ਰਿਤਿ ਬੇਦ ਨ ਪਾਵਨ ਅੰਤਾ ॥
ਘਟ ਘਟ ਬਾਸੀ ਅਲਿਪ ਰਹੰਤਾ ॥ ਦੁਸ਼ਟ ਨਿਵਾਰ ਉਬਾਰਨ ਸੰਤਾ ॥
ਪਤਤ ਉਧਾਰਨ ਬਿਰਦ ਕਹੰਤਾ ॥ ਮੇਰੀ ਮਿਟੀ ਸਗਲ ਹੁਣ ਹੰਤਾ ॥
ਹੋਈ ਸੁਜਾਗਨੀ ॥੪॥

ਫੁਨਿ ਹਰੀ ਕਿ ਹਰਦਮ ਯਾਦ ॥ ਅਰਜ ਤੂੰ ਸੁਣੀ ਮੇਰੀ ਫਰਿਯਾਦ ॥
ਕਿ ਮੰਗਦੀ ਰਬ ਥੋਂ ਯਹੀ ਮੁਰਾਦ ॥ ਕਿ ਸਾਦੀ ਸਯਾਮ ਦੀ ॥੧੨॥

ਦੋਹਰਾ

ਕਹਿ ਫਾਗਨ ਫਲ ਫੂਲ ਤੂੰ ਮਨ ਬੰਛਤ ਫਲ ਪਾਇ ॥
ਆਵਹਿ ਕ੍ਰਿਸਨ ਕ੍ਰਿਪਾਲ ਬਰ ਨਿਜ ਜਨ ਕਰਨ ਸਹਾਇ ॥੨੪॥

ਛੰਦ

ਸੁਣ ਸੁਣ ਸ੍ਰੀ ਰਾਧੇ ਬਡਭਾਗੀ ॥ ਤੇਰੀ ਪ੍ਰੀਤਿ ਚਰਨ ਹਰਿ ਲਾਗੀ ॥
ਨਿਸ ਦਿਨ ਰਹੀ ਪ੍ਰੇਮ ਵਿਚ ਪਾਗੀ ॥ ਸਭ ਜੰਜਾਲ ਜਗਤ ਤਜ ਭਾਗੀ ॥
ਗੋਬਿੰਦ ਚਰਨਨ ਸੋਂ ਅਨੁਰਾਗੀ ॥ ਤਜ ਭ੍ਰਮ ਮੋਹ ਨੀਂਦ ਅਬ ਜਾਗੀ ॥
ਪਾਵੇਂ ਪਰਮ ਪੁਰਖ ਜਗ ਤਯਾਗੀ ॥ ਜਿਸਨੂ ਖੋਜਤ ਸੰਤ ਬਿਰਾਗੀ ॥
ਅਗਮ ਅਗਾਹ ਤੂੰ ॥੧॥

ਦੇਖੋ ਸ੍ਰੀ ਨੰਦ ਨੰਦਨ ਆਵਤ ॥ ਸੁੰਦਰ ਪੀਤ ਧਜਾ ਫਹਰਾਵਤ ॥
ਰਥ ਦੀ ਘੋਰ ਸ੍ਰਵਨ ਸੁਨ ਪਾਵਤ ॥ ਮਾਨੋ ਸਾਵਨ ਘਨ ਘਹਰਾਵਤ ॥
ਮਾਥੇ ਮੋਰ ਮੁਕਟ ਛੁਬਿ ਪਾਵਤ ॥ ਕੁੰਡਲ ਕਨਕ ਕਪੋਲ ਸੁਹਾਵਤ ॥
ਸਾਂਵਰ ਰੂਪ ਪੀਤ ਪਟ ਭਾਵਤ ॥ ਦਰਸਨ ਦੇ ਕੇ ਤੁਰਤ ਮਿਟਾਵਤ ॥
ਦਿਲ ਦੀ ਦਾਹ ਨੂੰ ॥੨॥

ਰਥ ਤੇ ਉਤਰ ਦੀਯੋ ਹਰਿ ਦਰਸਨ ॥ ਗੁਵਾਰਨਿ ਦੌਰ ਪਰੀ ਪਗ ਪਰਸਨ ॥
ਹਰਬਰ ਉਲਟ ਪਰੀ ਇਕ ਹਰਸਨ ॥ ਇਕ ਭਰ ਪ੍ਰੇਮ ਨੈਨ ਜਲ ਬਰਸਨ ॥
ਇਕ ਦ੍ਰਿਗ ਪੋਂਛ ਦਰਸ ਨੂ ਤਰਸਨ ॥ ਰਾਧੇ ਦੌਰ ਮਿਲੀ ਨਿਜ ਬਰਸਨ ॥
ਮੇਟੀ ਬ੍ਰਿਹੁ ਬਿਥਾ ਬਹੁ ਬਰਹਨ ॥ ਹਰਿ ਜੀ ਪਲ ਵਿਚ ਪੂਰਨ ਕਰਸਨ ॥
ਚਿਤ ਦੀ ਚਾਹ ਨੂੰ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਜੀ ਸਫਲ ਮਨੋਰਥ ਕੀਤੇ ॥ ਗੁਵਾਲਨਿ ਸੁਧ [illegible] ਚੀਤੇ ॥
ਗੋਪੀ ਗੁਵਾਲ ਮੁਕਤਿ ਪਦ ਲੀਤੇ ॥ ਪ੍ਰਭ ਕੀ ਕੀਰਤਿ ਪਰਮ ਪੁਨੀਤੇ ॥
ਕਵਿ ਮ੍ਰਿਗੰ ਰਾਜ ਛੰਦ ਸੁਭ ਕੀਤੇ ॥ ਸੰਮਤ ਸਨਭ ਅਹਿ ਸਸਿ ਬੀਤੇ ॥
ਅਸੂ ਸੁਕਲ ਪੰਚਮੀ ਥੀ ਤੇ ॥ ਪੜ ਸੁਣ ਪਾਵਨ ਪਰਮ ਪਵੀਤੇ ॥
ਬਿਪ੍ਰਵਾਹ ਨੂੰ ॥੪॥

ਫੁਨਿ ਹਰੀ ਕਿ ਹਰਦਮ ਯਾਰ ॥ ਸਿਮਰਲੈ ਸਚਾ ਪਰਵਦਗਾਰ ॥
ਚਢੀ ਹੁਣ ਅਗਲੀ ਅਜਬ ਬਹਾਰ ॥ ਮਹੀਨਾ ਗੁਜਰਿਆ ॥੧੨॥

ਇਤਿ ਸ੍ਰੀ ਕ੍ਰਿਸਨ ਰਾਧਕਾ ਜੀ ਕੋ ਬਿਰਹ ਨਾਟਕ ਬਾਰਹ ਮਾਹਾਂ ਕ੍ਰਿਤ ਕਵਿ ਸਾਹਿਬ ਮ੍ਰਿਗਿੰਦ ਬਿਯੋਗ ਸ਼ਿੰਗਾਰ ਬਰਨਨੰ ਸਮਾਪਤੰ ॥ ਸੁਭੰ ॥ ਭੂਯਾਤਾ ॥

ਮੂਲ ਸਿੰਘ

ਬਾਰਾਂਮਾਹ

ਚੇਤ ਮਹੀਨੇ ਚਲੇ ਸਾਮ ਜੀ, ਮਥਰਾ ਉਰ ਸਿਧਾਰੇ ॥
ਸਾਰੇ ਬ੍ਰਿਜ ਦੀ ਰੋਵੈ ਲੁਕਾਈ, ਬਹਿ ਬਹਿ ਜਮਨ ਕਿਨਾਰੇ ॥
ਹਾਰ ਸੀਗਾਰ ਉਤਾਰ ਚੋਲੀਆ, ਚੀਰ ਗੋਪੀਆਂ ਫਾਰੇ ॥
ਬਾਝ ਸਿਆਮ ਦੇ ਮੂਲ ਸਿੰਘਾ, ਸਭ ਸੁੰਞੇ ਮਹਲ ਚੁਬਾਰੇ ॥੧॥

ਚੜੇ ਵੈਸਾਖ ਕੋਕਲਾ ਬੋਲੈ, ਬੈਠ ਅੰਬ ਕੀ ਡਾਲੀ ॥
ਭਵਰੇ ਫੂਲ ਗੁੰਜਾਰਨਿ ਸੁੰਦ੍ਰ, ਸੋਹੈ ਰਾਤ ਚੰਦਾਲੀ ॥
ਕਰਨਿ ਕਲੋਲ ਭਤਾਰ ਨਾਰੀਆਂ, ਮਿਲ ਕਰੇ ਸੇਜ ਸੁਖਾਲੀ ॥
ਖੜੀ ਉਡੀਕਾਂ ਮੂਲ ਸਿੰਘਾ, ਘਰਿ ਆਉ ਨੰਦ ਦੇ ਪਾਲੀ ॥੨॥

ਜੇਠ ਜੋਰ ਕਰ ਚੜੀ ਜੁਆਨੀ, ਹੁਣ ਕੀ ਕਰੀਏ ਜੀਆ ॥
ਸਿਆਮ ਰੂਪ ਕੁਬਜਾਂ ਸੰਗ ਹੋਇਆ, ਮਰਣ ਅਸਾਡਾ ਥੀਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋ ਰੋ ਕਰਾਂ ਪੁਕਾਰ ਕੂਕ ਕੇ, ਬਿਨ ਰਾਮਹਿ ਜਿਉ ਸੀਆ ॥
ਗਇਆ ਅਸਾਨੂੰ ਮੂਲ ਸਿੰਘਾ, ਹੁਣ ਛੋਡ ਸਾਵਰਾ ਪੀਆ ॥੩॥

ਹਾੜ ਹਾਉਕੇ ਲੈਨ ਗੋਪੀਆਂ, ਪਇਆ ਵਿਛੋੜਾ ਭਾਰੀ ॥
ਰਾਤ ਦਿਹਾੜੀ ਫਿਰਨ ਰੋਂਦੀਆਂ, ਕਰਿ ਕੇ ਕੂਕ ਪੁਕਾਰੀ ॥
ਕਿਤ ਵਲ ਗਇਓ ਪ੍ਰੀਤ ਲਾਇਕੇ, ਸਿਆਮ ਰੂਪ ਅਵਤਾਰੀ ॥
ਬਾਝ ਤੁਸਾਂ ਬਿਨ ਮੂਲ ਸਿੰਘਾ, ਬ੍ਰਿਜ ਨਗ੍ਰੀ ਭਈ ਉਜਾਰੀ ॥੪॥

ਸਾਵਣ ਮਾਹਿ ਸੁਹਾਗ ਭਾਗ, ਲੈ ਧੜੀ ਸੀਸ ਗੁਦਾਈਆਂ ॥
ਕਰਿ ਕੇ ਹਾਰ ਸਿੰਗਾਰ ਸੋਹਣੇ, ਗਲੀ ਹਮੇਲਾਂ ਪਾਈਆਂ ॥
ਪਹਨ ਪੁਸਾਕਾਂ ਅਤ੍ਰ ਭਿੰਨੀਆਂ, ਪੀਘਾਂ ਪਾਇ ਚੜਾਈਆਂ ॥
ਵੇਖਣ ਨੂ ਤਰਸਦੀ ਮੂਲ ਸਿੰਘਾ, ਘਰਿ ਆਉ ਬ੍ਰਿਜ ਦਿਆ ਸਾਈਆਂ ॥੫॥

ਭਾਦੋ੍ਂ ਭਰਮੁ ਲਗਾ ਦਿਲ ਅੰਦ੍ਰ, ਕਿਸਨੂ ਆਖ ਸੁਣਾਈ ॥
ਬਿਨਾ ਸਿਯਾਮ ਦੀਦਾਰ ਤੁਸਾਂਡੇ, ਜੋਬਨ ਗਇਆ ਅਜਾਂਈ ॥
ਅਜੇ ਨ ਆਇਓ ਖੜੀ ਪੁਕਾਰਾਂ, ਕਰਿ ਕਰਿ ਲੰਬੀਆਂ ਬਾਂਹੀ ॥
ਜੀਉ ਤੜਫਦਾ ਮੂਲ ਸਿੰਘਾ ਝਬ ਆਇਕੇ ਦਰਸ ਦਿਖਾਈ ॥੬॥

ਅਸੂ ਮਾਸ ਉਦਾਸ ਹੋਇ, ਘਰ ਤਿਆਗ ਗੋਪੀਆਂ ਚਲੀਆਂ ॥
ਜਾਇ ਪੁਕਾਰ ਕਰਨ ਵਿਚਿ ਬਨ ਦੇ, ਕਰਿ ਕੇ ਬਾਹੀ ਖਲੀਆਂ ॥
ਆਇ ਦੀਦਾਰ ਦਿਖਾਇ ਅਸਾਨੂੰ, ਮਾਣ ਲਏ ਸੁਖ ਰਲੀਆਂ ॥
ਸਿਆਮ ਤੁਸਾ ਬਿਨ ਮੂਲ ਸਿੰਘਾ, ਸਭ ਸੁੰਞੀਆ ਬ੍ਰਿਜ ਦੀਆਂ ਗਲੀਆਂ ॥੭॥

ਕਤਕ ਕਾਮਨ ਕਰ ਕੁਬਜਾ ਨੇ, ਤੈਨੂੰ ਵਸਿ ਕਰ ਲੀਤਾ ॥
ਤੂੰ ਮਥੁਰਾ ਪੁਰ ਬੈਠ ਰਹਿਉ, ਮਨਮੋਹਨ ਹੈ ਚੁਪ ਕੀਤਾ ॥
ਰਾਤ ਦਿਨੇ ਮੈਂ ਸਹਿਤ ਗੋਪੀਆਂ, ਧਿਆਨ ਤੁਸਾਡਾ ਕੀਤਾ ॥
ਅਜੇ ਨ ਆਇਓ ਮੂਲ ਸਿੰਘਾ, ਹੁਣਿ ਨਜ੍ਰ ਸਾਵਰੇ ਮੀਤਾ ॥੮॥

ਮੰਘਰ ਮਹੁਰਾ ਖਾਇ ਮਰਸਾਂ, ਮੈ ਨਹੀ ਜੀਵਨ ਬ੍ਰਿਜ ਨਾਰੀ ॥
ਮੋ ਸੰਗ ਪ੍ਰੀਤ ਗਇਆ ਤਜਿ ਸੁੰਦ੍ਰ, ਮਥੁਰਾ ਪੁਰ ਗਿਰਧਾਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸ ਹਸ ਕੇਲ ਕਰੇ ਕੁਬਜਾ ਸੰਗਿ, ਸੁਣਿਆ ਧਰਤੀ ਸਾਰੀ ॥
ਇਸ ਦੁਖ ਕੋਲੋਂ ਮੂਲ ਸਿੰਘਾ, ਹੁਣ ਮਰਸਾ ਖਾਇ ਕਟਾਰੀ ॥੯॥

ਪੋਹਿ ਪਵਨ ਠੰਡ ਲਗਦੀ, ਕਿਚਰਕਿ ਰਖਾਂ ਜੇਰਾ ॥
ਗਇਆ ਸੁ ਗਇਆ ਫੇਰ ਨਾ ਆਇਆ, ਊਧੋ ਬੰਸੀ ਵਾਲਾ ਮੇਰਾ ॥
ਚਾਰ ਪਹਰ ਦਿਨ ਤੜਫਤ ਗੁਜਰੇ, ਰੋਂਦਿਆਂ ਸੰਝ ਸਵੇਰਾ ॥
ਇਸ ਜੀਵਨ ਕੋਲੋਂ ਮੂਲ ਸਿੰਘਾ, ਹੁਣਿ ਇਸਥੋਂ ਮਰਨ ਚੰਗੇਰਾ ॥੧੦॥

ਮਾਘ ਮਹੀਨੇ ਕੁਰਖੇਤ੍ਰ ਤੇ ਸਿਆਮ ਰੂਪ ਚਲ ਆਇਆ ॥
ਸੁਣਿਕੇ ਆਇ ਮਿਲੀ ਸਭ ਗਵਾਰਨ, ਚਰਨੀ ਸੀਸਿ ਨਿਵਾਇਆ ॥
ਸੋਭਾ ਮਿਟਿ ਗਏ ਰੋਗ ਸਭ ਮਨ ਤੇ, ਜਬ ਹਰਿ ਦਰਸਨ ਪਾਇਆ ॥
ਧੰਨ ਘੜੀ ਉਹ ਮੂਲ ਸਿੰਘਾ, ਬ੍ਰਿਜਨਾਰੀ ਮੰਗਲ ਗਾਇਆ ॥੧੧॥

ਫਾਗਨ ਚੜ੍ਹੇ ਬਸੰਤ ਫੂਲਿਆ, ਸਿਯਾਮ ਮਚਾਈ ਹੋਰੀ ॥
ਕੇਸ੍ਰ ਛਿਨਕ ਗੁਲਾਲ ਮਹਿ ਤੇ, ਡਾਰਤ ਜੋਰ ਬਿਜੋਰੀ ॥
ਲਾਲੁ ਗੁਲਾਲ ਭਇਆ ਮੁਖ ਮਸਤਕ ਭਿੱਗੀ ਰਾਧਕਾ ਗੋਰੀ ॥
ਹਸਿ ਹਸਿ ਖੇਲਤ ਮੂਲ ਸਿੰਘਾ, ਦੋਊ ਬਨੀ ਅਨੂੰਪਮ ਜੋੜੀ ॥੧੨॥

ਦੋਹਰਾ

ਪ੍ਰਭ ਜੀ ਮਿਲਿਓ ਰਾਧਕੇ, ਪਾਇਉ ਅਟਲ ਸੁਹਾਗੁ ॥
ਰਾਧਕੇ ਸਿਯਾਮ ਗਲ ਲਾਇਕੇ, ਕਹਿਓ ਸੁਨਾਇ ਬੈਰਾਗੁ ॥

ਨਿਹਾਲ ਸਿੰਘ

ਬਾਰਾਂਮਾਹ

ਚੇਤ੍ਰ ਚਰਨ ਕ੍ਰਿਸਨ ਕੇ ਸਿਮਰੋ ਪੂਜੋ ਕ੍ਰਿਸਨ ਗੁਪਾਲ, ਓਹੁ ਨੰਦ ਲਾਲ ॥
ਵਿਚਿ ਮਥੁਰਾ ਦੇ ਜਨਮ ਲੀਓ ਹੈ ਮੋ ਪ੍ਰ ਹੋ ਕ੍ਰਿਪਾਲ, ਕੀਆ ਖਿਆਲ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਮਰਿ ਨਾਮੁ ਹਰਿ ਜੀ ਕਾ ਪਿਆਰੇ ਸਿਰ ਤੋ ਹਟਦਾ ਕਾਲ, ਜਾਏ ਜੰਜਾਲ ॥
ਕ੍ਰਿਸਨ ਕ੍ਰਿਸਨ ਕਰੋ ਰੋਜ ਪਿਆਰੇ ਕਹਿਦਾ ਸਿੰਘ ਨਿਹਾਲ, ਕਰ ਪ੍ਰਿਤਪਾਲ ॥੧॥

ਵੈਸਾਖ ਬੈਠਕੇ ਸਭੀ ਗੁਆਰਨ ਕਰਦੀਆਂ ਕੂਕ ਪੁਕਾਰੀ, ਸੁਣ ਸਭ ਨਾਰੀ ॥
ਜਮੱਨ ਕਿਨਾਰੇ ਬਹਿ ਬਹਿ ਰੋਵਨੁ ਮਿਲ ਜਾ ਕ੍ਰਿਸਨ ਮੁਰਾਰੀ, ਮੈ ਬਲਿਹਾਰੀ ॥
ਪਕੇ ਅੰਬ ਅਨਾਰ ਦਾਖ ਸਭ ਸੁੰਵੀ ਨਗਰੀ ਸਾਰੀ, ਦੇਹੁ ਦਿਲਦਾਰੀ ॥
ਨਿਹਾਲ ਸਿੰਘ ਪੁਕਾਰ ਆਖਦਾ ਤੂੰ ਰਾਧੇ ਹੈ ਪਿਆਰੀ, ਰਾਜ ਦੁਲਾਰੀ ॥੨॥

ਜੇਠ ਜਦੋ ਰਲ ਸਭੀ ਗੁਆਰਨਾ ਜੰਮਨਾ ਕਰਿ ਇਸਨਾਨੁ, ਕੀਤੋ ਦਾਨੁ ॥
ਦੇਖਿ ਰੂਪ ਅਪਨੇ ਨੂੰ ਰਾਧੇ ਦਿਲ ਮੈ ਕੀਓ ਗੁਮਾਂਨ, ਛਲਿਓ ਕਾਨ ॥
ਬਸਤ੍ਰ ਝਾੜ ਪਛਤਾਈ ਗੁਆਰਨੁ ਮੁੰਦ੍ਰੀ ਲੈ ਗਇਓ ਕਾਨ, ਮੈ ਅਨਜਾਨ ॥
ਨਿਹਾਲ ਸਿੰਘ ਦੇ ਮੁੰਦ੍ਰੀ ਕਾਨਾ ਜਗ ਮੈ ਕੀਓ ਵੈਰਾਨ, ਸੁਣੀ ਨਿਦਾਨੁ ॥੩॥

ਹਾੜ ਹੋਸ ਸੇ ਕਹਿਆ ਕ੍ਰਿਸਨ ਜੀ ਮੁੰਦ੍ਰੀ ਕਿਸੇ ਚੁਰਾਈ, ਦੇਵੇ ਦੁਹਾਈ ॥
ਮੈ ਕੀ ਜਾਣਾ ਸਾਰ ਮੁੰਦ੍ਰੀ ਦੀ ਤੈ ਨੇ ਤੁਮਤ ਲਾਈ, ਕਿਨੇ ਛਿਪਾਈ ॥
ਜਾ ਕਰੁ ਟੋਲੋ ਉਸੀ ਰੇਤ ਮੋ ਮੁੰਦ੍ਰੀ ਜਹਾ ਗਵਾਈ, ਢੂਡੋ ਜਾਈ ॥
ਨਿਹਾਲ ਸਿੰਘ ਤਬ ਕ੍ਰਿਸਨ ਪੁਕਾਰੇ ਮੋਰੇ ਨਾ ਹਥਿ ਆਈ, ਕਹਿਓ ਸੁਨਾਈ ॥੪॥

ਸਾਵਣ ਸਮਝੁ ਕਰੀ ਤੂੰ ਕਾਨਾ ਕੰਸ ਕੋਲ ਮੈ ਜਾਵਾਂ, ਫੌਜਿ ਲਿਆਵਾਂ ॥
ਇਹ ਮੁੰਦ੍ਰੀ ਹੈ ਸਵਾ ਲਾਖ ਦੀ ਮੂਲ ਮੁੰਦ੍ਰੀ ਦਾ ਪਾਵਾਂ, ਪਕੜਿ ਮੰਗਾਵਾ ॥
ਤੈਨੇ ਮੁੰਦ੍ਰੀ ਚੁਕ ਲਈ ਕਾਨਾ ਜਬ ਮੈ ਜਮਨਾ ਨਾਵਾ, ਤਾ ਪਛੁਤਾਵਾ ॥
ਨਿਹਾਲ ਸਿੰਘ ਗਈ ਸਖੀ ਨਾਲ ਦੀ ਜਲਦੀ ਮੈ ਘਰੁ ਜਾਵਾ, ਇਹੁ ਫੁਰਮਾਵਾ ॥੫॥

ਭਾਦ੍ਰੋ ਭਰਮੁ ਨ ਕਰੀ ਗੁਆਰਨ ਕੰਸ ਨੂ ਮਾਰ ਗਵਾਵਾਂ, ਖਾਕ ਰੁਲਾਵਾਂ ॥
ਲਵਾਂ ਜਗਾਤੁ ਜੁ ਆਵੇ ਗੁਆਰਨ ਖੋਸ ਦਹੀ ਮੈ ਖਾਵਾ, ਸੋਰੁ ਮਚਾਵਾ ॥
ਤੇਰੀ ਮੁੰਦ੍ਰੀ ਸਵਾ ਲਾਖ ਦੀ ਮੈ ਨਹੀ ਸਖੀ ਚੁਰਾਵਾ, ਨਾ ਹਥਿ ਪਾਵਾ ॥
ਨਿਹਾਲ ਸਿੰਘ ਮੈ ਮਹਰਮ ਤੇਰਾ ਸਮਝ ਤੁਝੇ ਸਮਝਾਵਾ, ਆਖ ਸੁਣਾਵਾਂ ॥੬॥

ਅਸੂ ਆਨੁ ਕੇ ਕਹਿ ਗੁਆਰਨੁ ਸੁਣੀ ਹੋ ਕ੍ਰਿਸਨ ਮੁਰਾਰ, ਹੇ ਨਿਰੰਕਾਰੁ ॥
ਚੇਟਕ ਲਾਇਓ ਮੈਨੂ ਕਾਨਾ ਛੋਡਿਆ ਮੈ ਘਰੁ ਬਾਰੁ, ਅਪੁਨਾ ਦੁਆਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਿਹੁ ਨੇ ਮਾਰੁ ਮੁਕਾਈ ਮੈ ਤਾ ਹੋਈਆ ਬਹੁਤ ਲਚਾਰੁ ਸੁਣੀਓ ਸਾਰੁ ॥
ਨਿਹਾਲ ਸਿੰਘ ਕਹੈ ਰਾਧੇ ਪਿਆਰੀ ਮੈਨੂੰ ਘਰੁ ਉਤਾਰ ਤੂੰ ਇਕ ਵਾਰੁ ॥੭॥

ਕਤਕ ਕੂਕ ਪੁਕਾਰ ਆਖਦੀ ਸੁਣੀਓ ਗਿਰਵਰੁ ਧਾਰੀ ਕ੍ਰਿਸਨ ਮੁਰਾਰੀ ॥
ਬੋਲੇ ਵਾਜੁ ਬੰਸ੍ਰੀ ਕਾਨਾ ਰੀਝੁ ਪਵੈ ਸਭ ਨਾਰੀ, ਵਾਜੁ ਪਿਆਰੀ ॥
ਲੈ ਰਿਝਾਇ ਕਾਨ ਗੁਆਰਨੁ ਕਉ ਵਾਜੁ ਬੰਸਰੀ ਵਾਰੀ, ਛਬਿ ਨਿਆਰੀ ॥
ਨਿਹਾਲ ਸਿੰਘ ਕਹੈ ਸੁਣੀਓ ਕਾਨਾ ਮਾਰੀ ਬ੍ਰਿਹੋਂ ਕਟਾਰੀ, ਲਾਈ ਕਾਰੀ ॥੮॥

ਮਘਰੁ ਮੋਰੁ ਮੁਕਟਿ ਸਿਰੁ ਛਾਜੇ ਬੰਸੀ ਖੂੰਬ ਬਜਾਵੈ, ਮਨ ਨੂੰ ਭਾਵੈ ॥
ਸੁਨੇ ਅਵਾਜੁ ਮਸਤੁ ਹੋਇ ਗੁਆਰਨੁ ਨਰ ਨਾਰੀ ਚਲਿ ਆਵੈ ਸੀਸ ਨਿਵਾਵੈ ॥
ਰਾਧ ਕ੍ਰਿਸਨ ਪੁਕਾਰ ਕਰੁਦੀਆ ਆਨੁ ਚਰਨੁ ਵਲਿ ਲਾਵੈ, ਤਾ ਸੁਖ ਪਾਵੈ ॥
ਨਿਹਾਲ ਸਿੰਘ ਪੁਕਾਰੇ ਰਾਧੇ ਕਾਨ ਨ ਨਜਰੀ ਆਵੈ, ਕੂਕ ਸੁਣਾਵੈ ॥੯॥

ਪੋਹੁ ਪਵਨ ਹੈ ਸਰੁਦੀ ਆਈ ਪਾਵੀ ਕਾਂਨਾ ਫੇਰੀ, ਨੌਕਰ ਤੇਰੀ ॥
ਸਿਯਾਮ ਬਾਮ ਮੈ ਰੋਜ ਪੁਕਾਰਾ ਮੈ ਬਰਦੀ ਹਾਂ ਤੇਰੀ ਬ੍ਰਿਹੁ ਘੇਰੀ ॥
ਨਾਲ ਕਲੋਲੁ ਕਰੈ ਤੂੰ ਕੁਬਜਾ ਨਜਰ ਅਸਾ ਵਲ ਫੇਰੀ, ਦੇਹੀ ਦਿਲੇਰੀ ॥
ਨਿਹਾਲ ਸਿੰਘ ਪੁਕਾਰੇ ਰਾਧੇ ਬੰਸੀ ਜਾਂਨ ਲਈ ਹੈ ਮੇਰੀ, ਝੁਲੀ ਅਨੇਰੀ ॥੧੦॥

ਮਾਘੁ ਮਾਹੁ ਮੈ ਆਪ ਕ੍ਰਿਸਨ ਜੀ ਕੁਲਛੇਤ੍ਰ ਨੂੰ ਚਲ ਆਵੈ, ਆਸਨੁ ਲਾਵੈ ॥
ਸੁਨਿਕੇ ਨਾਮ ਕਾਂਨ ਦਾ ਗਵਾਰਨਿ ਉਸੀ ਜਗਾ ਚਲਿ ਆਵੈ, ਭੇਟੁ ਚੜਾਵੈ ॥
ਚਰਨਾ ਉਪਰਿ ਸੀਸ ਨਿਵਾ ਕਰਿ ਜੋ ਮੀਰੀ ਆ ਫਲੁ ਪਾਵੈ, ਲੈ ਘਰਿ ਜਾਵੈ ॥
ਨਿਹਾਲ ਸਿੰਘ ਲਵੈ ਨਾਮ ਕਾਨ ਦਾ ਅੰਤੁ ਸੁਵਰਗ ਕੋ ਜਾਵੈ,
ਜੋ ਨਿਤਿ ਧਿਆਵੈ ॥੧੧॥

ਫਾਗਣਿ ਫਾਗ ਰੁਤਿ ਹੈ ਆਈ ਕਾਂਨ ਖੇਲਦਾ ਹੋਰੀ, ਕਰੇ ਬਹੁ ਜੋਰੀ ॥
ਅਤ੍ਰ ਗੁਲਾਲ ਮਲੇ ਮੁਖਿ ਊਪਰਿ ਸੰਗ ਰਾਧਕਾ ਗੋਰੀ, ਮਲਦਾ ਰੋਰੀ ॥
ਹਸਿ ਹਸਿ ਖੇਲੁ ਕਰੈ ਕ੍ਰਿਸਨ ਰਾਧਕਾ ਮਤਿ ਕਰਿ ਬਡੀ ਮੋਰੀ ਦੁਖ ਹਰਿਓ ਰੀ ॥
ਨਿਹਾਲ ਸਿੰਘ ਕਹੈ ਵੈਰੋਵਾਲੁ ਮੈ ਜਿਸੇ ਬਾਰਤਾ ਤੋਰੀ ਬਨ ਰਹੀ ਜੋਰੀ ॥੧੨॥

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਰਖੁਰਦਾਰ

ਬਾਰਾਂਮਾਹ

ਜਬ ਚੜੇ ਚੇਤ ਮੈ ਸੰਤ ਕਿ ਚੇਤ੍ਰ ਅਜਬ ਸੁਹਾਵਾ ਚੰਤਿ
ਬਣ ਤਣ ਫੂਲੇ ਫੂਲ ਬਸੰਤ ਨਿਤਿ ਉਠ ਕਰੇ ਚਲਾਣਾ ਕੰਤ
ਨ ਦੇਂਦਾ ਭੇਤੁ ਨ ਦੇਂਦਾ ਅੰਤੁ ਦਿਲਾਂ ਦਿਆ ਜਾਨੀਆ ॥
ਅਵੇ ਮੈ ਕਾਮਨ ਸਦ ਮਤਵਾਲੀ ਮਾਥੇ ਜੋਬਨ ਨਾਗਨ ਕਾਲੀ
ਨਿਤ ਉਠ ਦਬ ਤੇ ਬਿਰਹੁ ਸੁਵਾਲੀ ਜਦ ਕਦ ਮਰਸਾਂ ਹੋਇ ਬੁਰਹਾਲੀ
ਸਿਰ ਪਰ ਗਜਦਾ ਇਸ਼ਕ ਜਵਾਲੀ ਹੁਣ ਬਿਸੁ ਖਾਨੀਆਂ ॥
ਅਵੇ ਤੂੰ ਆਖ ਵਿਖਾਂ ਕਿਉ ਜਾਨਾ ਮੇਰਾ ਪੇਸ਼ ਤੇਰੇ ਜੀਉ ਜਾਮਾ
ਜੋਬਨ ਘਤਦਾ ਧੂਮਾਂ ਧਾਮਾਂ ਬ੍ਰਿਹੁ ਬੰਦੂਕ ਲਾਈ ਤਨ ਸਿਆਮਾ
ਜਾਂਦੀ ਭੰਨ ਕਲੇਜਾ ਰਾਮਾ, ਸੁਧ ਬਿਸਰਾਨੀਆਂ ॥
ਬਰਖੁਰਦਾਰ ਪਯਾ ਦੁਖ ਸਾਨੂ ਰੋ ਰੋ ਬਿਰਥਾ ਕਹਾਂ ਤੁਸਾਨੂ
ਛਡਿ ਕੇ ਭਉਰ ਚਲਿਆ ਫੂਲਾਂ ਨੂੰ, ਵਿਛੋੜਾ ਪਿਆ ਜੋ ਦੁਹਾਂ ਧਿਰਾ ਨੂੰ,
ਅਉਸੀ ਪਾਨੀਆ ॥੧॥

ਜਬ ਚੜਿਆ ਮਾਹ ਵੈਸਾਖ ਮਿਲਣ ਕੀ ਆਸ
ਪਕੀ ਘਰ ਦਾਖ ਨ ਚਲਿਓ ਰਾਖ ਰਾਖ ਰਹੀ ਮੈ ਰਾਖ
ਨਸੀਹਤ ਲਾਖ ਰਹੀ ਮੇਰੇ ਪਾਸ ਕਰੇਂਦੀ ਸਿਯਾਮ ਜੀ ॥
ਜਬ ਬਣ ਤਿਣ ਫੂਲੇ ਫੂਲ ਮੇਰੇ ਤਨ ਲਗੀ ਬ੍ਰਿਹੰ ਕੀ ਸੂਲ
ਬਦਨ ਰੰਜੂਲ ਅਕਲ ਗਈ ਭੂਲ ਨ ਰਹਿੰਦੇ ਮੂਲ ਚਲੇ ਭਗਵਾਨ ਜੀ ॥
ਮੇਰੇ ਸਿਕਦੇ ਨੈਣ ਮਲੂਕ ਸਖੀਯਾ ਵਿਚਿ ਪਈ ਬ੍ਰਿਹ ਕੀ ਫੂਕ
ਮਹਲ ਵਿਚਿ ਕੂਕ ਨ ਨੈਣੀ ਨੀਂਦ ਨ ਤਨ ਵਿਚਿ ਭੂਖ
ਮੇਰਾ ਤਨ ਦੀਆ ਬ੍ਰਿਹੁ ਨੇ ਫੂਕ, ਕਬੂ ਨ ਅਰਾਮ ਜੀ ॥
ਬਰਖੁਰਦਾਰ ਚਲੇ ਅਜੁ ਸਿਯਾਮ ਰਾਧਾ ਰਹੇ ਅਕੇਲੀ ਰਾਮ
ਸਾਨੂ ਪ ਹਿਜਰ ਪਾਣੀ ਤਾਮ, ਸਾਡੀ ਨੈਣੀ ਨੀਦਿ ਹਰਾਮੁ
ਜਾਲਮੁ ਕੀਤੀ ਬ੍ਰਿਹੁ ਤਮਾਮ, ਚਲੇ ਆਂ ਧਾਮ ਜੀ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਬ ਚੜਿਆ ਜੇਠ ਪਰ ਭਾਹਿ, ਲਗੀ ਪ੍ਰੇਮ ਭੜਕਦੀ ਭਾਹਿ
ਆਤਸ ਗਈ ਤਨੇ ਨੂੰ ਖਾਇ, ਅਹੀ ਮੈ ਮੁਈ ਸੁ ਮੇਰੀ ਮਾਇ
ਅਰੀ ਮੈ ਮੁਈ ਕਰਾਂ ਹਾਇ ਹਾਇ ਅਕੇਲੀ ਮੈਂ ਰਹੀ ॥
ਜਬ ਇਸ਼ਕ ਬੈਠਾ ਘਟ ਮਲ ਅੰਦਰ ਮਹਿਲ ਪਇਆ ਥਰਥਲ
ਬੈਠਾ ਸੂਲ ਕਲੇਜਾ ਮਲ ਬਰਛੀ ਗਈ ਤਨੇ ਨੂ ਸਲ
ਸਿਯਾਮ ਦੀ ਨਿਤਿ ਅਵੇਹੀ ਗਲ ਮੇਰੇ ਮਨ ਵਸ ਰਹੀ ॥
ਅਵੇ ਮੈ ਕਾਮਨ ਬ੍ਰਿਹਾ ਘੇਰੀ, ਬ੍ਰਿਹਾ ਪਾਵੇ ਡੰਡ ਚਉਫੇਰੀ
ਡਰ ਡਰ ਉਠਾਂ ਰਾਤਿ ਅੰਧੇਰੀ, ਨਿਕਲ ਜਾਂਦੀ ਜਾਨ ਨ ਮੇਰੀ
ਦੇਂਦੀ ਸਾਂਈਆ ਮਨਸਾ ਤੇਰੀ, ਜੇ ਮੁੜ ਸਿਯਾਮ ਕਰੇ ਇਕ ਫੇਰੀ
ਮੈਂ ਪਛੁਤਾਂਦੀ ਫਿਰ ਬਹੁਤੇਰੀ, ਨਾਲੋਂ ਕਿਉਂ ਰਹੀ ॥
ਬਰਖੁਰਦਾਰ ਬਿਓਗ ਹਮੇਸ਼, ਮੇਰੇ ਗਲ ਵਿਚ ਖੁਲੜੇ ਕੇਸ
ਰੋਂਦੀ ਫਿਰਦੀ ਮੈਲੇ ਭੇਸ, ਪ੍ਰੀਤਮੁ ਛੋਡ ਗਏ ਪਰਦੇਸ਼
ਕਿਸਨੂ ਕਹਾਂ ਦਿਖਾਵਾਂ ਭੇਸ, ਹੈ ਹੈ ਮਰ ਰਹੀ ॥੩॥

ਜਬ ਹਾੜ ਜੁ ਆਤਸ਼ ਭਖੇ ਵੇ ਘਰ ਅੰਬ ਤੁਸਾਡੇ ਪਕੇ
ਸੰਸਾ ਲੋਕ ਓਨਾ ਵਲ ਤਕੇ, ਦੇ ਦੇ ਰਹੀ ਬਹੁਤੇਰੇ ਧਕੇ
ਵੇ ਮੈ ਰਾਖੀ ਹੋਇ ਕਰ ਰਖੇ ਹੁਣਿ ਨਹੀਂ ਰਹਿਸਨ ਜਾਸਨ ਚਖੇ,
ਫਿਰਿ ਪਛੁਤਾਹਿੰਗਾ ॥
ਅਵੇ ਮੈ ਜੋਬਨ ਬਹੁਤੁ ਕੰਗਾਈ, ਕਬ ਲਗ ਰਖਾਂ ਅੰਬ ਛਪਾਈ
ਪੀਛੇ ਲਾਗੀ ਬਹੁਤੁ ਲੁਕਾਈ ਦੇਨ ਰਿਸਾਲਾ ਭੋਜਨ ਸਾਈ
ਅਵੇ ਮੁੜਿ ਆਵੀਂ ਡਾਇਣ ਖਾਈ, ਪੌਸੀ ਆਹਿ ਅਸਾਡੀ ਕਾਈ,
ਵੇ ਮਰ ਜਾਹਿੰਗਾ ॥
ਤੂੰ ਤਾ ਆਹੋ ਲਗ ਚਰੋਕਾ ਸੁਣਿਓ ਦੇਸ ਮਹਾਜਨ ਲੋਕਾ
ਸਾਨੂ ਨਿਤ ਸਿਯਾਮ ਦਾ ਧੋਖਾ, ਸੂਲਾ ਬ੍ਰਿਹਾ ਅੰਦਰ ਰੋਕਾ
ਦਰਿ ਦਰਿ ਦਿਆਂ ਇਸ਼ਕ ਦਾ ਹੋਕਾ, ਵੇ ਘਰ ਆਵੀਂ ਪ੍ਰੀਤਿ ਚਰੋਕਾ
ਕਮਲਿਆ ਖਾਣਾ ਖਾਹਿ ਅਜੋਕਾ, ਫਿਰ ਕਿਆ ਖਾਹਿੰਗਾ ॥
ਬਰਖੁਰਦਾਰ ਹਮੇਸ਼ ਬਿਓਗ ਜਿਹਨਾਂ ਘਰ ਕੰਤ ਸੁ ਮਾਨੇ ਭੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਤਨ ਨਿਤ ਸਿਯਾਮ ਦਾ ਰੋਗ, ਗਇਆ ਤਨ ਲਾਇ ਰੂਮੀਆ ਰੋਗੁ
ਪਇਆ ਭਾਇ ਅਸਾਡੇ ਜੋਗੁ, ਧਨੀ ਸੋ ਪਾਹਿੰਗਾ ॥੪॥

ਸਖੀ ਰੀ ਸਾਵਣ ਕੀ ਰੁਤਿ ਆਈ, ਘਨੀਅਰ ਘੋਰ ਬਦਲਾ ਲਾਈ
ਸੇਜ ਸੁਞੀ ਨੀਂਦ ਨ ਆਈ, ਸਾਨੂ ਬਿਜਲੀ ਚਮਕ ਡਰਾਈ
ਕਾਮਨ ਭਰਦੀ ਉਭੇ ਸਾਹੀ, ਲੈਂਦੀ ਹਾਹੁਕੇ ॥
ਮੇਰੇ ਮਨ ਵਿਚਿ ਰੀਸਾਂ ਆਵਨ, ਸਖੀਆਂ ਲੰਮੀ ਚੀਂਘੀ ਗਾਵਨ
ਮੌਲੀ ਮਹਿੰਦੀ ਕਾਜਲ ਪਾਵਨਿ, ਊਚੇ ਪਿਪਲ ਪੀਘਾਂ ਪਾਵਨਿ
ਸਖੀਆਂ ਝੂਟਨ ਗਹਿਣੇ ਪਾਇਕੇ ॥

ਅਵੇ ਮੈਂ ਹਾਲਉ ਭਈ ਬਿਹਾਲ, ਮੇਰੇ ਗਲ ਵਿਚਿ ਖੁਲੜੇ ਵਾਲ
ਵਾਲੀਂ ਲਗਾ ਬਹੁਤੁ ਜੰਜਾਲ, ਪ੍ਰਭ ਜੀ ਮੂਲ ਨ ਗਈਆ ਨਾਲ
ਰਹੀ ਕੁਰਲਾਇਕੇ ॥

ਬਰਖੁਰਦਾਰ ਕਿਤੇ ਵਲ ਜਾਈ, ਸਾਨੂ ਥਾਉ ਕਿਥਾਈਓ ਨਾਹੀ
ਸਾਡੀਆ ਪੌਨ ਸਿਯਾਮ ਨੂ ਆਹੀ, ਸ਼ਾਲਾ ਲਗਨਿ ਬਦਿ ਦੁਆਈ
ਕਥੇਂ ਮਰਹਿ ਖਪਹਿ ਓਥਾਈਂ, ਮਿਲੇ ਨ ਆਇਕੇ ॥੫॥

ਭਰਿ ਭਾਦੋਂ ਦਿਨ ਗਰਮ ਜੀਵਣ ਝੂਠ ਅਕਾਰਥ ਜਨਮੁ
ਕਲੇਜੇ ਨਿਤ ਸਿਯਾਮ ਦਾ ਵਰਮੁ, ਦਾਮਨਗੀਰ ਅਸਾਨੂ ਸਰਮ
ਮਰਾਂ ਕੁਛੁ ਖਾਇ ਲਗੇ ਤਨੁ ਭਰਮੁ, ਨ ਜੀਵਾਂ ਕੋ ਘੜੀ ॥
ਅਵੇ ਮੈ ਹਾਲੋਂ ਭਈ ਬਿਤਾਬਿ, ਇਸ਼ਕ ਦੀਆਂ ਫੌਜਾਂ ਚੜੇ ਝਬਾਬੁ
ਪ੍ਰਭ ਥੋਂ ਦੂਰ ਨ ਰਹੀਆ ਆਬ, ਕੀਤੀ ਹਾਂ ਇਸ਼ਕ ਨੇ ਮਾਰ ਖਰਾਬ
ਅਵੇ ਮੈ ਜਲ ਕੇ ਭਈ ਕਬਾਬ ਕਿ ਸੂਲਾ ਮੁਹਿ ਧਰੀ ॥
ਅਵੇ ਮੈ ਕਿਉ ਕਰਿ ਰਹਾਂ ਅਕੇਲੀ, ਅਜੁ ਬਿਨਾ ਸਾਜਨ ਖਰੀ ਦੁਹੇਲੀਂ
ਕੰਤ ਜਿਉ ਬਾਝੋਂ ਸੇਜ ਅਕੇਲੀ, ਸੁੰਞੇ ਦਿਸਦੇ ਮਹਲ ਹਵੇਲੀ
ਸਾਨੂ ਨਜਰ ਨ ਆਵਨ ਬੇਲੀ, ਰੋਵਾਂ ਦਰ ਖੜੀ ॥
ਬਰਖੁਰਦਾਰ ਯਾਰ ਸਮਝਾਇ, ਵਿਛੋੜਾ ਪਇਆ ਤਤੀ ਦੇ ਭਾਇ
ਪਿਆਰੇ ਆਵਣ ਦੀ ਕਰਿ ਕਾਇ, ਪੀਆ ਤੁਧੁ ਬਿਨੁ ਰਹਿਆ ਨ ਜਾਇ
ਪ੍ਰਭ ਜੀ ਦੇਉ ਦਿਲਾਸਾ ਆਇ, ਕਿ ਤਾਕਤ ਯੋਂ ਗਈ ॥੬॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੂ ਮਿਲੇ ਨਾ ਸਾਡਾ ਕੌਂਤ, ਗਇਆ ਤਨਿ ਰੰਗ ਅਸਾਡਾ ਸੌਂਕਿ
ਤਾਕਤ ਜੋਰ ਨ ਰਹੀਆ ਚੋਂਪ, ਸਾਨੂ ਗਇਆ ਮੂਲਾ ਨੂੰ ਸੌਂਪ
ਸਾਡੇ ਮਨ ਵਿਚਿ ਆਵੇ ਕਛੂ ਇਹ ਬਾਤ ਅਧਰਮ ਦੀ ॥
ਜਬ ਲਗੀ ਇਸ਼ਕ ਦੀ ਕਾਤੀ, ਧੋਤੇ ਬਾਲ ਨ ਮਲ ਮਲ ਨਾਤੀ
ਨਿਤਿ ਉਠ ਝਰੋਖੇ ਪਾਵਾਂ ਝਾਤੀ, ਜੇ ਰਬੁ ਆਣ ਮਿਲਾਵੇ ਸਾਥੀ
ਜਲਦੀ ਵਾਂਗ ਚਰਾਗੇ ਬਾਤੀ, ਤਤੀ ਕਰਮ ਦੀ ॥
ਅਵੇ ਮੈ ਨਿਜੁ ਕਤੇਂਦੀ ਕਤਾਂ, ਰੋ ਰੋ ਤਰਸਨ ਨੈਨ ਪਲਟਾਂ
ਟੁਟਨ ਤਕੁਲੇ ਭਜਨ ਲਠਾਂ, ਸਾਨੂ ਸਈਆਂ ਦੇਵਨ ਮਤਾਂ
ਬੈਠੀ ਲਾਜ ਤੁਸਾਡੀ ਰਖਾਂ, ਮਾਰੀ ਸਰਮ ਦੀ ॥
ਬਰਖੁਰਦਾਰ ਯਾਰ ਕਿਆ ਕੀਤਾ, ਝੂਠੀ ਪ੍ਰਿਤਿ ਮੁਨਾਫਕ ਮੀਤਾ
ਘਰ ਤੇ ਛੋਡਿ ਗਿਆ ਚੁਪ ਕੀਤਾ, ਕਾਮਨ ਜਹਰ ਪਿਆਲਾ ਪੀਤਾ
ਸਿਯਾਮਾ ਕਹਰ ਅਵੇਹਾ ਕੀਤਾ, ਅਵੇ ਡੂਬ ਮਰਸਾਂ ਮਾਰੀ ਭਰਮ ਦੀ ॥੭॥

ਜਬ ਕਤਕ ਜਾਗੇ ਪਾਲੇ, ਢਾਂਢੀ ਕਿਚਰਕੁ ਬੈਠੀ ਜਾਲੇ
ਖਾਤ੍ਰ ਤੇਰੀ ਬਣ ਤਿਣ ਭਾਲੇ, ਸਾਡੇ ਪੈਰੀਂ ਪੂਰ ਪੂਰ ਛਾਲੇ
ਦਿਸਦੇ ਕੋਟ ਪ੍ਰਬਤ ਕਾਲੇ, ਲੈਂਦੀ ਤੇਰੇ ਬਹੁਤ ਸਮਾਲੇ, ਪੂਜਾਂ ਠਾਕ੍ਰਰਾਂ ॥
ਅਵੇ ਮੈ ਬੈਠੀ ਵਿੱਚ ਮਹਲਾਂ, ਸਿਰ ਪਚ ਮਾਰ ਇਸ਼ਕ ਦੀ ਝਲਾਂ
ਰੋ ਰੋ ਲਿਖਾਂ ਕਿਤਾਬਤ ਘਲਾਂ, ਕਿਸਨੂ ਪਾਸ ਤੁਆਡੇ ਘਲਾਂ
ਦੇਵੇ ਬੈਠ ਤੁਸਾਨੂ ਗਲਾਂ, ਕੇਹੜੇ ਕਾਸਦਾਂ ॥
ਮੈਨੂੰ ਉਠਣੁ ਬਹਣੁ ਨ ਸੁਝੇ ਬਲ ਬਲ ਢਾਂਢਿ ਦਿਲੇ ਵਿਚਿ ਬੁਝੇ
ਰੋਜ ਕਬਾਬੁ ਇਸ਼ਕ ਦਾ ਭੁਜੇ, ਸਾਨੂੰ ਜਾਨ ਤੁਸਾਡੀ ਲੁਝੇ
ਪਿਆਰੇ ਆਵਣ ਦੀ ਕਰਿ ਕੁਝੇ, ਰਬਾ ਆਵਨ ਘਰ ਪਰਦੇਸੀ, ਮਿਲਾਂ ਮੁਸਾਫਰਾਂ ॥
ਬਰਖੁਰਦਾਰ ਨ ਭਾਵੇ ਭੋਜਨ, ਕਾਮਨ ਬ੍ਰਿਹੁ ਕੀਤੀ ਅਤ ਰੋਗਨ
ਨਿਤ ਉਠ ਰੋਂਦੀ ਦਰਦ ਬਿਓਗਨ, ਮਲਾਂ ਬਿਭੂਤ ਕਿ ਹੋਵਾਂ ਜੋਗਨ
ਕਮੁਲਾ ਯਾਰ ਨ ਮਾਨੇ ਕੋ ਗੁਣ, ਸਾਡੇ ਸਿਰ ਪਰ ਗਜਦਾ ਜੋਬਨ,
ਘਤਦਾ ਪਾਖਰਾਂ ॥੮॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਘਰ ਕਰੇ ਬਤੰਗ ਲਗਾ ਤਨਿ ਸੀਤ ਕਿ ਠਰਿਆ ਅੰਗ
ਸਿਯਾਮ ਸਭ ਸਉਨ ਪੀਆ ਕੇ ਸੰਗ ਮੇਰੇ ਮਨ ਲਗੀ ਤੀਰ ਤੁਫੰਗ
ਮਾਈ ਮੇਰਾ ਰੰਗ ਭਇਆ ਬਦਰੰਗ ਹਮੇਸਾਂ ਨਾਲਿ ਇਸ਼ਕ ਦੇ ਜੰਗ
ਕਿ ਕਰਦੇ ਖੂਨੀ ਨੈਣ ਨਿਸੰਗ ਮੇਰਾ ਤਨੁ ਪਛਿਆ ॥
ਅਵੇ ਮੈਂ ਰੋਂਦੀ ਦਿਲ ਦਰਮਾਂਦੀ ਮੈ ਦਰ ਸਾਹਿਬ ਦੇ ਫਰਿਜਾਦੀ
ਕਰਦਾ ਇਸ਼ਕ ਅਸਾਂ ਪਰਤਾਦੀ ਜਾਣੇ ਪੀੜ ਬਲਾਇ ਅਸਾਡੀ
ਬਿਰਹਾ ਹੁੰਦਾ ਕਉਣ ਬਿਯਾਧੀ ਅਵੇ ਮੈਂ ਕਾਲੇ ਬਿਸੀਅਰ ਖਾਦੀ
ਮੇਰਾ ਜੀਉ ਡਸਿਆ ॥
ਸਿਰ ਪਰ ਰੋਜ ਇਸ਼ਕ ਦੀ ਤੇਗ, ਕ੍ਰਿਸ਼ਨ ਕਰ ਕਿਰਪਾ ਅਸਾਂ ਵਲ ਦੇਖ
ਸਿਯਾਮ ਦੇ ਦੇਖਣਿ ਪਾਸ ਮਲੇਖ, ਪੁਛਾਂ ਮੁਲਾਂ ਪੰਡਤਾਂ ਸ਼ੇਖ
ਕਰਦੀ ਮਾਂਗ ਤਪਸਿਆ ਭੇਖ, ਕਰਾਂ ਤਪਸਿਆ ॥
ਬਰਖੁਰਦਾਰ ਯਾਰ ਰੋ ਰੇਜਾਂ, ਚਲਤੀ ਬਾਰ ਕਰੇ ਦਿਲ ਸੋਚਾਂ
ਲਿਖਾਂ ਕਿਤਾਬਤਿ ਕੈ ਹਥਿ ਭੇਜਾਂ, ਪਲਿ ਪਲਿ ਕਰੇ ਜੁਆਨੀ ਖੇਜਾਂ
ਬਿਰਹਾ ਸਾਂਗ ਲਾਈ ਕਰੇਜਾ, ਤਨ ਮਨੁ ਖਸਿਆ ॥੯॥

ਜਬ ਚੜਿਆ ਪੋਹ ਲਰਜ਼ੰਤ ਕਿ ਜਾਡੇ ਕਰ ਬਰਫ ਪਰ ਜੰਮ
ਸਾਨੂ ਨਿਜ ਜਣੇਦੀ ਅੰਮ, ਉਠਣੁ ਬਹਿਣੁ ਨ ਭਾਵੇ ਕੰਮੁ
ਦਿਲ ਵਿਚਿ ਸਿਕ ਨ ਸੂਲਾਂ ਸਮ, ਰੋਂਦੀ ਹਾਂ ਲਾਇ ਗਲੇ ਵਿਚ ਥੰਮ
ਨ ਸੇਜੇ ਸਉਨੀਆਂ ॥
ਮੇਰਾ ਜੀਵਣੁ ਝੂਠੁ ਕਿ ਮਰਣਾ ਸਚੁ, ਮੇਰੀਆਂ ਪਸੁਲੀਆਂ ਧਨਿ ਕਚੁ
ਕਾਮਨ ਬ੍ਰਿਹੁ ਕਢੇ ਸਭਿ ਰਛ, ਜਿਉਂ ਜਲ ਬਾਝੋਂ ਤੜਫੇ ਮਛੁ
ਨਿਕਲ ਜਾਂਦੀ ਜਾਨ ਨ ਸਚ, ਘੁਮਰ ਵਿਚਿ ਪਾਨੀਆਂ ॥
ਜਾਨੀ ਆਵੇ ਨਾਹੀ ਪਾਸ, ਕਾਮਨ ਭਰਦੀ ਉਭੇ ਸਾਸ
ਰੋਂਦੀ ਫਿਰਦੀ ਚਿਤ ਉਦਾਸ, ਰਤੀ ਰਤੁ ਨ ਮਾਸਾ ਮਾਸ
ਨਿਕਲ ਜਾਨ ਨ ਮੇਰੇ ਸਾਸ, ਚੁਕ ਨ ਜਾਨੀ ਮੇਰੀ ਆਸ
ਲਹੂਏ ਰੋਂਦੀਆਂ ॥
ਬਰਖੁਰਦਾਰ ਕਦਹੂੰ ਪੀਅ ਆਵਨ, ਚਉਂਕ ਪੂਜਾਂ ਗੁਰ ਦਰ ਕਾਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਤ ਉਠ ਨਿਉਂਦ ਖੁਲਾਵਾਂ ਬਾਹਮਣ, ਸਤਿਗੁਰ ਨਾਹਿ ਅਸਾਡਾ ਜਾਮਨ
ਦੇਖਾਂ ਪਕੜਾਂ ਤੇਰਾ ਦਾਮਨ, ਕਮਲੀ ਹੋਨੀਆਂ ॥੧੦॥

ਜਬ ਚੜ੍ਹੇ ਮਾਘ ਦਿਨ ਸਰਦ, ਪੀਆ ਬਿਨ ਰਹੇ ਅਕੇਲੀ, ਫਰਦ
ਕਿ ਸੁਰਖੀ ਗਈ ਭਇਆ ਰੰਗ ਜ਼ਰਦ, ਕਲੇਜੇ ਲਗੀ ਜ਼ਹਰ ਦੀ ਕਰਦ
ਕਿ ਸਾਨੂ ਸਿਯਾਮ ਦਰਦਿ ਬੇ ਦਰਦਿ, ਕੀਤੀ ਹਾਂ ਮਾਰ ਇਸ਼ਕ ਨੇ ਗਰਦ
ਕਿ ਜਾਣਾ ਪਾਸਾ ਢਲੇ ਕਿ ਨਰਦ, ਖੜੀ ਪੁਕਾਰਦੀ ॥
ਸਿਰ ਬਾਦਲ ਰੂਪ ਗਰਜਨ, ਸਿਕਦੇ ਨੈਣ ਆਵਨਿ ਘਰ ਸਾਜਨ
ਭਰਕੇ ਅੰਗ ਮਿਲਨਗੇ ਸੁਰਜਨ, ਦੇ ਸ਼ਗਨ ਸਿਯਾਮ ਗਲ ਲਗਨ
ਕਾਗ ਉਡਾਵੰਦੀ ॥
ਪਿਆਰੇ ਮਿਲਸਨ ਆਜ, ਪੜੀ ਬੀਚਾਰ, ਨ ਨਿਕਸ ਅਵਾਜ਼
ਪਿਆਰੇ ਆਵਨ ਮੁਝ ਕੂ ਯਾਦ, ਰਹੇ ਮਤਲਾਜ਼, ਜੁ ਹੁੰਦੇ ਕਾਜ
ਕਰਾਂ ਮੈ ਰਾਜ, ਕਿ ਸ਼ਗਨ ਬਿਚਾਰਦੀ ॥
ਬਰਖੁਰਦਾਰ ਏਹ ਕਉਣ ਹਾਸਾ, ਦੁਨੀਆਂ ਦੇਖਨਹਾਰ ਤਮਾਸਾ
ਪੁਛੇ ਨਾਹੀ ਮੇਰੀ ਆਸਾ, ਮੇਰੇ ਤਨ ਰਤੀ ਮਾਸੁ ਨ ਮਾਸਾ
ਲਾਵਾਂ ਤੇਲ ਨ ਪਹਿਰਾਂ ਖਾਸਾ, ਕਾਮਨ ਤੇਂਡਾ ਜੀਉ ਪਿਆਸਾ
ਖਾਤ੍ਰ ਯਾਦ ਦੀ ॥ ੧੧॥

ਜਬ ਚੜਿਆ ਮਹੀਨਾ ਫਾਗੁਣ, ਮਿਲਿਆ ਕੰਤ ਆਏ ਘਰ ਸਾਜਨ
ਲਾਗੇ ਦੂਖ ਦਰਦ ਸਭ ਭਾਗਨ, ਲਗੇ ਕਰਮ ਅਸਾਡੇ ਜਾਗਨਿ
ਬਿੰਦਲੀ ਮਾਂਗ ਟੀਕਾ ਝੜ ਲਾਗਨਿ, ਬਨ ਰਹੀ ਕਾਮਨੀ ॥
ਜਬ ਜੇਵਰ ਪਹਿਰੇ ਖਰੇ ਅਮੋਲ, ਘੁੰਘਰਾ ਲਾਈ ਘੋਰ
ਬਾਜਨ ਪਖਾਵਜ ਜੋਰ, ਲਟਕਦੀ ਡੋਰ, ਕੂਹਕਦੇ ਮੋਰ
ਚਮਕਦੀ ਦਾਮਨੀ ॥
ਰਬ ਆਨਿ ਮਿਲਾਏ ਸਾਥੀ, ਧੋਤੇ ਬਾਲ ਮਲੇ ਮਲ ਨਾਤੀ
ਲਗਾ ਰੰਗੁ ਮੁਸ਼ਕ ਬਹੁ ਭਾਂਤੀ, ਭਿੰਨੇ ਬਾਲ ਫੁਲੇਲੇ ਛਾਤੀ
ਕਾਮਨੀ ਮਸਤ ਬਦਨ ਦਿਲ ਮਾਤੀ, ਆਇ ਖੜੀ ਸਾਮਣੇ ॥
ਬਰਖੁਰਦਾਰ ਪੀਆ ਜੁ ਪਾਇ, ਕਿ ਦੇਖੀ ਸ਼ਿਆਮ ਮਨ ਚਿਤਲਾਇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਮਨ ਲਈ ਸ਼ਿਯਾਮ ਗਲ ਲਾਇ, ਰਹੀ ਲੀਲਾ ਇਕਿ ਮਨ ਪ੍ਰਚਾਇ
ਕਿ ਸੇਜ ਸੁਹਾਵਣੀ ॥੧੨॥

●

ਆਨੰਦਘਨ

ਪਦਾਵਲੀ

੧

ਅਸਾਨੂੰ ਚੇਟਕ ਲਾਇ ਗਿਆ ਕੀ ਕਰਾਂ ਕੁਛ ਹੋਰ ਨ ਸੁਝਦਾ ।
ਸਾਂਵਲਾ ਸੋਹਨ ਮੋਹਨ ਗਭਰੂ ਇਤ ਬਲ ਆਇ ਗਿਆ ।
ਚੰਮਡ ਪਈ ਬਲਾਇ ਬਿਰਹ ਦੀ ਕਿੱਥੇ ਹਾਇ ਗਿਆ ।
ਮੁਰਲੀ-ਤਾਨ ਸੁਨਾਇ ਆਨੰਦਘਨ ਬਾਣ ਚਲਾਇ ਗਿਆ ॥
(ਪਰਜ ਕਲਿੰਗਰਾ—ਚਰਚਰੀ ਤਾਲ)

੨

ਸਾਲੂ ਵਾਲੀ ਮੁਰਲੀਵਾਲਾ ਤੈਂਡਾ ਯਾਰ ਹੈ ।
ਘਰੀ ਘਰੀ ਆਵੰਦਾ ਘੁੰਮਰ ਪਾਂਵੰਦਾ ਬਿਸਰ ਗਿਆ ਘਰ-ਬਾਰ ਹੈ ।
ਤੁਝ ਬਲ ਤਕਦਾ ਰਹਿ ਨਹੀਂ ਸਕਦਾ ਲੱਗ ਨਬੇਲਾ ਪਿਆਰ ਹੈ ।
ਮਿਹਿਰ ਨਜਰ ਮੁੜਿ ਵੇਖਨੀ ਸੋ ਯੇ ਆਨੰਦਘਨ ਦਿਲਦਾਰ ਹੈ ॥
(ਕਾਨਰੀ ਬਿਲਾਵਲ ਖਿਆਲ—ਮੂਲਤਾਲ)

੩

ਮੈਂ ਵਾਰੀ ਮੈਂ ਵਾਰੀ ਵਾਰਿ ਜਾਵੀਂ, ਵੋ ਵੋ ਵੋ ।
ਅਰਜ ਅਸਾਡੀ ਸੁਨਿ ਬ੍ਰਜਮੋਹਨ ਸੋਹਨ ਮੁਖ ਵਿਖਲਾਵੀਂ ।
ਤੁਝ ਬਾਜੂ ਅਸੀ ਖਰੀ ਵੋ ਨਿਮਾਂਨੀ ਕੀਵਾਂ ਦਿਲ ਪਰਚਾਵੀ ।
ਪ੍ਰਾਨ-ਪਪੀਹੋਂ ਦੇ ਆਨੰਦਘਨ ਰਿਮਿਝਿਮ ਰਿਮਿਝਿਮਿ ਆਵੀਂ ।
(ਅਰਗਜਾ ਪੰਚਮ—ਮੂਲਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪

ਮੁਰਲੀ ਵਾਲੇ ਨੇ ਅਸਾਡਾ ਦਿਲ ਛੀਤਾ ਨੀ ।
ਰੱਤ-ਦਿਹਾੜੇ ਕਿਥਾਂਈ ਨ ਲਗਦਾ ਕੀ ਜਾਨਾਂ ਕਿਆ ਕੀਤਾ ਨੀ ।
ਸਾਂਵਲੀ ਸੂਰਤਿ ਭਾਂਭੀ ਅੰਖੀਂ ਡਾਢਾ ਚੇਟਕ ਦੀਤਾ ਨੀ ।
ਆਨੰਦਘਨ ਬਲ ਹੋਯਾ ਪਪੀਹਾ ਇਸਕ-ਪਿਆਲਾ ਪੀਤਾ ਨੀ ॥

(ਖੰਭਾਇਚੀ—ਇਕਤਾਲਾ)

੫

ਆਂਵੀਂ ਵੋ ਆਂਵੀਂ ਵੋ ਆਂਵੀਂ ਵੋ ਮੈਂਡੇ ਕੋਲ ।
ਤੈਂਡੇ ਨਾਲ ਜਿੰਦ ਲਗੀ ਮੁਝ ਵੋ ਨਿਮਾਣੀ ਦੇ ਮਾਨ ਗੁਮਾਣੀ ।
ਕਦੀ ਤੋ ਹੰਸ ਹੰਸ ਬੋਲ
ਸਾਂਵਲੀ ਸੂਰਤਿ ਪਰ ਘੋਲ ਘੋਲ ਘੱਤੀ ਬੰਦੀ ਹਾਂ ਬਿਨ ਮੋਲ ।
ਪ੍ਰਾਨ-ਪਪੀਹੇਂ ਦੇ ਆਨੰਦਘਨ ਦਿਲ ਦੀ ਘੁੰਡੀ ਖੋਲ ॥

(ਬਿਭਾਸ ਖਿਆਲ—ਮੂਲਤਾਲ)

੬

ਸਹੋਣੀ ਮੈਂ ਕਦ ਲਗ ਇਸਕ ਛਿਪਾਵਾਂ ।
ਗੁੰਜੇ ਘਾਵ ਦਿਲਾਂ ਦੇ ਅੰਦਰ ਕਿਤ ਬਲ ਕੂਕ ਮਚਾਵਾਂ ।
ਮੁਰਲੀ ਵਾਲੇ ਨੇ ਮਾਇਲ ਕੀਤੀ ਦਾਰੂ-ਦਰਸਨ ਪਾਵਾਂ ।
ਵੇਖੇਂ ਬਾਜੂ ਜਿੰਦ ਨ ਰਹਦੀ ਕਿਸ ਬਿਧ ਇਸ ਪਰਚਾਵਾਂ ।
ਬੇਮੋਹਰਾ ਦੀ ਰਾਹਯਾਂ ਆਨੰਦਘਨ ਕੈਂਨੂੰ ਆਖਿ ਸੁਨਾਂਵਾਂ ॥

(ਗੌਰੀ ਖਿਆਲ—ਮੂਲਤਾਲ)

੭

ਦਰਦਬੰਦਾ ਨੂੰ ਦਰਦ ਘਨੇਰਾ ਹੈ ਮਾਸੂਕਾਂ ਬੇਪਰਵਾਹੀ ।
ਸੁਨ ਵੇ ਸਾਂਵਲਿਆ ਕੁੜਿਆ ਦੇ ਉਪਰ ਕੀ ਹੁਆ ਫਿਰਦਾ ਸਿਪਾਹੀ ।
ਤੈਨੂੰ ਦਰਦ ਸੁਨੇ ਦਰਸੇ ਮੈਂਡਾ ਯਾਰ ਨਿਗਾਹੀ ।
ਪ੍ਰਾਨਪਪੀਹਾ ਨੂੰ ਜਿਲਾਵੀਂ ਆਨੰਦਘਨ ਮਿਹਿਰ-ਨਜਰ ਵਾਹਵਾਹੀ ॥

(ਧਨਾਸਰੀ—ਮੂਲਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੮

ਸਾਡਰਾ ਹਾਲ ਨ ਬੁਝਦਾ ਹੈ ਗੁੱਝੀ ਗੱਲਾਂ ਕੈਨੂੰ ਆਖਿ ਸੁਨਾਵਾਂ ।
ਬ੍ਰਜਮੋਹਨ ਦੀ ਬੇਪਰਵਾਹੀਆਂ ਮਹਰਮ ਕਿਸੈ ਭੀ ਨ ਪਾਵਾਂ ।
ਦਰਦ ਦਿਵਾਨੀਆਂ ਖਰੀ ਨਿਮਾਨੀਆਂ ਕੀਵਾਂ ਦਿਲ ਪਰਚਾਵਾਂ ।
ਆਨੰਦਘਨ ਬੇਮਿਹਰਾਂ ਦੀ ਹਾਂਜੀ ਅਸੀ ਵੇ ਰੋ ਰੋ ਝੜ ਲਾਵਾਂ ॥

(ਆਸਾਵਰੀ—ਮੂਲਤਾਲ)

੯

ਮਿਠਬੋਲਨ ਢੋਲਨ ਚੰਗੇਲਰਾ ਮਹਰ ਦਾ ਲਾਡ-ਗਹੇਲਰਾ ।
ਸਾਂਵਲਾ ਮੋਹਨ ਗੋਕੁਲ ਵਾਲਿਆ ਜਿੰਦ-ਚਹੇਲਰਾ ।
ਮੁਝ ਜੇਸੀ ਉਸਨੂੰ ਬਹਤੇਰੀ ਬੰਦੀ ਦਾ ਅਕੇਲਰਾ ।
ਪ੍ਰਾਣ-ਪਪੀਹਾਂ ਦਾ ਆਨੰਦਘਨ ਖਰਾ ਨਵੇਲਰਾ ॥

(ਰਾਮਕਲੀ—ਮੂਲਤਾਲ)

੧੦

ਅਬੇ ਬੰਸੀ ਵਾਲਿਆ ਕਾਹਨ ਗੁਵਾਲਿਆ
ਕਦੀ ਤੋ ਸਾਨੂੰ ਭੀ ਮੁਖ ਵਿਖਲਾਵ ।
ਮੈਂਡਰੀ ਜਿੰਦ ਤੁਸਾਡੇ ਨਾਲ ਲਗੀ
ਮੈਂ ਘੋਲੀ ਬ੍ਰਜਮੋਹਨ ਮਤਵਾਲਿਆ ॥

(ਸੋਹਨੀ—ਮੂਲਤਾਲ)

੧੧

ਅਨੀ ਦਿਲਜਾਨ ਢੋਲਨ ਪਾਇਆ
ਰੱਬੇ ਕੀਤਾ ਸਾਡਰੇ ਦਿਲਦਾ ਭਾਇਆ ।
ਬ੍ਰਜਮੋਹਨ ਆਨੰਦਘਨ ਪਿਆਰਾ
ਪਪੀਹਾਂ ਦੇ ਘਰ ਆਇਆ ॥

(ਈਮਨ ਬਿਹਾਗ ਖਿਆਲ—ਚਰਚਰੀ ਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੨

ਕਿਉਂ ਮੀਆਂ ਮੈਂ ਤੈਂਡੀ ਬੇਂਦੀ
ਸਾਨੂੰ ਭੀ ਨਿਬਾਹਿ ਲੈਂਵੀਂ ।
ਦਰਸ ਦਿਖਾਵੀਂ ਨਾ ਤਰਸਾਵੀਂ
ਆਨੰਦਘਨ ਪਿਆਰੀਆਂ ਪ੍ਰਾਨਪਪੀਹੇਂ ਦੀ ਕੀ ਆਹਿ ਲੈਂਵੀਂ ॥
(ਏਮਨ ਖਿਆਲ—ਮੂਲਤਾਲ)

੧੩

ਚੋ ਵੇ ਦਰਸ ਦਿਖਾਵੀਂ ਤਾ ਮੈਂ ਘੋਲੀ ਘੋਲੀ ਜਾਵੀਂ ।
ਸੁਣ ਵੇ ਸਾਂਵਲਿਆ ਗੋਕੁਲ-ਵਾਲਿਆ ਦੀਨਾ ਨੂੰ ਨ ਤਰਸਾਵੀਂ ॥
(ਧਨਾਸਰੀ-ਮੂਲਤਾਲ)

੧੪

ਘੁੰਮਰ ਪਾਂਵਦੀ ਜਿੰਦ ਤੁਸਾਂ ਨਾਲ ਵੇਖਨ ਰੰਗਲਾ ਚੰਗਲਾ ਜਮਾਲ ।
ਬ੍ਰਜਮੋਹਨ ਆਨੰਦਘਨ ਪਿਆਰਿਆ ਨਿਪਟ ਗਰੀਬ ਪਪੀਹਾਂ ਨੂੰ ਪਾਲ ॥
(ਟੋਡੀ ਖਿਆਲ—ਚਰਚਰੀ ਤਾਲ)

੧੫

ਸੁਨ ਬੇ ਬੇਪਰਵਾਹ ਨਿਮਾਣੀਂ ਦਾ ਹਾਲ ਨ ਬੁਝਦਾ ।
ਪ੍ਰਾਣ-ਪਪੀਹਾਂ ਨੂੰ ਆਨੰਦਘਨ ਤੁਝ ਬਾਜੂ ਹੋਰ ਨ ਸੁਝਦਾ ॥
(ਸੋਹਨੀ—ਇਕਤਾਲਾ)

੧੬

ਅਬੇ ਸਾਡੇ ਦਿਲ ਦੀ ਮੁਰਾਦ ਪੁਜਾਈਂ ।
ਸਾਂਵਲੇ ਸਜਨ ਸਾਂਈ ਜਿੰਦ ਨਿਮਾਨੀ ਤਪਦੀ ।
ਆਨੰਦਘਨ ਸੋਹਨ ਮੁਖ ਚੁਕ ਬਿਖਲਾਂਈ ਮਿਹਿਰ ਨਜਰ ਬਰਸਾਈਂ ॥
(ਸੋਹਨੀ—ਜਾਮਾਤਾਲ)

੧੭

ਵੇ ਵੇ ਸਾਨੂੰ ਨ ਤਰਸਾਈਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿੰਦ ਕੀਤੀ ਕੁਰਬਾਨ ਤੈਂਡੇ ਦਮ ਊ-ਪਰ ਸਾਂਵਲ ਸਾਂਈ ।
ਪ੍ਰਾਨ-ਪਪੀਹਾਂ ਦੇ ਆਨੰਦਘਨ
ਹਾ ਬੇ ਮੇਹਰ ਨਜਰ ਬਰਸਾਂਈ ਇਤ ਬਲ ਆਈ ਘੋਲ ਘੁਮਾਂਈ ॥
(ਸੋਹਨੀ—ਮੂਲਤਾਲ)

੧੮

ਮੈਂਡਾ ਦਿਲ ਤੈਨੂੰ ਲੋੜੈ ਤੂ ਕਿਉਂ ਮੁਖੜਾ ਮੋੜੈ ।
ਇਸ ਵੇ ਨਿਮਾਨੀ ਨੂੰ ਬਿਰਹ ਸਿਕੈਂਦਾ ਤੈਨੂੰ ਕੀ ਪਰਵਾਹ
ਆਨੰਦਘਨ ਬੜਾ ਤਿਨਾ ਦਾ ਭਾਗ ਜਿਨਾ ਨਾਲ ਤੁਸੀ ਵੇ ਮੋਹਬਤ ਜੋੜੈ ॥
(ਧਨਾਸਰੀ—ਇਕਤਾਲਾ)

੧੯

ਆਵੀਂ ਓ ਤੂ ਆਵੀਂ ਜਾਨ ਮੈਂਡਰੀ ਗਲੀਆਂ ।
ਬ੍ਰਜਮੋਹਨ ਤੈਂਡੇ ਦਰਸ ਪਿਆਸੀਆਂ ਪੈਂਡਰਾ ਉਡੀਕਾਂ ਖਲੀਆਂ ॥
(ਤਥਾ)

੨੦

ਸੁਣ ਸੁਣ ਵੇ ਗੁਮਾਂਨੀਆਂ ਮੋਹਨ ਪਿਆਰਿਆ ਚਲਦਾ ਕਿਉਂ ਨਹੀਂ ਰਾਹੋਂ ।
ਰੱਬੇ ਦੀ ਬਲ ਨਜਰ ਨ ਕਰਦਾ ਨ ਡਰਦਾ ਗਰੀਬਾਂ ਦੀ ਆਹੋਂ ॥
(ਗੰਧਾਰ—ਮੂਲਤਾਲ)

੨੧

ਆਂਵੋ ਸਾਂਵਲਰਾ ਮੈਂਡੀ ਜਾਨ ।
ਵੇਖਣ ਕਾਰਣ ਅਖੀਆ ਤਪਦੀਂ ਰੱਤ-ਦਿਹਾੜੇ ਤੈਂਡਾ ਧਿਆਨ ।
ਮੁਰਲੀ ਸੁਨਾਇ ਸਾਂਨੂੰ ਚੇਟਕ ਲਾਇਆ ਸੋਹਨ ਸਜਨ ਸੁਜਾਨ ।
ਪ੍ਰਾਨ-ਪਪੀਹੋਂ ਦੇ ਆਨੰਦਘਨ ਬੰਦੀ ਹਾਂ ਕੁਰਬਾਨ ॥
(ਗੰਧਾਰ ਖਿਆਲ—ਮੂਲਤਾਲ)

੨੨

ਸਾਂਵਲਾ ਦਿਲਜਾਨ ਮੈਂਡਾ ਹੈ ।
ਪ੍ਰਾਨ-ਪਪੀਹੋਂ ਦਾ ਆਨੰਦਘਨ ਸੋਹਨ ਸਜਨ ਸੁਜਾਨ ॥
(ਏਮਨ ਥਿਹਾਗ ਖਿਆਲ—ਚਰਚਰੀ ਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੩

ਸਭਨਾ ਨਾਲ ਤੈਂਡਾ ਨੇਹ ਨਵੇਲਰਾ ।
ਸਾਡਰੇ ਪ੍ਰਾਨ-ਪਪੀਹੌਂ ਦਾ ਆਨੰਦਘਨ ਪਿਆਰਿਆ ਲੱਗਾ ਇਸਕ ਅਕੇਲਰਾ ॥

(ਏਮਨ—ਮੂਲਤਾਲ)

੨੪

ਢੋਲਨ ਵੇਖਾਂਹੀਂ ਜੀਵਾਨੀ ।
ਨੈਨ ਪਿਆਲੇ ਭਰਿ ਭਰਿ ਸੇਯੇ ਰੱਤ-ਦਿਹਾੜੇ ਮੈਂ ਪੀਵਾਨੀ ॥

(ਪਰਜ—ਮੂਲਤਾਲ)

੨੫

ਨਿਮਾਨੀਆਂ ਤੁਝ ਬਿਨਾ ਅਸੀ ਹੁਈਆਂ ।
ਦਰਸ ਦਿਖਾਵੀਂ ਆਨ ਜਿਵਾਵੀਂ ਨਾਤਰ ਏਵੀ ਮੁਈਆਂ ॥

(ਤਥਾ)

੨੬

ਤੈਂਡੇ ਨਾਲ ਲਗੀ ਹੋ ਜਿੰਦ ਨਿਮਾਂਣੀ
ਕਿਤ ਬਲਿ ਕੂਕਾ, ਕੋਈ ਨਹੀਂ ਸੁਣਦਾ, ਸਾਡੀ ਦਰਦ ਕਹਾਣੀ
ਜੋ ਮੁੜਿ ਵੇਖੈ ਤੋਸੀ ਜੀਵਾਂ, ਮਾਂਨ ਨ ਕਰਿ ਬੇ ਗੁਮਾਨੀ
'ਆਨੰਦਘਨ' ਹੁਨ ਨ ਤਰਸਾਂਵੀ; ਬਾਰੀ ਬਾਰੀ ਓ ਦਿਲਜਯਾਨੀ ॥

(ਤਿਤਾਲ)

ਇਸ਼ਕ ਲਤਾ

੧

ਸਜਨ ਸਲੋਨਾ ਯਾਰ ਨੰਦ ਦਾ ਸੋਹਨਾ ।
ਰਸਿਕ ਬਿਹਾਰੀ ਛੈਲ ਸੁ ਮਨਮਥ—ਮੋਹਨਾ ।
ਦਿਖਲਾਵੋ ਮੁਖਚੰਦ ਸੁ ਝਾਂਕੀ ਪਿਆਰਿਆ ।
ਆਨੰਦ-ਜੀਵਨ ਜਿਆਨ ਅਸਾਡੀ ਜਯਾਰਿਆ । ੬ ॥

(ਅਰੱਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨

ਕੀ ਕੀ ਖੂਬੀ ਕਹੈ ਤੁਸਾਡੀ ਹੋ ਹੋ ਹੋ ਹੋ ਹੋਰੀ ਹੈ।
ਬੂਕਾ ਬੰਦਨ ਅਗਰ ਕੁਮਕੁਮਾ ਭਰੈ ਗੁਲਾਲਨ ਝੋਰੀ ਹੈ।
ਆਨੰਦ-ਰੰਗ ਘਨੇ ਸੇ ਭਿਜਵੈ ਹਾਥ ਲੀਏ ਪਿਚਕਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ, ਜਿੰਦ ਅਸਾਡੀ ਜਯਾਰੀ ਹੈ ॥੧੩॥
(ਮਾਂਝ)

੩

ਅਹੋ ਅਹੋ ਨੰਦ—ਨੰਦ ਸਾਂਵਰੇ ਛਿਨ ਛਿਨ ਬਾਨਕ ਨਿਆਰੀ ਹੈ।
ਔੜ੍ਹੇ ਜਰਦ ਦੁਸਾਲਾ ਯਾਰਾਂ ਕੇਸਰ ਕੀ ਸੀ ਕਿਆਰੀ ਹੈ।
ਆਨੰਦਘਨ ਹਿਤ-ਪਿਆਰੇ ਜਯਾਨੀ ਮੂਰਤ ਲਗਦੀ ਪਿਆਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੧੪॥
(ਮਾਂਝ)

੪

ਸਜਨ ਸਨੇਹੀ ਯਾਰ ਨੰਦ ਦੇ ਏਤੀ ਕਿਆ ਮਗਰੂਰੀ ਹੈ।
ਦਰਦਬੰਦ ਦਰਸਨ ਦੀ ਖਾਤਰ ਬੰਦਾ ਹੁਕਮ ਹਜ਼ੂਰੀ ਹੈ।
ਬ੍ਰਜਮੋਹਨ ਘਨਆਨੰਦ ਤੈਂਡੀ ਰੀਤਿ ਅਟਪਟੀ ਨਯਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੧੫॥
(ਮਾਂਝ)

੫

ਜਿਗਰ ਜਾਨ ਮਹਬੂਬ ਅਮਾਨੇ ਕੀ ਬੇਦਰਦੀ ਦੈਂਦਾ ਹੈ।
ਪਾਕ ਦਿਲਾਂ ਦੇ ਅੰਦਰ ਧਸਕਰ ਬੇਨਿਸਾਫ ਦਿਲ ਲੈਂਦਾ ਹੈ।
ਆਨੰਦਘਨ ਹੋ ਪ੍ਰਾਨ-ਪਪੀਹਾ ਨਿਸਦਿਨ ਸੁਧ ਨ ਬਿਸਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੧੮॥
(ਮਾਂਝ)

੬

ਦਿਲ ਪਸੰਦ ਦਿਲਦਾਰ ਯਾਰ ਤੂ ਮੁਜਨੂੰ ਕੀ ਤਰਸਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਤਿ-ਦਿਹਾੜੇ ਤਲਬ ਤੁਸਾਡੀ ਅਕਲ ਇਲਮ ਉਡਾਂਦਾ ਹੈ।
ਮੈਨੂੰ ਧਿਆਨ ਆਨਿ ਨਹਿ ਜਾਨੀ ਤੂ ਘਨ-ਕੁੰਜ-ਬਿਹਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੧੯॥
(ਮਾਂਝ)

੭

ਨੰਦ ਮਹਰ ਦਾ ਕੁੰਵਰ ਕਨਈਆ ਮੈਂਡਾ ਜੀਵਨ ਜਾਨੀ ਹੈ।
ਬਿਸਰੈ ਨਹੀਂ ਰੈਨ ਦਿਨ ਜੀ ਸੇ ਪਿਆਰਾ ਪ੍ਰੀਤਮ ਪ੍ਰਾਨੀ ਹੈ।
ਦੀਜੈ ਇਨਹੀ ਅਸਾਨੂੰ ਝਾਂਕੀ ਆਨੰਦਘਨ ਗਿਰਧਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੨੦॥

੮

ਰਹੋ ਖੁਸੀ ਮਹਬੂਬ ਨੰਦ ਦੇ ਮਨਮਾਨੇ ਤਿਤ ਜਾਵੋ ਜੂ।
ਕਦੀ ਕਦੀ ਘਨਆਨੰਦ ਜਾਨੀ ਇਨ ਗਲੀਅਨ ਭੀ ਆਵੋ ਜੂ।
ਆਸ ਲਗੀ ਅਖੀਆਂ ਨੂੰ ਯਾਰਾਂ ਦੀਜੈ ਝਾਂਕੀ ਪਿਆਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾੜੀ ਜਯਾਰੀ ਹੈ ॥੨੧॥
(ਮਾਂਝ)

੯

ਬਾੜ੍ਹੀ ਗਾੜ੍ਹੀ ਪੀਰ ਕਰੇਜੇਂ ਆਇਕੇ।
ਮੋਹਨ ਮਨ ਹਰ ਲੀਆ ਸੁ ਬੈਨ ਬਜ਼ਾਇਕੇ।
ਲੱਗਾ ਮੈਨੂੰ ਤੀਰ ਇਸਕ ਦਾ ਖੂਬ ਹੈ।
ਆਨੰਦ-ਜੀਵਨ ਜਾਨ ਕਾਨ ਮਹਬੂਬ ਹੈ ॥੨੨॥
(ਅਰੱਲ)

੧੦

ਖੈਂਚਤ ਹੈ ਤੁਵ ਡੋਰਿ ਕਿਧੋਂ ਮਨ ਮੈਂਡੜਾ।
ਰਹੈ ਅਸਾਨੂੰ ਚਾਵ ਨੰਦ ਦੇ ਤੈਂਡੜਾ।
ਖੜਾ ਉਡਾਵਤ ਚੰਗ ਸੁਰੰਗ ਅਜੂਬ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਨੰਦ-ਜੀਵਨ ਜਾਨ ਕਾਨ ਮਹਬੂਬ ਹੈ ॥੩੦॥
(ਅਰੱਲ)

੧੧

ਆਨੰਦ ਕੇ ਘਨ ਤੁਮ ਬਿਨਾ, ਮੁਜਨੂੰ ਨਹਿੰ ਭਾਵੈ।
ਨੈਨ-ਅਸਾਡੇ ਲਾਗਨੈ ਤੁਜਹੀ ਨੂੰ ਧਾਵੈ।
ਹੁਣ ਕਿਆ ਕੀਜੈ ਲਾਡਿਲੇ ਵੇਖਨ ਨਹਿ ਪਾਵੈਂ।
ਜੁਲਮ ਕਰੈਂ ਯੇ ਬਾਵਰੇ ਮੁਜਨੂੰ ਤਰਸਾਵੈਂ ॥੩੫॥
(ਨਿਸਾਨੀ)

੧੨

ਤੈਂਡੇ ਮੁਖ ਪਰ ਤਿਲ ਅਬੇ ਅਤਿ ਖੂਨ ਕਰੰਦਾ।
ਅਲਕੈਂ ਤੈਂਡੀ ਯੌਂ ਛੁਟੀ ਦੌਂਵ ਨਾਗਿਨ ਲਸੰਦਾ।
ਤਿਲਕ ਬੀਚ ਛਾਪੇ ਅਬੇ ਦਿਲ ਕਾ ਹੈ ਫੰਧਾ।
ਚੰਦਾ ਗੋਬਿੰਦ ਸੁ ਨੰਦ ਦੇ ਘਨਆਨੰਦ-ਕੰਦਾ ॥੩੬॥
(ਨਿਸਾਨੀ)

੧੩

ਦੇ ਗਿਰੰਦ ਗਿਰੰਦਾ ਹੁਵਾ ਬੇ ਜਿੰਦ ਅਸਾਡ ਛੀਨੀ ਹੈ।
ਛਿਪ ਛਿਪ ਕਰ ਮੁਖੜਾ ਦਿਖਲਾਵੈ ਰੀਤਿ ਅਨੋਖੀ ਲੀਨੀ ਹੈ।
ਮਗਜਦਾਰ ਮਹਬੂਬ ਕਰੰਦਾ ਖੂਬ ਮਜੇ ਦੀ ਯਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੩੮॥
(ਨਿਸਾਨੀ)

੧੪

ਅਹੋ ਅਹੋ ਘਨਆਨੰਦ ਜਾਨੀ ਜਿੱਥੂੰ ਤਿੱਥੂੰ ਜਾਂਦਾ ਹੈ।
ਬੇਪਰਵਾਹੀ ਜਾਹਰ ਕਰ ਕਰ ਚਸਮਾ ਨੂੰ ਚਮਕਾਂਦਾ ਹੈ।
ਨੇਕ ਨਜਰ ਟੁਕ ਕਰਦਾ ਨਾਹੀਂ ਕੀ ਤਕਸੀਰ ਹਮਾਰੀ ਹੈ।
ਮਹਰ-ਲਹਰ ਬ੍ਰਜਚੰਦ, ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੩੯॥
(ਨਿਸਾਨੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੫

ਬ੍ਰਜਮੋਹਨ ਘਨਆਨੰਦ ਜਾਨੀ ਜਦ ਚਸਮੋਂ ਵਿੱਚ ਆਇਆ ਹੈ ।
ਇਸਕ ਸਰਾਬੀ ਕੀਆ ਮੁਜਨੂੰ ਗਹਰਾ ਨਸਾ ਪਿਲਾਇਆ ਹੈ ।
ਤਨ ਮਨ ਔਰ ਜਿਹਾਨ ਮਾਲ ਦੀ ਸੁਧਿ ਬੁਧਿ ਸਬੈ ਬਿਸਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੪੦॥
(ਨਿਸਾਨੀ)

੧੬

ਹੀਨ ਭਏ ਜਲ ਮੀਨ ਛੀਨ ਬੁਧਿ ਮੈਂਡੀ ਪੀਰ ਨ ਪਾਵੈ ਹੈ ।
ਲਾਇ ਕਲੰਕ ਯਾਰ ਅਪਨੇ ਕੂੰ ਤੈਂ ਹੀ ਛਿਨ ਮਰਿ ਜਾਵੈ ਹੈ ।
ਆਨੰਦਘਨ ਇਸ ਦਿਲ ਦੀ ਵੇਦਨ ਲਹੈ ਸੁਜਾਨ ਬਿਹਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ ॥੪੧॥
(ਨਿਸਾਨੀ)

ਫੁਟਕਲ ਪਦੇ

੧

ਨਿਮਾਣੀ ਜਿੰਦ ਲਗੀ ਬੇ ਤੈਂਡੀ ਨਾਲ ।
ਵੇਖਣੀ ਕਾਰਣ ਤਪਦੀ ਬੇ ਕਾਹਨ ਵੇਖਿ ਅਸਾਡੇ ਹਾਲ ।
ਤੁਝ ਲਗ ਮੈਂਡਾ ਕੁਝ ਬਸ ਨਾਹੀਂ ਚਲਦੀ ਜਯੋਂ ਭੀ ਤਯੋਂ ਭੀ ਕਰੀ ਬੇ ਬੇਹਾਲ ।
ਆਨੰਦਘਨ ਹੁਣ ਬੰਦੀਆਂ ਵਿਚਾਰੀਐ ਯੋਂ ਜਾਨੀ ਬੇ ਤੁਸਾਡੇ ਖਿਆਲ ॥
(ਉਲਾਂਭਾ, ਆਸਾਵਰੀ, ਇਕਤਾਲ)

੨

ਨਿਮਾਣੀਆਂ ਦੀ ਬਸਤੀ ਵੋ ਹੋਵੈ ਚੰਗੀ ਰਹੈ, ਤੈਂਡੀ ਜਾਨ ।
ਅਸੀ ਬੇ ਤੁਸਾਡੇ ਦਰਸ-ਭਿਖਾਰੀ, ਹੋਬੇ ਸੌਦਾ ਦਸਤ-ਬ-ਦਸਤੀ ।
ਤੈਂਡੇ ਬੇ ਕਾਰਣੇ ਫਿਰਣੇ ਦਿਵਾਨੇ ਹੁਸਨ-ਪਰਸਤ ਅਲਮਸਤੀ ।
ਆਨੰਦਘਨ ਬ੍ਰਜਮੋਹਨ ਜਾਨੀ ਤੈਂਡੇ ਤਲਬ ਦੀ ਮਸਤੀ ॥
(ਉਲਾਂਭਾ—ਰਾਗ ਕਾਨੜਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਗੋਪਾਲ ਪਿਆਰੇ ਭਲਾ ਕੀਆ ।
ਖਰੀ ਪਿਆਸੀ ਆਂਖੜੀਆਂ ਨੂੰ ਜੀਅ-ਜਿਆਵਨ ਦਰਸ ਦੀਆ ।
ਉਮਰ ਦਰਾਜ ਗਰੀਬਾਂ ਦੀ ਬਸਤੀ ਕੀਤੀ ਮਹਰ ਸਵਾਬਲੀਆ ।
ਆਨੰਦਘਨ ਬ੍ਰਜਮੋਹਨ ਜਾਨੀ ਕੁਰਬਾਨੀ ਮੁਖ ਵੇਖਿ ਜੀਆ ॥
(ਪ੍ਰੇਮ-ਮਿਲਨ, ਮੂਲਤਾਲ)

੪

ਜਿੰਦ ਨਿਮਾਣੀ ! ਤਪਦੀ, ਸੋਹੈਣਾ ਮੁਖ ਵੇਖ ਲਾਮੀ ਜਾਨੀ ।
ਬ੍ਰਜਮੋਹਨ ਬੇ-ਪਰਵਾਹ ਗੁਮਾਨੀ ਵੇ ਵੇ ਵੇ ਤੈਨੂੰ ਤੈਨੂੰ ਤੈਨੂੰ ਜਪਦੀ ॥
(ਸੋਹਨੀ ਤਾਲ)

੫

ਅਣੀ ਮਿਠਬੋਲਣਾ ਯਾਰ ਨਿਮਾਣੀ ਦਾ ।
ਇਤ ਬਲ ਆਂਵਦਾ ਕੂਕ ਸੁਣਾਂਵਦਾ ਮਹਰਮ-ਹਾਲ ਦਿਵਾਣੀ ਦਾ ।
ਮੁਰਲੀ ਬਜਾਂਵਦਾ ਇਸਕ ਜਗਾਂਵਦਾ ਗਾਹਕ ਹੱਥ-ਵਿਕਾਣੀ ਦਾ ।
ਆਨੰਦਘਨ ਬ੍ਰਜਮੋਹਨ ਪਿਆਰਿਆ ਮੁਝ ਬੰਦੀ ਕੁਰਬਾਣੀ ਦਾ ॥
(ਪੂਰਵ ਰਾਗ, ਈਮਨ, ਜਾਤ੍ਰਾਤਾਲ)

੬

ਤੂ ਕੀ ਜਾਣਦਾ ਵੇ ਹਾਲ ਨਿਮਾਣੀਆ ਬ੍ਰਜਮੋਹਨ ਆਨੰਦਘਨ ਬੇਪਰਵਾਹ ।
ਤੱਤੀ ਬਾਤ ਨ ਲਾਗੈ ਤੈਂਨੂੰ ਪਿਆਰੇ ਬੁਰੀ ਵੇ ਗਰੀਬਾਂ ਦੀ ਆਹ ਵਾਹ ਵਾਹ ॥
(ਈਮਨ, ਮੂਲਤਾਲ)

੭

ਅਹੋਣੀ, ਦਿਲ ਜਾਨੀ ਢੋਲਨ ਪਾਇਆ, ਰੱਬ ਕੀਤਾ ਸਾਡੇ ਹੇ ਦਿਲ ਦਾ ਭਾਇਆ ।
ਬ੍ਰਜਮੋਹਨ ਘਨ ਪਿਆਰਿਆ ਪਪੀਹਾਂ ਦੇ ਘਰ ਆਇਆ ।
(ਪ੍ਰੀਆਗਮ)

੮

ਸਾਂਵਲਾ ਸੋਹਣਾ ਮਿਠ ਬੋਲਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਰਮ ਦਿਲਜਾਨੀ ਭਉਂਰਾ ਗੁੱਝ ਗਲਾਂ ਦੀ ਘੁੰਡੀਆਂ ਖੋਲਨ ।
ਜੀਵ ਜੀਵਾਂਦਾ ਗਾਵੰਦਾ ਭਾਵੰਦਾ ਆਵੰਦਾ ਨੀ ਲਟਕੇਂਦੜਾ ਢੋਲਣ ।
ਪ੍ਰਾਨ-ਪਪੀਹਾਂ ਦਾ ਆਨੰਦਘਨ ਰੱਤ-ਦਿਹਾੜੇ ਛਡਿਆ ਕੋਲਨ ॥
(ਪਰਜ ਤਾਲ ਜਾਤ੍ਰਾ)

੯

ਤੈਂਡਾ ਰੰਗ, ਲਾਡਲਾ ਕਾਹਨ ਜਸੋਦੇ । ਹੋਵੇ ਜੀਉਣ ਜਾਗਣਾ ।
ਇਸਦੀ ਬਲਈਆ ਮੈਨੂੰ ਲਗੈ ਅੰਖੜੀਆਂ ਦਾ ਲਾਗਣਾ ।
ਉਮਰ ਦਰਾਜ ਕਰੋ ਰਬ ਸੈਯਾਂ ਤੁਝ ਜੇਹੀ ਕੇਹੀ ਬਡਭਾਗਣਾ ।
ਆਨੰਦਘਨ ਬ੍ਰਜਜੀਵਨ ਪਿਆਰਿਆ ਸਭ ਸਾਨੂੰ ਰਸ-ਪਾਗਣਾ ॥
(ਪੂਰਬੀ, ਤਾਲ ਜਾਤ੍ਰਾ)

੧੦

ਤੇਰੇ ਨਾਲ ਲਗੀ ਹੋ ਜਿੰਦ ਨਿਮਾਨੀ ।
ਕਿਤ ਵਲ ਕੂਕਾਂ ਕੋਈ ਨੰਹਿ ਸੁਣਦਾ ਸਾਡੀ ਦਰਦ-ਕਹਾਨੀ ।
ਜੋ ਸੁਨ ਵੇਖਾਂ ਤੋਸੀ ਜੀਵਾਂ ਮਾਨ ਨ ਕਰ ਬੇ ਗੁਮਾਨੀ ।
ਆਨੰਦਘਨ ਹੂੰ ਤੂ ਤਰਸਾਵੀ ਵਾਰੀ ਵਾਰੀ ਓ ਦਿਲਜਾਨੀ ॥
(ਬਿਰਹਣੀ, ਕਾਨੜਾ)

●

ਨਾਗਰੀ ਦਾਸ

ਪਦ ਮੁਕਤਾਵਲੀ

੧

ਅਣੀ ਅਮਾਂ ਸਜਨ ਮੈਂਡਾ ਬੇਪਰਵਾਹੀ, ਕੈਨੂੰ ਕੂਕ ਸੁਣਾਂਵਾਂ
ਟੁਕ ਫਿਰਿਦਾ ਨਹਿ ਗਲੀ ਅਸਾਂਡੀ, ਬਿਣ ਦੇਖੈਂ ਅਕੁਲਾਂਵਾਂ
ਦਿਲ ਦੀ ਪੀਰ ਨਾ ਜਾਣੈਂ ਦਿਲਵਰ ਕਿੱਥਾ ਜੀਵ ਧਰਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਭੂਲਿ ਨੇਹ 'ਨਾਗਰ' ਸੌਂ, ਉਸ ਦਿਣ ਨੂੰ ਪਛਿਤਾਵਾਂ ॥
(ਰਾਗ ਗਉੜੀ, ਗੋਧਨੀ)

੨

ਮੈਂਡਾ ਦਰਦ ਨ ਜਾਨੈ ਹੋ ਆਪ ਬੇਦਰਦੀ
ਸੋਫੀ ਨੂੰ ਕੀ ਖਬਰ ਅਸਾਡੇ, ਗਾੜ੍ਹੇ ਇਸਕ ਅਸਰ ਦੀ
ਮੈਂ ਨਹਿੰ ਨੇਹ ਕੀਆ ਪਹਿਲੈਂ, ਵਹ ਚਲਿ ਆਯਾ ਦਿਸ ਘਰ ਦੀ
'ਨਾਗਰੀਦਾਸ' ਨੰਦ ਦੇ ਨਾਗਰ, ਮਨ ਲੀਤਾ ਮਰਦੋਂ ਮਰਦੀ ॥
(ਤਿਤਾਲ)

੩

ਯਾਰੀ ਦਾ ਕੁਪੇਚ ਮੈਂਡੇ ਨੈਨੂੰ ਦੀ ਕਮਾਈਆਂ
ਦੇਖਿ ਦੇਖਿ ਮੈਂ ਹੁਈ ਦਿਵਾਨੀ ਉਸਕੀ ਬੇਪਰਵਾਈਆਂ
ਰੈਂਨਿ ਦਿਨਾ ਸਮਝਾਇ ਰਹੀ ਹੌਂ, ਟੂਕ ਦਿਲ ਬਿਚ ਨਹਿੰ ਆਈਆਂ
'ਨਾਗਰੀਆ' ਮੋਂਹਨ ਸੋਂਹਨ ਪਰ, ਤੋ ਭੀ ਘੋਲ ਘੁਮਾਈਆਂ ॥
(ਤਿਤਾਲ)

੪

ਕਠਿਨ ਲਗਨਿ ਦਾ ਹਾਲ ਨੀ ਕੌਂਨੂ ਆਂਖਾਂ
ਜੇਹਿ ਕੁਛ ਦਿਲ ਅੰਦਰ ਬੀਤੇ, ਸੋ ਦਿਲ ਹੀ ਦਿਲ ਬਿਚ ਰਾਖਾਂ
ਮੋਹਨ ਦੀ ਗੱਲਾਂ ਬਿਨ ਕਹੀਆਂ ਘੁੰਟ ਘੁਟਣ ਦੀ ਚਾਖਾਂ
'ਨਾਗਰੀਆ' ਕੋਈ ਮਹਰਮ ਨਾਂਹੀਂ, ਬੇ ਮਹਰਮ ਹੈ ਲਾਖਾਂ ॥
(ਰਾਗ ਬਿਹਾਗੜਾ ਕਾ ਖਿਆਲ, ਇਕਤਾਲ)

੫

ਨੈਨਾਂ ਲਾਗੇ ਬੇਪਰੁਵਾਹੀ ਦੇ ਨਾਲ
ਏਕ ਪਲਕ ਭੀ ਕਲ ਨਹਿੰ ਪਾਵਾਂ, ਰਹਦਾ ਹਰਦਮ ਹਾਲ
ਦਿਨ ਦਿਨ ਜੀਦਾ ਜਯਾਨ ਅਸ਼ਾਢਾ ਉਸ ਨਾਗਰ ਦਾ ਖਿਆਲ
'ਨਾਗਰੀਆ' ਬੰਸੀ ਵਾਲੇ ਦਾ ਇਸਕ ਨਹੀਂ ਜੰਜਾਲ ॥
(ਤਿਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬

ਅਣੀਂ ਸਿਰ ਧੁੰਨਿ ਧੁੰਨਿ ਰਹਾਂ, ਕੈਨੂੰ ਕਹਾਂ, ਸਹਾਂ ਪੀਰ
ਜਮੁਨਾ ਦੇ ਤੀਰ ਹੈ ਸੁਨੇਂਦੀ ਬੰਸੀ ਬਾਜਦੀ
ਸਾਂਵਲਾ ਸੋਂਹਨਾ ਗਵਾਲਾ, ਲੈਂਦਾ ਮਨ ਮੁਰਲੀ ਵਾਲਾ
ਸੁਨਿ ਬੀਤੈ ਹਾਲਾ, ਸੋ ਗਲ ਕੈਨੂ ਆਖਾਂ ਲਾਜ ਦੀ
ਅਧਰੋਂ ਦਾ ਅਮ੍ਰਿਤ ਰਸ ਲੈਂਦੀ, ਛਿਣੁ ਭੀ ਬੈਂਨ ਨ ਮੌਂਨ ਗਹੈਂਦੀ
ਸੁਣਿ ਸੁਣਿ ਹਮ ਨ ਸਹੇਂਦੀ, ਵਹ ਸੌਤਿ ਸੀਸ ਪਰ ਗਾਜਦੀ
'ਨਾਗਰੀਆ' ਜਿੰਦ ਦੁਹੇਲੀ, ਸੀਨੇ ਦੇ ਬੀਚ ਤਾਲਾਬੇਲੀ
ਚੈਨ ਨ ਪਾਵਾ ਰੈਂਨਿ ਅਕੇਲੀ, ਦੂਭਰ ਘਰੀ ਆਜ ਦੀ
(ਤਿਤਾਲ)

੭

ਮੈਂ ਕੀ ਜਾਂਣੂ ਕਮਲੀ ਪੈਰਣਾਂ, ਵੋ ਇਸਕ ਕਹਰ ਦਰਿਆਵ
ਮੁਜ ਧੀਰਜ ਦੀ ਬਿਚੁ ਪਈ, ਝਕਝੋਂਕਾ ਖਾਂਦੀ ਨਾਵ
ਬੇਪਰਵਾਈ ਯਾਰ ਦੀ, ਚਲੈ ਬੁਰਾ ਪਵਨ ਪੁਰਵਾਵ
'ਨਾਗਰ' ਏਕ ਮਲਾਹ ਬਿਹੂਣਾ, ਸਬ ਹੀ ਦਾਵ ਕੁਦਾਵ
(ਇਕਤਾਲ)

੮

ਜਰਦ ਦੁਪੱਟੇ ਵਾਲਾ ਨੀ ਸਾਂਵਲਾ
ਕੈਫ ਭਰੀ ਸੀ ਭੌਂਹੇਂ ਚੜ੍ਹੀਆਂ, ਸਿਰ ਕਲਗੀ, ਉਰ ਮਾਲ਼ਾ
ਬਿਨ ਦੇਖੈਂ ਦੁਖ ਦੇਤ ਅਮਾਨੀ, ਮੋਹਨ, ਸੋਹਨ ਗਵਾਲਾ
'ਨਾਗਰੀਦਾਸ' ਦਿਵਾਨੀ ਅੰਖੀਆਂ ਫਿਰਿ ਪੀਆ ਇਸਕ ਪਿਆਲਾ ॥
(ਇਕਤਾਲ)

੯

ਜੋਗੀਆ ਤੋਰੈਂ ਕੌਨ ਟੇਵ ਪਰੀ
ਭਿੱਛਾ ਦੇਂਦੀ, ਲੈਂਦਾ ਨਾਂਹੀ, ਆਵਤ ਘਰੀ ਘਰੀ
ਪਲ ਨਹਿੰ ਟਾਰਤ, ਹੇਰਿ ਰਹਤ ਮੁਖ, ਆਂਖੋਂ ਲੋਭ ਭਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨਾਗਰ' ਸਯਾਮ ਚਬਾਵ ਚਲੈਗੋ, ਯਾ ਜੂ ਬੂਰੀ ਨਗਰੀ।
(ਇਕਤਾਲ)

੧੦

ਜਾਲਿਮ ਯਾਰ ਹੋ ਐਸੀ ਕਿਨ ਬਦੀ
ਇਸਕ ਲਗਾਇ ਖਬਰ ਨਹਿੰ ਲੀਤੀ, ਅਬ ਕਰ ਦੇ ਮੁਟ ਮਰ ਦੀ
ਅਪਨੇਂ ਸੁਖ ਸਵਾਰਥ ਦੇ ਲਾਭੀ, ਨ ਜਾਨੈਂ ਔਰ ਕ ਕਰਦੀ
'ਨਾਗਰੀਦਾਸ' ਮੋਹਨਾਂ ਪਿਆਰੇ, ਭਲੇ ਕੜੇ ਬੇਦਰਦੀ ॥
(ਤਿਤਾਲ)

੧੧

ਗੋਰੀ ਲਟਕੰਦੀ ਚਲੈ ਜੋਬਨਾ ਦੇ ਭਾਰ
ਕਰਦੇ ਕਹਰ ਕਮਰ ਨਾਜਕ ਪਰ, ਸਿਰ ਸਟਕਾਰੇ ਬਾਰ
ਮਤਵਾਲੀ ਅੱਖੀਆਂ ਜੁ ਨਿਮਾਂਣੀ, ਕਰੈਂ ਨਜਰਿ ਬਰਛੀ ਦਾ ਵਾਰ
'ਨਾਗਰੀ' ਨਵਲ ਅਜਬ ਮਹਰੇਟੀ, ਮੋਹਨ ਦੀ ਦਿਲਚੰਗੀ ਯਾਰ
(ਤਿਤਾਲ)

੧੨

ਮੋਹਨਾਂ ਮਨ-ਭਾਂਵਨਾਂ ਮੇਰਾ ਵੋ
ਆਂਖੜੀਆਂ ਉਦਮਾਦੀਆਂਈ ਰਹੈਂ, ਮੁਖ ਵੇਖਣ ਦਾ ਚਾਵ ਘਨੇਰਾ ਵੋ
ਉਠਦੀ ਦਿਲ ਬਿਚ ਦੁਖ ਕਲਮਲੀਆਂ, ਜਬ ਗਲੀਆਂ ਟੁਕ ਆਵੈ ਅਬੇਰਾ ਵੋ
'ਨਾਗਰ' ਦਿਲ ਦਾ ਦਰਦ ਨ ਬੁਝਦਾ, ਕੌਂਨ ਕਰੈਂ ਯਹ ਨਿਆਵ ਨਵੇਰਾ ਵੋ॥
(ਤਿਤਾਲ)

੧੩

ਕੀ ਕਰਾਂ ਮੈਂ, ਰੈਨ ਬਿਹਾਨੀ, ਨੀਂਦ ਨ ਆਵੈ
ਵਹੀ ਰੂਪ ਆਂਖੜੀਆਂ ਆਗੈਂ, ਆਨਿ ਆਨਿ ਮੰਡਰਾਵੈ
ਮੈਂਡਾ ਹਾਲ ਨ ਬੁਝਦਾ ਮੋਹਨ, ਸੋਂਹਨ ਬੇਪਰਵਾਹ ਕਹਾਵੈ
'ਨਾਗਰੀਆ' ਸਾਈਂ ਨ ਕਿਸੀ ਕੌਂ, ਇਸਕ-ਫੰਧ ਬਿਚ ਲਾਵੈ ॥
(ਤਿਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੪

ਮਹਿ ਕਿਉਂ ਪਿਆਲਾ ਨੀ, ਇਸਕ ਕਾ ਪਿਆਲਾ
ਲਿਆਵ ਲਿਆਵ ਸਾਕੀ ਮਹਬੂਬਾਂ, ਹਾਇ ਹਾਇ ਮਤਵਾਲਾ
ਅਬ ਧੀਰਜ ਕੇ ਪਾਇ ਨ ਠਹਰੈਂ, ਜਾਇ ਨ ਅਮਲ ਸੰਭਾਲਾ
'ਨਾਗਰੀਆ' ਵਹ ਰੂਪ ਮੋਹਨ ਦਾ, ਗਲ ਬਿਚ ਪਿਆ ਜੰਜਾਲਾ ।।

(ਇਕਤਾਲ)

੧੫

ਅਣੀ ਮੈਂ ਜੋਗਨ ਹਇ ਕਿੱਥਾਂ ਜਾਵਾਂ, ਮਨ ਲੈ ਗਿਆ ਬੰਸੀ ਵਾਲਾ

ਦੋਹਾ

ਇਹ ਗੈਲਰੀਆਂ ਆਇ ਕੈ ਭੁਜ਼ ਪਰ ਫੂਲ ਚਲਾਇ
ਇਸਕ ਲਪੇਟੀ ਬਾਤ ਸੌਂ, ਕਛੂ ਕਹਿ ਗਿਆ ਮੁਹਿ ਮੁਸਕਾਇ
ਜਬ ਤੈਂ ਕਲ ਪਾਵਾਂ ਨਹੀਂ, ਪਲਕ ਲਗੈਂ ਦਿਨ ਰੈਂਨ
ਕਹਰ ਕਲੇਜੇ ਮੈਂ ਲਗੀ, ਉਨ ਨੈਨੂੰ ਦੀ ਸੈਂਨ
ਮਨਮੋਹਨ ਦੇ ਕਾਰਣੈਂ ਫਿਰਾਂ ਉਬਾਹਨ ਪਾਇ
ਢੂੰਡਾਂ ਗਭਰੂ ਸਾਂਵਲਾ, ਗਿਆ ਮਨਮਥ ਅਲਖ ਜਗਾਇ
ਰੂਪ ਉਜਾਗਰ ਯਾਰ ਬਿਨ, ਰੈਂਦਾ ਨਹੀ ਸਜ਼ਾਨ
ਆਵ ਗਲੈ ਲਗਿ ਭਾਂਵਤੇ ਯੇ 'ਨਾਗਰਿ' ਦਿਲ ਜਯਾਂਨ ॥

(ਤਿਤਾਲ)

੧੬

ਨੈਨਾਂ ਦਾ ਮਾਰਿਆ ਪੰਛੀ ਮਰ ਜਾਂਦਾ, ਮਾਂਨਸ ਕੌਂਨ ਬਿਚਾਰਾ

ਦੋਹਾ

ਪੰਡਿਤ ਪੂਜਾ ਪਾਕ ਦਿਲ, ਯੇ ਦਿਮਾਗ ਮਤ ਲੈਾਇ
ਲਗੈਂ ਜਰਬ ਅੱਖੀਆਂਨ ਕੀ, ਸਬੈ ਗਰਬ ਉੜਿ ਜਾਇ
ਚਸਮ ਜਰਬ ਸੌਂ ਕਿਆ ਰਹੈ, ਦੀਨ ਗਰਬ ਦੀ ਤਾਬ
ਛੂਟਿ ਗਿਰੈਂ ਸਬ ਪਾਸ ਤੈਂ, ਤਸਬੀ, ਅਸਾ, ਕਿਤਾਬ
ਤਨਕ ਨ ਰਹੈ ਬਿਰਕਤਤਾ, ਲਗੈ ਦ੍ਰਿਗਨਿ ਕੀ ਥਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੂੰ ਬਟੂਵਾ, ਮਾਲਾ ਕਹੂੰ, ਕਹੂੰ ਗੀਤਾ, ਕਹੂੰ ਆਪ
ਲਗਿ ਬਰਛੀ ਤਿਰਛੀ ਨਿਗਹ, ਹੋਇਬ ਦਿਲ ਬੇਹਾਲ
ਰਹੈਂ ਧਰੇ ਹੀ ਜਹਂ ਅਬਸ, ਚਿਤ ਲੈ ਬਗਤਰ ਢਾਲ
ਗਰਵ ਉੜਾਵੈਂ ਸਰਵ ਕੇ, ਅਜਬ ਜਰਬ ਕੇ ਨੈਂਨ
ਲਗੈ ਸੋਈ ਕਹਿ ਕਹਿ ਉਠੈ, 'ਹਾਇ ਹਾਇ' ਦਿਨ ਰੈਂਨ
ਚਸਮ ਤੇਗ 'ਨਾਗਰ' ਚਲੈ, ਇਸਕ ਤੇਜ ਕੀ ਧਾਰ
ਔਰ ਕਟੈਂ ਨਹਿਂ ਵਾਰ ਸੌਂ, ਕਟੈਂ ਕਟੇ ਰਿਝਵਾਰ ॥
(ਤਿਤਾਲ)

ਉਤਸਵ ਮਾਲਾ

੧੭

ਬਾਜੈਂ ਬਧਾਈਆਂ ਬੇ, ਸਈਏ ਨੰਦ ਦੇ ਦਰਬਾਰ
ਹੁਵਾ ਸੁਤ ਸੋਹਨਾ ਬੇ, ਮਨ ਦਾ ਮੋਹਨਾਂ ਸੁਕੁਵਾਰ
ਆਈਂ ਸੁਨ ਗੋਪੀਆਂ ਬੇ, ਹਿਲਿ ਮਿਲਿ ਗਾਵਹੀ ਖੁਸਿਆਲ
ਜੁਰੇ ਸਬ ਲੋਕ ਮੰਗਨ ਬੇ, ਗੁਨੀ ਗੁਨ ਬੋਲ ਦੇਂ ਦੇਂ ਤਾਲ
ਗੁਨੀ ਦੇ ਲਾਲਾ ਨਾਚੈਂ, ਵਾਹਵਾ, ਆਂਗਨ ਪਹਪਟ ਮਾਚੈਂ, ਵਾਹਵਾ
ਨੰਦ ਦਾ ਲਾਲਾ ਜੀਵੇ, ਵਾਹਵਾ, ਦੁਧਾਂ ਅਮ੍ਰਿਤ ਪੀਵੇ, ਵਾਹਵਾ
ਖੁਸੀ ਦਿਲ ਪਾਵਾ ਝੂਮਾਂ, ਵਾਹਵਾ, ਲਲਾ ਦੀ ਤੂੰਨੀ ਚੂਮਾ, ਵਾਹਵਾ
ਉਸਦਾ ਮੰਗਲ ਗਾਵਾਂ, ਵਾਹਵਾ, ਦਾਨ ਦੁਪੱਟਾ ਪਾਵਾਂ, ਵਾਹਵਾ
ਪਾਵਾਂ ਪਟ ਦਾਨ ਮੋਤੀ ਵੋ, ਜਾਵਾਂ ਦਿਲ ਫੂਲ ਦੇ ਘਰ ਮਾਂਹ
ਅਸਾਡਾ ਹਾਥ ਟੋਡਰ ਵੋ, ਬਾਜੂ ਬੰਧ ਝੂਲਦੇ ਬਿਚੁ ਬਾਂਹ
ਤੁਜ ਪਰ ਘੋਲੀਆਂ ਵੋ, ਜਸੋਦੇ ਬੋਲੀਆਂ ਦੇਂ ਸੁਨਾਇ
ਧਨਿ ਧਨਿ ਆਜ ਦਾ ਦਿਨ ਵੋ, ਦੇਂਦੀ ਦਾਨ ਕਿਉਂ ਨ ਮੰਗਾਇ
ਮਹਰ ਨੈਂ ਦਾਨ ਮੰਗਾਇਆ, ਵਾਹਵਾ, ਕੰਚਨ ਝਰ ਬਰਖਾਇਆ ਵਾਹਵਾ
ਹੈ ਬਡਭਾਗਨ ਤੂ ਰੀ, ਵਾਹਵਾ, ਕਰੀ ਮੁਰਾਦਾ ਪੂਰੀ, ਵਾਹਵਾ
ਬੀਚ ਖੁਸੀ ਦਿਲ ਗਾਢੇ, ਵਾਹਵਾ, ਮੰਗਲਮੁਖੀ ਤੁਸਾਡੇ, ਵਾਹਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਮ ਜਨਮ ਗੁਨ ਗਾਵਾਂ, ਵਾਹਵਾ, 'ਨਾਗਰ' ਦਰਸਨ ਪਾਵਾਂ, ਵਾਹਵਾ
(ਰਾਗ ਕਾਫੀ, ਇਕਤਾਲ)

੧੮

ਅਣੀ ਕੋਈ ਸਾਂਵਲਾ ਖੇਲਨਵਾਲ
ਸੋਹਨਾਂ ਮੁਖ, ਸੋਭਾ ਜਗਮਗੀਆਂ, ਲਗੀਆਂ ਰੰਗ ਗੁਲਾਲ
ਕਰਨ ਫੂਲ ਪਰ ਫੂਲ, ਜੁਲਫ ਬਿਚ ਹਾਲ ਹਾਲ ਕਰੈਂ ਹਾਲ
'ਨਾਗਰੀਆ' ਮੇਰੇ ਆਗੈਂ ਅਦਬ ਸੌਂ, ਲੈਂ ਆਵਦਾ ਹਾਥ ਰੁਮਾਲ ॥
(ਤਿਤਾਲ)

੧੯

ਹੁਸਨ ਤਮਾਸੇ ਕਾ ਹੈ ਅਜਾਇਬ, ਹੋਲੀ ਕਾ ਖਿਲਵਾਰ
ਪਿਚਕਾਰੀ ਦਰ ਦਸਤ ਅਜਾਇਬ, ਸਜਿ ਫੈਂਟਾ ਕਜਦਾਰ
ਰੰਗ ਸਾਂਵਲਾ, ਜਰਦ ਦੁਪੱਟਾ, ਉਰ ਮਰਵਾਰਿ ਦਾ ਹਾਰ
ਹੈਂ 'ਨਾਗਰ' ਸਯਾਮਾ ਸਾਹਿਬ ਕੇ, ਯਹ ਫਰਮਾਬਰਦਾਰ ॥

੨੦

ਦਿੱਠਾ ਗਵਾਰ, ਗਾਰਿ ਸੁਰ ਮਿੱਠਾ ਗਾਵਤ ਇਸਕ ਲਪੇਟਾ
ਮਦ ਅਲਸੌਂਹੀ ਨੈਨ ਸੈਨ ਦੈਂ, ਮਾਰਤ ਮੈਨ ਚਪੇਟਾ
ਪਿਅ ਗੋਰੀ ਦਾ, ਛੈਲ ਹੋਰੀ ਦਾ, ਸੁੰਦਰ ਅੰਗ ਅੰਗੇਟਾ
'ਨਾਗਰੀ ਦਾਸ' ਦਿਵਾਨੀ ਹੁਈਆਂ, ਦੇਖਿ ਅਜਬ ਮਹਰੇਟਾ ॥
(ਰਾਗ)

੨੧

ਗਲੇ ਬਿਚ ਇਸਕ ਪਰਿਆ ਜੰਜਾਲ
ਕਿਉਂ ਮੈਂ ਗਈ ਦਿਵਾਨੀ ਪੇਖਨਿ ਨੰਦ-ਨੰਦਨ ਦਾ ਖਿਆਲ
ਮੂਹ-ਗੁਲਾਲ-ਪੂਛਣ ਨੂ ਮੋਰੇ ਲਾਇਆ ਰਿੰਦ ਰੁਮਾਲ
'ਨਾਗਰੀਦਾਸ' ਹੁਈ ਉਸ ਛਿਣ ਤੈਂ, ਸਬ ਸੁਖ ਦੀ ਹਟਤਾਲ ॥
(ਇਕਤਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੨

ਗਾਂਸ ਗੰਸੀਲੀ ਏ ਬਾਤੈਂ ਛਿਪਾਈਏ, ਇਸਕ ਨ ਗਾਈਏ, ਗਾਈਏ ਹੋਲੀਆਂ
ਗੇਂਦ ਬਹਾਨੈ ਨ ਬੀਰਾ ਚਲਾਈਏ, ਸੂਧੈਂ ਗੁਲਾਲ ਚਲਾਈਏ ਝੋਲੀਆਂ
ਲੋਗ ਬੁਰੇ ਚਤੁਰੇ ਲਖਿ ਪਾਵੈਂਗੇ, ਦਾਬੇ ਰਹੋ ਦਿਲ ਪ੍ਰੀਤ ਕਲੋਲੀਆਂ
ਪਾਂਇ ਪਰੋਂ, ਨ ਡਰੋ ਪਿਅ 'ਨਾਗਰ', ਹਾਇ ਕਰੋ ਮਤਿ ਬੋਲੀਆਂ, ਠੋਲੀਆਂ ॥

(ਰਾਗ ਅਡਾਨੋ, ਇਕਤਾਲ)

●

ਭਾਵਨਦਾਸ

੧

ਰਘੁਰਾਜ ਤਬੀਬਾ ਵੇ ਮੈਂਡੀ ਭੀ ਕਰਿ ਕਾਰੀ ॥
ਆਪੁ ਤਬੀਬ ਤੇ ਆਪ ਸਿਆਨਾ ਆਪੇ ਵੇਖੈ ਨਾਰੀ ॥੧॥ਰਹਾਉ॥
ਤੇਰੇ ਨਾਉ ਲਇਆਂ ਕੇਤੀ ਤਰਿ ਜਾਂਦੀ ਜਿਨਾਂ ਨੂੰ ਵੇਦਨ ਭਾਰੀ ॥੧॥
ਤੂੰ ਨਿਰਮਲ ਨਿਰੰਜਨ ਸੁਆਮੀ ਮੈ ਪਾਪਨਿ ਅਤਿ ਵਿਕਾਰੀ ॥੨॥
ਨੈਂ ਭੀ ਡੂੰਘੀ ਤੁਲ੍ਹਾ ਪੁਰਾਣਾ ਮੈ ਬੰਦੀ ਅਣਤਾਰੀ ॥੩॥
ਆਪ ਮਲਾਹ ਆਪਿ ਬੇੜੀ ਚਪਾ ਆਪੇ ਪਾਰ ਉਤਾਰੀ ॥੪॥
ਭਾਵਨਦਾਸ ਤੇਰਾ ਜਸ ਗਾਵੈ ਸੁਣਿ ਦੀਨ ਦਇਆਲ ਮੁਰਾਰੀ ॥੫॥

(ਸਿਰੀ ਰਾਗ)

੨

ਸੂਰਤ ਤੇਰੀ ਸੋਹਣੀ ਵੇ ਮੋਹਣਾ ਮੈ ਦੇਖਣ ਦੀ ਟੇਵ ॥੧॥ਰਹਾਉ॥
ਕੋਈ ਜੋ ਚੇਟਕ ਲਾਇਓ ਵਾਰੀ ਵੇ ਮੋਹਣਾ ਵਿਸਰਿਆ ਤਨੁ ਗ੍ਰੇਹ ॥੧॥
ਸਭੁ ਜਗ ਆਖੈ ਕੱਮਲੀ ਵਾਰੀ ਵੇ ਮੋਹਣਾ ਕੋਈ ਨ ਜਾਣੈ ਭੇਵ ॥੨॥
ਆਖਿਆ ਮੀ ਇਨਾਂ ਲੋਇਣਾਂ ਵਾਰੀ ਵੇ ਮੋਹਣਾ ਕਰੀਐ ਸਮਝ ਸਨੇਹ ॥੩॥
ਭਾਵਨਦਾਸ ਦੀ ਬੇਨਤੀ ਵਾਰੀ ਵੇ ਮੋਹਣਾ ਪਲਿ ਪਲਿ ਦਰਸਨ ਦੇਹਿ ॥੪॥

(ਸਿਰੀ ਰਾਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਪਾਤੀ ਮੈਨੂੰ ਹੋਰ ਨ ਕੋਈ ਸੁਨਾਵਉ ॥੧॥ਰਹਾਉ॥
ਕਰਉ ਸਖੀ ਚੰਗਿਆਈ ਮੈ ਨਾਲ ਟੂਕ ਮੋਹਣ ਆਣਿ ਮਿਲਾਵਉ ॥੧॥
ਜੀਵਉ ਜਾਨੀ ਜੀਉ ਮਹਿੰਡਾ ਮੇਰੀ ਜਾਂਨ ਜਾਂਨੀ ਵਿਚਿ ਪਾਵਉ ॥੨॥
ਦਾਰੂ ਲਾਇਆ ਲਗਦਾ ਨਹੀ ਤੁਸੀ ਕਾਹੇ ਘਸਿ ਘਸਿ ਲਾਵਉ ॥੩॥
ਭਾਵਨ ਜੋਏ ਮੈਂ ਬਿਰਹੁ ਦਿਵਾਨੀ ਟੂਕ ਝਾਤ ਅਸਾ ਕਰਾਵਉ ॥੪॥
(ਰਾਗ ਮਾਝ)

੪

ਹਮਰੀ ਜਸਮਤ ਰਾਨੀ ਖੜੀ ਆ ਸਿਆਨੀ ਤੇਰਾ ਸਾਰੰਗ ਪਾਨੀ
ਕ੍ਰਿਸਨ ਅਸਾਂ ਨਾਲਿ ਝੇਰੇ ਕਿਉਂ ॥੧॥ਰਹਾਉ॥
ਅਸੀ ਜਮਨਾਂ ਜਾਈਏ ਜਲੁ ਭਰਿ ਲਿਆਈਏ
ਵਾਟ ਹਮਾਰੀ ਪ੍ਰਭੁ ਘੇਰੇ ਕਿਉਂ ॥੧॥
ਮੋਰੀ ਬਹੀਆਂ ਮਰੋਰੇ ਮਟਕੀਆ ਫੋਰੇ
ਖਾਂਦਾ ਮਾਖਣੁ ਖਸ ਪੇੜੇ ਕਿਉਂ ॥੨॥
ਹਸਿ ਕੰਕਰ ਮਾਰੇ ਗਾਗਰ ਫੋਰੇ
ਕ੍ਰਿਸ਼ਨ ਅਸਾਂ ਨੂੰ ਛੇੜੇ ਕਿਉਂ ॥੩॥
ਹਟਕਿ ਜਸੋਧੇ ਨੰਦ ਲਾਲੇ ਮਦਨ ਗੁਪਾਲੇ
ਕ੍ਰਿਸਨ ਅਸਾਡੇ ਵੇੜੇ ਕਿਉਂ ॥੪॥
ਰਾਜਾ ਕੰਸ ਸੁਨੇਸੀ ਪਕੜਿ ਮੰਗੇਸੀ
ਪਉਸਣਿ ਵੱਡੇ ਵੱਡੇ ਝੇੜੇ ਹੁਣਿ ॥੫॥
ਭਾਵਣ ਬਿਗਸਾਨੀ ਦੇਖਿ ਸਾਰੰਗਪਾਨੀ
ਸੰਤਾਂ ਦਾ ਪ੍ਰਭ ਨੇੜੇ ਹੁਣਿ ॥੬॥
(ਰਾਗ ਤਿਲੰਗ)

੫

ਮੋਹਨ ਮਥਰਾ ਦਾ ਰਾਜਾ ਵੇ ਅਣਾਂ ਚਿਰ ਜੀਵੇ
ਸ਼ਾਮਾ ਮੋਹਿ ਲਈਆ ਬ੍ਰਿਜ ਸਾਰੀ ॥੧॥ਰਹਾਉ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰ ਮੁਕਟ ਬਿਰਾਜੇ ਵ ਅਣਾਂ ਚਿਰ ਜੀਵੇ
ਸ਼ਾਮਾ ਕੁੰਡਲ ਕੀ ਛਬਿ ਨਿਆਰੀ ।।੧।
ਬਨਿ ਧੈਨ ਚਰਾਵੈ ਵੇਅਣਾ ਚਿਰ ਜੀਵੇ
ਸ਼ਾਮਾ ਬਸੀ ਮਾਰਨਹਾਰੀ ।।੨।।
ਕੁਬਜਾਂ ਵਸ ਕਰਿ ਲਿਆ ਵੇ ਅਣਾਂ ਚਿਰ ਜੀਵੈ
ਸ਼ਾਮਾਂ ਪਾਇ ਫੁਲਾ ਗਲਿ ਹਾਰੀ ।।੩।।
ਭਾਵਨ ਸਰਨੀ ਆਇਆ ਵੇ ਅਣਾਂ ਚਿਰ ਜੀਵੈ
ਸ਼ਾਮਾਂ ਰਾਖਹੁ ਲਾਜ ਹਮਾਰੀ ।।੪।।
(ਰਾਗ ਬਰਵਾ)

੬

ਪਤਿਤ ਪਾਵਨ ਤੇਰਾ ਨਾਮੁ ਪੂਰਨ ਸਭ ਕਾਮ ਸਰਨਿ ਸੁਣਿ ਆਇਆ ॥
ਤੈਂ ਵਡੇ ਵਡੇ ਪਤਿਤ ਉਧਾਰੇ ਕੇਤੀ ਤਉ ਤਾਰੇ ਜਾਦਮ ਰਾਇਆ ॥
ਗਨਕਾ ਅਜਾਮਲੁ ਸੁਦਾਮਾ ਕੀਏ ਨਿਹ ਕਾਮਾ ਬਿਮਲੁ ਨ ਲਾਇਆ ॥
ਪੂਤਨਾ ਅਧਮ ਉਧਾਰੀ ਸਿਰੀ ਗਿਰਧਾਰੀ ਕਪਟ ਮਿਟਾਇਆ ॥
ਧੂਮਕੇਤ ਜੇਹੇ ਤਾਰੇ ਅਧਮ ਉਧਾਰੇ ਕੰਧੀ ਲਾਇਆ ॥
ਉਹੋ ਬਿਰਦੁ ਜਨਾਇ ਨਹੀ ਭਟਕਾਇ ਭਵਣ ਸਰਨਾਇਆ ॥੧॥
ਸਰਨਾਈ ਸਮਰਥ ਕਿ ਦੇ ਰਖ ਹਥ ਨ ਵਹਣ ਲੁੜਾਈਏ ॥
ਤੂੰ ਕਰੁਨਾ ਦੀ ਨਿਧਿ ਸਾਰੀ ਸ੍ਰੀ ਗਿਰਧਾਰੀ ਕੰਧੀ ਲਾਈਏ ॥
ਅਪਨੀ ਚਾਲਿ ਸਮਾਲਿ ਬਿਰਧ ਪ੍ਰਤਿਪਾਲ ਨਹੀਂ ਭਟਕਾਈਏ ॥
ਮੈਂਡਾ ਅਉਗੁਣ ਕੋਈ ਨ ਫੋਲੁ ਕਜਿਆ ਰਖ ਕੋਲੁ ਭਵਣ ਸਰਨਾਈਏ ॥੨॥
ਸਰਨਾਈ ਪ੍ਰਤਿਪਾਲ ਸ੍ਰੀ ਮਦਨ ਗੁਪਾਲੁ ਗੁਹਰੁ ਨ ਲਾਈਏ ॥
ਰਖਿਆ ਕੀਜੈ ਆਇ ਬਿਲਮੁ ਨ ਲਾਇ ਹੱਥੇ ਛੱਤ੍ਰ ਛਾਈਏ ॥
ਮੈਂਡਾ ਅਉਗੁਣ ਕੋਈ ਨ ਸਮਾਲ ਏਹੋ ਤੇਰੀ ਚਾਲਿ ਧੁਰਹੁੰ ਚਲੀ ਆਈਏ ॥
ਤੂੰ ਦੀਨਾ ਨਾਥ ਦਇਆਲ ਸਦਾ ਕ੍ਰਿਪਾਲੁ ਬਿਰਦੁ ਜਨਾਈਏ ॥
ਭਾਵਨ ਆਇ ਲੀਤੀ ਓਟਿ ਕਰੋ ਸਭ ਛੋਟਿ ਅਕਰਮ ਮਿਟਾਈਏ ॥੩॥
(ਰਾਗ ਸੂਹੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੭

ਏ ਊਧੋ ਮੋਰੀ ਬਿਰਹਾਂ ਬੰਸੀ ਖੱਸਿ ਖੜੀ ਮਹਰੇਟੀਆ
ਮੁਸ਼ਕ ਪਲੇਟੀਆਂ ਗਾਲੀਆਂ ਦੇਂਦੀਆਂ ਨੀ ਵੋ ॥੧॥ਰਹਾਉ॥
ਦੁਧੁ ਦਹੀ ਦੀਆਂ ਰੱਤੀਆਂ ਮੱਤੀਆਂ
ਜੋਬਨਿ ਮਾਨੁ ਕਰੇਂਦੀਆਂ ਨੀ ਵੋ ॥੧॥
ਇਤ ਉਤੇ ਕਿਤੇ ਜਾਨ ਨ ਦੇਵਣੁ ਮਾਰਗੁ ਰੋਕ ਬਹੇਂਦੀਆਂ ਨੀ ਵੋ ॥੨॥
ਕਹੁ ਕਾਂਨਾ ਬੰਸੀ ਕਿਥੇ ਵੰਞਾਈਆ ਮਚਲੀਆਂ ਹੋਇ ਪੁਛੇਂਦੀਆਂ ਨੀ ਵੋ ॥੩॥
ਮੈਂ ਮੰਗਾਂ ਉਹੁ ਦੇਵਣੁ ਨਾਹੀ ਮਿਠੜੇ ਵੈਂਣੁ ਅਲੇਂਦੀਆਂ ਨੀ ਵੋ ॥੪॥
ਭਾਵਣ ਦਾਸ ਤੇਰਾ ਜਸੁ ਗਾਵੈ ਸਭ ਤੈਥੋ ਘੋਲੁ ਘੁਮੇਂਦੀਆ ਨੀ ਵੋ ॥੫॥
(ਰਾਗ ਸੂਹੀ)

੮

ਮੋਹਨ ਆਨਿ ਮਿਲਾਇ ਵੇ ਊਧੋ ਗੋਪੀ ਜਨ ਨੂੰ ਜੋਗੁ ਕੀ ਦਸਨੈ ॥੧॥ਰਹਾਉ॥
ਜੇ ਤੂੰ ਚਲਿਓਂ ਮਥਰਾ ਨਗਰੀ ਸਾਰੀ ਬ੍ਰਿਜ ਵਿਚ ਹੋਈਆਂ ਖਬਰੀਂ ॥
ਮੈ ਵੀ ਚਲਸਾਂ ਨਾਲਿ ॥੧॥
ਰਾਤੀ ਦਰਦੁ ਦਿਹੈ ਦਰਮਾਂਦੀ ਦੁਖ ਅਪਾਹ ਥਾਹਿ ਨਹੀਂ ਕਾਂਧੀ ॥
ਤੜਫਤ ਰੈਣਿ ਬਿਹਾਇ ॥੨॥
ਕੁਬਜਾਂ ਦੇ ਇਕਿ ਰਹਿਓਂ ਰਾਤੀ ਸਾਨੂੰ ਲਿਖ ਕਰਿ ਭੇਜਨੈ ਪਾਤੀ ॥
ਬਿਰਹੁ ਬਹੁਤ ਸੰਤਾਇ ॥੩॥
ਭਾਵਨਦਾਸ ਤੇਰਾ ਜਸ ਗਾਵੈ ਦੇਹਿ ਦਰਸ ਸਗਲਾ ਦੁਖ ਜਾਵੈ ॥
ਮੈਨੂੰ ਰੱਖ ਚਰਨਾ ਦੇ ਨਾਲਿ ॥੪॥
(ਰਾਗ ਬਿਲਾਵਲ)

੯

ਜੇ ਮੈ ਕੂਰ ਕਪਟੁ ਕਰਿ ਧਿਆਇਆ ॥
ਰਖੋ ਮੋਰੀ ਲਾਜ ਸਰਨਿ ਤੇਰੀ ਆਇਆ ॥੧॥
ਧੰਨਿ ਤੇਰੋ ਬਿਰਦੁ ਤੂੰ ਧੰਨਿ ਮਹਾਂਰਾਜਾ
ਅਪਨੇ ਕੇ ਆਪ ਸਵਾਰਉ ਕਾਜਾ ॥੧॥ਰਹਾਉ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜ ਸਭਾ ਮੈ ਦ੍ਰੋਪਤੀ ਉਬਾਰੀ ॥
ਸੂਆ ਪੜਾਵਤਿ ਗਨਕਾ ਤਾਰੀ ॥੨॥
ਗ੍ਰਿਹਿ ਗ੍ਰਸਿਤੇਂ ਗਜ ਮੁਕਤਾਇਓ ॥
ਸੰਕਟਿ ਤੇ ਪ੍ਰਹਿਲਾਦਿ ਛੁਡਾਇਓ ॥੩॥
ਕਹਾਂ ਲਉ ਉਪਮਾ ਗਿਨਉ ਤਿਹਾਰੀ ॥
ਭਾਵਣਦਾਸ ਜਾਤਿ ਬਲਿਹਾਰੀ ॥੪॥
(ਰਾਗ ਭੈ ਰਉ)

੧੦

ਜੀ ਮਹਾਂਰਾਜੇ ਮਹਾਰਾਜ ਰਾਜਨ ਕੇ ਰਾਜੈ ॥
ਤੈਂ ਤਾ ਬਡੇ ਪਤਿਤ ਨਿਵਾਜੈ ॥
ਕਿਆ ਕੋਈ ਗਨਤ ਕਹੈ ਬਹੁ ਸੁਧਰੇ
ਸੋ ਤਾਂ ਚਢਿ ਬੈਕੁੰਠ ਬਿਰਾਜੈ ॥੧॥ਰਹਾਉ॥
ਕਉਨ ਕਰਮ ਅਜਾਮਲ ਭਇਓ ਕੁਸਲੀ
ਜਾਂਕੇ ਸੁਤਹਿਤ ਬਾਜਨ ਬਾਜੇ ॥੧॥
ਕੁਬਜਾ ਪਰਸਿ ਭਈ ਪਟਰਾਂਨੀ
ਜਾਂਕੇ ਨਉਸਤਿ ਸਾਜਨਿ ਸਾਜੈ ॥੨॥
ਅਧਿਕ ਬੇਗਤੇਂ ਗਨਕਾ ਉਧਰੀ
ਤੂੰ ਆਇਓਂ ਗਜ ਕੇ ਕਾਜੇ ॥੩॥
ਚੋਰੀ ਕਰਤਿ ਪਖੰਡੀ ਤਾਰਿਓ
ਵੇਖ ਭੇਖ ਕੀ ਲਾਜੇ ॥੪॥
ਧੂਰਮਕੇਤ ਹਾਂਸੀ ਕਰਿ ਉਧਰਿਓ
ਤਿਸ ਕਉਨ ਤਿਆਗ ਤਿਆਗੇ ॥੫॥
ਭਾਣਮਤੀ ਦਾ ਮੁਕਟ ਮਥੇ ਧਰਿ
ਤਾਕੋਂ ਸੀਸ ਨਿਵਾਇਓ ਆਗੇ ॥
ਏ ਕਰਤੂਤ ਤਉ ਕੰਨੋ ਥੀਵੇ
ਥੀ ਧਿਰ ਲਾਗ ਨ ਲਾਗੇ ॥੬॥
ਭ੍ਰਮਤ ਭ੍ਰਮਤਿ ਮੈਂ ਮਹਾਂ ਦੁਖ ਪਾਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਟਿ ਤੇਰੀ ਸਰਨਾਗਤਿ ਆਇਆ ॥
ਤੈਂ ਕਾਢਿ ਲੀਏ ਭੂਮ ਭਾਗੇ ॥੭॥
ਤੈਂਡੀ ਕਾਜੀ ਕੌਨ ਉਘਾੜੇ
ਤੈਂ ਆਪਨੇ ਕਾਜਨ ਕਾਜੇ ॥੮॥
ਦਰਿ ਤੇਰੇ ਤੇ ਮੈਂ ਆਨਿ ਖਲੋਤਾ
ਤੈਂਨੂੰ ਸਰਨਿ ਪਇਆਂ ਦੀ ਲਾਜੇ ॥੯॥
ਭਾਵਣਦਾਸ ਸੋਭ ਸੁਣਿ ਦਉੜਿਆ
ਪਾਪੀ ਉਧਰਨਿ ਤਾਜੇ ॥੧੦॥

(ਰਾਗ ਹਿੰਡੋਲ)

੧੧

ਸਾਮਾਂ ਬ੍ਰਿਜ ਲਟਕੰਦੜਿਆ ਆਂਵੀ ਮੈਂਡੇ ਆਵੀ ॥੧॥ਰਹਾਉ॥
ਦੂਹੁ ਨੈਣਾ ਵਿਚਿ ਬੈਠਕ ਤੈਂਡੀ ਡਰਦੀ ਪਲਕ ਨ ਲਾਈ ।੧॥
ਕਉਣ ਵਕੀਲ ਘਤਾਂ ਪ੍ਰਭ ਤੈਂ ਵਿਚਿ ਜਾਇ ਕਹੀਂਦੀ ਨਾਂਹੀ ॥੨॥
ਸੰਤਾ ਦੇ ਹਿਤ ਜਨਮੁ ਲੀਤੋ ਈ ਬ੍ਰਿਜ ਵਿਚਿ ਚਾਰੀਓ ਗਾਂਈ ॥੩॥
ਸੈ ਵਾਰੀ ਕੁਰਬਾਨੀ ਕੀਤਾ ਤੈਤੋਂ ਭਾਵਨ ਸਾਂਈ ॥੪॥

(ਰਾਗ ਹਿੰਡੋਲ)

੧੨

ਹਰਿ ਨਾਲਿ ਅਸਾਡੜੀ ਯਾਰੀ ਵੋ ॥
ਹੋਰ ਯਾਰ ਸਭ ਡਿਠੜੇ ਭਾਲੇ ਕੋਈ ਨ ਰੰਗਿ ਕਰਾਰੀ ਵੋ ॥੧॥ਰਹਾਉ॥
ਦ੍ਰੁਪਤਿ ਸੁਤਾ ਕੀ ਲਜਿਆ ਰਾਖੀ
ਹਰਿ ਦੀਨੇ ਚੀਰ ਅਪਾਰੀ ਵੋ ॥
ਰਖਿਆ ਕੀਨੀ ਭਗਤਿ ਪ੍ਰਹਿਲਾਦਿ ਕੀ
ਹਰਿਨਾਖਸਿ ਨਖਹਿ ਬਿਦਾਰੀ ਵੋ ॥੧॥
ਨਾਮੁਦੇਵ ਕੀ ਰਖਿਆ ਕੀਨੀ
ਕੁੰਚਰ ਚੋਟ ਨ ਮਾਰੀ ਵੋ ॥
ਪਾਤਿਸਾਹ ਨਾਮੁਦੇਵ ਬੁਲਾਇਆ
ਹਰਿ ਮਿਰਤਕਿ ਗਊ ਜਿਵਾਰੀ ਵੋ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੰਨੇ ਭੋਲੇ ਭਾਇ ਅਰਾਧਿਆ
ਜਾਂ ਕਾ ਠਾਕੁਰ ਗਊਆਂ ਚਾਰੀ ਵੋ ॥
ਸੈਨੇ ਹੇਤ ਰਛਾਣੀ ਬਾਂਧੀ
ਲਾਇਓ ਤੇਲ ਮੁਰਾਰੀ ਵੋ ॥੩॥
ਕਬੀਰ ਕਾਗ਼ਜ਼ ਹਰਿ ਬਲਦ ਲਦਾਏ
ਕੀਨੋ ਰੂਪ ਬੈਪਾਰੀ ਵੋ ॥
ਰਵਿਦਾਸ ਭਗਤ ਕੀ ਰਖਿਆ ਕੀਨੀ
ਜਾਂਕਾ ਠਾਕੁਰ ਤਰਿ ਗਇਆ ਤਾਰੀ ਵੋ ॥੪॥
ਗਜਿ ਕੋਂ ਗ੍ਰਿਹਿ ਲੀਆ ਮਧ ਸਾਗਰ
ਲੈ ਲੈ ਨਾਮ ਪੁਕਾਰੀ ਵੋ ॥
ਅਨੇਕੁ ਭਗਤਿ ਕੀ ਰਖਿਆ ਕੀਨੀ
ਜਨ ਭਾਵਣ ਸਰਣਿ ਤੁਮਾਰੀ ਵੋ ॥੫॥
(ਰਾਗ ਕਾਨੜਾ ਤਿਲੰਗ)

੧੩

ਅਉਰ ਓਟ ਛਾਡਿ ਕੈ ਮੈ ਸਰਨਿ ਤੇਰੀ ਆਇਓ ॥
ਤਾਕੋ ਬਿਘਨ ਨ ਕੋਊ ਬਿਆਪੈ ਤੁਮਰੋ ਦਾਸ ਕਹਾਇਓ ॥੧॥ਰਹਾਉ॥
ਜਹਾਂ ਜਹਾਂ ਭੀੜ ਪਰੀ ਤਹਾਂ ਤੁਮ ਰਖਿਆ ਕਰੀ
ਥੰਮਿ ਚੀਰ ਨਿਕਸਕੇ ਪ੍ਰਹਿਲਾਦੁ ਜਨ ਛੁਡਾਇਓ ॥੧॥
ਦਰੋਪਤੀ ਕੀ ਲਾਜ ਕਾਜ ਦੁਆਰਕਾ ਤੇ ਧਾਇਓ ॥
ਕੌਰਵਾਂ ਅਭਿਮਾਨ ਤੋੜਿ ਬਸਤਰਿ ਪਹਿਰਾਇਓ ॥੨॥
ਭਾਵਣੁ ਪਰ ਹੋਇ ਦਿਆਲ ਰਾਖਿ ਪ੍ਰਭੁ ਚਰਨਾਂ ਦੇ ਨਾਲਿ ॥
ਇਹੀ ਦਾਨ ਮਾਂਗੋਂ ਨਿਤਿ ਤੁਮਰੋ ਜਸੁ ਗਾਇਓ ॥੩॥
(ਰਾਗ ਕਲਿਆਣ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦਸਖੀ

੧

ਤਾ ਮੈਂ ਕੀ ਕਰਾਂ ਨੀ ਮਾਏ ਮੇਰੀ ਦਹੀ ਸਾਵਰੇ ਲੂਟੀ ॥੧॥ ਰਹਾਉ ॥
ਜਿਤੁ ਦੇਖਾਂ ਤਿਤੁ ਮੋਹਣ ਦਿਸਦਾ ਅੰਨ ਦੇਖਨਿ ਤੇ ਛੂਟੀ ॥੧॥
ਭੂਲੀ ਦੇਹਿ ਗੇਹਿ ਸੁਧੁ ਭੂਲੀ ਲੋਕ ਲਾਜੁ ਸਭ ਟੂਟੀ ॥੨॥
ਚੰਦਸਖੀ ਪ੍ਰਭ ਬਾਲੁ ਕ੍ਰਿਸ਼ਣ ਹਿਤ ਆਪੁ ਆਪਿ ਤੇ ਹੂਟੀ ॥੩॥
(ਸਿਰੀ ਰਾਗ)

੨

ਮੋਹਨ ਬੇਪਰਵਾਹ ਮੇਰੀ ਪੀਰ ਨ ਜਾਨੀ ॥੧॥ ਰਹਾਉ ॥
ਜੇ ਟੁਕ ਗਲੀ ਅਸਾਡੀ ਆਵੇਂ ਜੀਉ ਕਰਾਂ ਕੁਰਬਾਨੀ ॥੧॥
ਇਕੁ ਪਲੁ ਪਿਆਰਾ ਨਜਰਿ ਨਾਂ ਆਵੈ ਮੀਨ ਤਰਫੈ ਬਿਨੁ ਪਾਨੀ ॥੨॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਣ ਬਿਨ ਤਰਫਤ ਰੈਨਿ ਬਿਹਾਨੀ ॥੩॥
(ਸਿਰੀ ਰਾਗ)

੩

ਮੈਨਾ ਮੋਰੀ ਰਾਮ ਰਾਮ ਰਾਮ ਹਰੀ ਹਰੀ ਰਾਧੇ ਕ੍ਰਿਸ਼ਨਾ ਬੋਲ ॥
ਹਰੀ ਹਰੀ ਗੋਬਿੰਦ ਮਾਧਉ ਬੋਲ ॥੧॥ ਰਹਾਉ ॥
ਦਾਣਾ ਖਾਤੀ ਪਾਣੀ ਪੀਤੀ ਪਿੰਜਰੇ ਕਰਤ ਕਲੋਲ ॥
ਦੇਸ ਕਦੇਸ ਕੀ ਮੈਨਾ ਆਈ ਲਾਖ ਟਕਾ ਇਸ ਮੋਲੁ ॥੨॥
ਈਹਾਂ ਹਰਿ ਹਰਿ ਚੋਗ ਚੁਗੇਗੀ ਆਗੇ ਰਹੈ ਅਡੋਲ ॥੩॥
ਚੰਦਸਖੀ ਪ੍ਰਭ ਬਾਲ ਕਿਸ਼ਨ ਹਿਤ ਜਮ ਕੀ ਪੇਟੀ ਖੋਲੁ ॥੫॥
(ਰਾਗ ਤਿਲੰਗ)

੪

ਰਸਿਕ ਲਾਲੁ ਮੇਰੀ ਦਧ ਲੀਜੇ, ਸ੍ਰੀ ਗੋਪਾਲ ਮੇਰੀ ਦਧਿ ਲੀਜੈ ॥੧॥ ਰਹਾਉ ॥
ਕਾਲਿ ਕੀ ਬੋਹਨੀ ਮੈ ਸਚੁ ਪਾਇਓ ਆਜ ਆਈਹੋਂ ਤੁਮ ਜਾਨ ॥੧॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਦਧਿ ਲੀ ਜੈ ॥੧॥ ਰਹਾਉ ॥ ਦੂਜਾ ॥
ਕਾਂਨ ਜੀ ਕੇ ਮਾਥੇ ਪਰਿ ਹਾਥਿ ਧਰਤੀ ਹੋਂ ਮੇਰੇ ਗੋਰਸ ਮੈ ਨਾਹਿ ਪਾਂਨ ॥੨॥
ਛਾਡਿ ਦੇ ਬਹੀਆਂ ਨ ਕਰਿ ਲਗ ਰਈਆਂ ਨਾਥ ਤਿਹਾਰੀ ਕਉਣ ਬਾਨ ॥੩॥
ਚੰਦਸਖੀ ਹਿਤ ਬਾਲ ਕ੍ਰਿਸ਼ਨ ਛਬਿ ਲਾਇਓ ਹੀ ਸਾਨੂੰ ਪ੍ਰੇਮ ਬਾਨ ॥੪॥
(ਰਾਗ ਬਰਵਾ)

੫

ਗਾਗਰੀ ਭਰਨਿ ਮੋਹਿ ਜਾਂਨ ਦੇ ਇਕੇਲੜੀ ॥੧॥ ਰਹਾਉ ॥
ਹਮਰੇ ਸੰਗਿ ਕੀ ਦੂਰਿ ਨਿਰਸ ਗਈ ਰਹੀ ਹਉਂ ਇਕ ਏਕੇਲੜੀ ॥੧॥
ਅਬ ਕੀ ਬਰੀਆ ਜਾਨ ਦੇ ਮੋਹਨ ਕਾਲਿ ਆਇ ਤੁਮ ਸੰਗਿ ਖੇਲੜੀ ॥੨॥
ਚੰਦਸਖੀ ਹਿਤ ਬਾਲ ਕ੍ਰਿਸ਼ਨ ਪ੍ਰਭੂ ਤੂੰ ਠਾਕਰ ਮੈਂ ਚੇਲੜੀ ॥੩॥
(ਰਾਗ ਬਰਵਾ)

੬

ਨਹੀਂ ਨਹੀਂ ਰੇ ਕੋਈ ਹਰਿ ਜੈਸੋ ਮੀਤ ॥੧॥ ਰਹਾਉ ॥
ਨਰ ਦੇਹੀ ਸਿਮਰਨਿ ਕੋ ਦੀਨੀ ਹਰਿ ਨਾ ਭਜਿਓ ਤੈਂ ਇਹ ਕਿਆ ਕੀਤਾ ॥੧॥
ਜਿਸ ਦੇਹੀ ਕਾ ਗਰਬੁ ਕਰਤ ਹੈਂ ਬਿਨਸ ਜਾਇ ਜਿਉਂ ਬਾਰੂ ਕੀ ਭੀਤਾ ॥੨॥
ਬਿਨੁ ਹਰਿ ਭਜਨ ਮੁਕਤਿ ਨਹੀ ਪਾਈਐ ਜਾਇ ਪੂਛੋ ਭਾਵੇਂ ਭਾਗਵਤ ਗੀਤਾ ॥੩॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਨਿ ਬਿਨ ਇਉਂ ਹੀ ਜਨਮੁ ਅਕਾਰਥ ਬੀਤਾ ॥੪॥
(ਰਾਗ ਬਿਲਾਵਲ)

੭

ਲਾਗੀ ਰੀ ਲਾਗੀ ਰੀ ਮੇਰੀ ਹਰਿ ਜੀ ਸੋ ਅਖੀਆਂ ॥੧॥ ਰਹਾਉ ॥
ਸ਼ਾਮੁ ਰੂਪ ਰਸ ਨਿਸਿ ਦਿਨ ਪੀਵਤੁ ਜੀਵਤ ਹੈ ਜੈਸੇ ਜਲ ਸੋਂ ਝਖੀਆ ॥੧॥
ਮੈ ਬਉਰੀ ਹਰਿ ਦਰਸਨਿ ਕਾਰਣਿ ਦੇਤਿ ਉਲਾਹਨੇ ਸੰਗਿ ਕੀ ਸਖੀਆਂ ॥੨॥
ਲਾਖ ਜਤਨ ਕੀਨੇ ਬਹੁਤੇਰੇ ਰਹਤ ਨਾਹੀ ਇਕੁ ਤਿਲੁ ਭਰਿ ਰਖੀਆਂ ॥੩॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਨ ਹਿਤ ਨਿਰਖਤ ਹੀ ਭਈ ਸ਼ਹਿਤ ਕੀ ਮਖੀਆਂ ॥੪॥
(ਰਾਗ ਬਿਲਾਵਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੮

ਮਾਈ ਤੇਰਾ ਮੋਹਨ ਮਿਲਿਆ ਦੂਖ ਗਇਆ ਸਭ ਤਨ ਦਾ ਨੀ
ਮੇਰਾ ਗੁਆਰਨਿ ਕੇ ਸੰਗਿ ਖੇਲਤ ਜਾਤਾ ॥੧॥ ਰਹਾਉ ॥
ਹੰਉ ਦਧਿ ਬੇਚਨ ਜਾਤਿ ਨਗਰ ਮੈਂ ਮਾਈ ਮੇਰਾ ਮਾਰਗਿ ਵਲਿਆ ॥੧॥
ਬਿੰਦ੍ਰਾਬਨ ਕੀ ਕੁੰਜ ਗਲਨਿ ਮੋਂ ਮਾਈ ਮੇਰਾ ਅੰਚਲ ਫੜਿਆ ॥੨॥
ਦੇਖਿ ਸਰੂਪ ਅਨੂਪ ਮਹਾਂ ਛਬਿ ਮਾਈ ਮੇਰਾ ਤਨੁ ਮਨੁ ਠਰਿਆ ॥੩॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਨ ਹਿਤ ਇਹ ਸਨਿਆਹਾ ਗੁਆਰਨਿ ਘਲਿਆ ।੪॥

(ਰਾਗ ਪਰਜ)

੯

ਤੂੰ ਸਾਡੀ ਗਲੀ ਕਦੀ ਆਉ ਰੇ ਗੋਪੀਆਂ ਦੇ ਸਾਂਈ ਗੋਬਿੰਦਾ ਗੁਮਾਨੀ ॥
ਤੁਧੁ ਬਿਨ ਪ੍ਰੀਤਮ ਅਤਿ ਬਿਆਕੁਲ ਭਈ ਜਿਉਂ ਮਛਲੀ
ਬਿਨੁ ਪਾਨੀ ॥੧॥ ਰਹਾਉ ॥
ਮੋਰੁ ਮੁਕਟ ਪੀਤੰਬਰ ਸੋਹੈ ਦਰਸਨ ਦੇਖਿ ਲੁਭਾਨੀ ॥੧॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਨ ਹਿਤ ਦੇਹਿ ਦਰਸ ਦਧਿ ਦਾਨੀ ॥੨॥

(ਰਾਗ ਪਰਜ)

੧੦

ਬੰਸਰੀ ਵਾਲਾ ਸਾਮ ਬ੍ਰਿਜ ਵਿਚਿ ਵਸਦਾ ਵੋ ॥
ਵਾੜੀ ਸ਼ਾਮਾ ਰਹੀ ਅਜੋਕੜੀ ਰਾਤਿ ਬਿਰਜ ਵਿਚਿ ਵਸਦਾ ਵੋ ॥੧॥ ਰਹਾਉ ॥
ਆਪਿਰਤਾ ਹਰਿ ਕੁਬਜਾਂ ਸੇਤੀ ਸਾਨੂੰ ਭੇਦ ਨਾਂ ਦਸਦਾ ਵੋ ॥੧॥
ਮੋਰੁ ਮੁਕਟ ਪੀਤੰਬਰ ਸੋਹੇ ਮੋਤੀ ਹਾਰਿ ਉਰਿ ਰਸਦਾ ਵੋ ॥੨॥
ਦਧਿ ਮੋਰੀ ਖਾਇ ਮਟਕੀਆ ਫੋਰੀ ਮਾਖਣੁ ਲੈ ਲੈ ਨਸਦਾ ਵੋ ।੩॥
ਚੰਦਸਖੀ ਪ੍ਰਭ ਬਾਲ ਕ੍ਰਿਸ਼ਨ ਹਿਤ ਚਰਨ ਕਮਲ ਚਿਤਿ ਰਖਦਾ ਵੋ ॥੪॥

(ਰਾਗ ਹਿੰਡੋਲ)

੧੧

ਵੇ ਲੋੜੀਦਿਆ ਸ਼ਾਮਾ ਜਰੀ ਜਾਨ ਦੇ, ਵੇ ਚਹੀਦਿਆ ਸਾਮਾਂ ਜਰੀ
ਜਾਣੁ ਦੇ ॥੧॥ ਰਹਾਉ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮਰੇ ਸੰਗਿ ਕੀ ਦੂਰ ਨਿਕਸ ਗਈ ਮੋਸੋ ਭੀ ਪ੍ਰਭੂ ਦਾਨ ਲੇ ॥੧॥
ਹਉ ਤਉ ਦਾਸੀ ਜਨਮ ਜਨਮ ਕੀ ਮੋਰੀ ਅਰਜ ਪ੍ਰਭ ਮਾਨ ਲੇ ॥੨॥
ਚੰਦਸਖੀ ਪ੍ਰਭੁ ਬਾਲ ਕ੍ਰਿਸ਼ਨ ਹਿਤ ਚਰਨ ਕਮਲ ਕਾ ਧਿਆਨ ਦੇ ॥੩॥
(ਰਾਗ ਹਿੰਡੋਲ)

੧੨

ਸਾਡਰਾ ਸੋਹਨਾ ਸਜਨ ਯਾਰ ॥
ਮੋਰ ਮੁਕਟ ਪੀਤਾਂਬਰ ਰਾਜਤ, ਗਲ ਫੂਲੋਂ ਦੇ ਹਾਰ ॥
ਘੂੰਘਰ ਵਾਰੀਆ ਕਾਲੀਆ ਜ਼ੁਲਫੈ, ਸਕਲ ਸੁਖੋਂ ਦਾ ਸਾਰ ॥
ਰੰਗ ਭੀਨੀ ਮਿਠ ਬੋਲਨ ਊਪਰ, ਜਿੰਦ ਕੀਤੀ ਬਲਿਹਾਰ ॥
ਏਹੀ ਮਿਸ ਕੀਨੀ ਯਾ ਜੇਹੀ ਊਪਰ, ਕਰਦਾ ਮੋਹਨ ਪਿਆਰ ॥
'ਚੰਦਸਖੀ' ਪ੍ਰਭੁ ਜਗਉਦੀ ਜੀਵਨ, ਸ੍ਰੀ ਰਾਧੇ ਜੀ ਪ੍ਰਾਨ-ਅਧਾਰ ॥

੧੩

ਤੇਰੀ ਖਾਤਰ ਸਯਾਮਾ ਬੇ, ਮੈ ਜੋਗਿਨ ਹੋਈਆਂ ।
ਅੰਗ ਅੰਗ ਛਾਈ ਸਯਾਮਾ ਬੇ, ਮੈਂ ਮਲ ਮਲ ਰੋਈ ।
ਪ੍ਰੀਤ ਲਗੀ ਤਨ ਵਾਰੀ ॥
ਕੇ ਘਰ ਜਾਵਾਂ ਸਯਾਮਾ ਬੇ, ਮੈਂ ਕੈਹਨੂੰ ਆਖਾਂ ।
ਪ੍ਰੀਤ ਲਗੀ ਸਯਾਮਾਂ, ਦਿਲ ਅੰਦਰ ਰਾਖਾਂ ॥
ਵਿਰਹੋਂ ਦੀ ਅਗਨਿ ਕਰਕੇ ਜਾਰੀ ॥
ਤੈਂ ਤੋ ਸਯਾਮਾ ਬੇ, ਮੇਰੀ ਸੁਧ ਹੂ ਨ ਲੀਨੀ ।
ਵਿਆਕੁਲ ਕਰਕੇ ਸਯਾਮਾ ਬੇ, ਮੈਂ ਕਮਲੀ ਕੀਨੀ ॥
'ਚੰਦਸਖੀ' ਬਲਿਹਾਰੀ ॥

੧੪

ਕਿਉਂ ਨਹੀ ਆਂਵਦਾ ਨੰਦ ਲਾਲ ॥
ਮੋਰ ਮੁਕਟ ਪੀਤਾਂਬਰ ਰਾਜਤ, ਮੁਖ ਸੂੰ ਬੰਸੀ ਬਜਾਂਵਦਾ ॥
'ਚੰਦਸਖੀ' ਹਿਤ ਬਾਲ ਕ੍ਰਿਸ਼ਣ ਪ੍ਰਭੁ, ਬ੍ਰਜ ਮੇਂ ਸੁਖ ਉਪਜਾਂਵਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਸੀ ਵਾਲੇ ਸਨੇਹੀ ਸਾਨੂੰ ਆਇ ਮਿਲ ਵੇ ।
ਚੀਰਾ ਬੇ ਤੇਰਾ ਰੰਗ ਲਾਲਗੀਆਂ, ਬੇਸਰ ਦਬੂੰ ਨਾਲ ॥
ਅੰਦਰ ਸੀਨੈ ਲਗੀਆਂ ਬੇ, ਪ੍ਰੇਮ ਦੀ ਟੋਟ ਸੰਭਾਲ ॥
ਬਾਲ ਕਿਸਨ ਪ੍ਰਭੁ ਸੋਹਣਾ ਬੇ, 'ਚੰਦਸਖੀ' ਦੇ ਨਾਲ ॥

ਗੁਆਲਦਾਸ

੧

ਹਰਿ ਭਜਿ ਗੁਜਰੀਏ ਐਸਾ ਦਹੀ ਵਿਲੋੜ ॥
ਤਨ ਕਰ ਮਟਕੀ ਮਨ ਕਾ ਮਧਾਣੂਆ ਪਾਇ ਪ੍ਰੇਮ ਕੀ ਡੋਰ ॥੧॥ਰਹਾਉ ॥
ਪ੍ਰੇਮ ਪ੍ਰੀਤ ਕਰਿ ਸਹਿਜ ਜਮਾਇਣ ਗੁਰਿ ਮਿਲਿ ਜਾਗ ਨਿਚੋੜ ॥
ਰਾਮੁ ਨਾਮੁ ਦਾ ਮਖਣ ਕਢ ਲੈ ਕਰਮੁ ਛਾਛਿ ਕਰਿ ਛੋੜ ॥੨॥
ਇਹ ਵੇਲਾ ਫਿਰਿ ਹਥ ਨ ਆਵੈ ਜੇ ਖਰਚੇ ਲਾਖ ਕਰੋੜ ॥੩॥
ਦਾਸ ਗੁਆਲ ਵਡਿਭਾਗਣ ਗੁਜਰੀ ਤੂੰ ਸਾਧਾਂ ਕਾ ਸੰਗ ਨ ਛੋੜਿ ॥੪।

(ਸਿਰੀ ਰਾਗ)

੨

ਕਤਣ ਸਾਥੋਂ ਰਹਿ ਗਇਆ ਮਾਏ ਮੈਂਡੀ ਪਛੜੀ ਘਿੰਨੁਨੀ ਸਮਾਲਿ ॥੧॥ਰਹਾਉ॥
ਜਿਤੁ ਵੰਞਾ ਤਿਤੁ ਵੰਞਣ ਨ ਦੇਂਦਾ ਪਾਇਆ ਸੁ ਬਿਰਹੁੰ ਦਾ ਜਾਲਿ ॥੧॥
ਅਤਿਣ ਚਰਖਾ ਤੇ ਪਿੜ ਪੂਣੀਆਂ ਜੁਹਟੀ ਰਹੀ ਸੁ ਤੱਕਲੇ ਦੇ ਨਾਲਿ ॥੨।
ਅਠੇ ਪਹਿਰ ਮੈਨੂੰ ਧਿਆਨ ਮੋਹਨ ਦਾ ਹੋਰੁ ਨ ਸੁਰਤਿ ਖਿਆਲਿ ।੩॥
ਦਾਸ ਗੁਆਲੁ ਤੇਰਾ ਜਮੁ ਗਾਵੈ ਮੈਨੂੰ ਰਖ ਚਰਨਾ ਦੇ ਨਾਲਿ ॥੪।

(ਸਿਰੀ ਰਾਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਹਰਿ ਦੇ ਘੂੰਘਰੀਆਲੇ ਵਾਲ, ਮੈਂ ਕੁਰਬਾਨੁ ਵੈਣੀ ਹਾਂ ॥
ਓਲੇ ਘੋਲੇ ਵੈਨੀ ਹਾਂ, ਮੈ ਸਦਕੜੇ ਲੈਨੀ ਹਾਂ ॥
ਹਰਿ ਦੇ ਘੂੰਘਰੀਆਲੇ ਵਾਲ ॥ ੧ ॥ ਰਹਾਉ ॥
ਜੇ ਤੂੰ ਚਲਿਉ ਮਥੁਰਾ ਨਗਰੀ ਸਾਰੀ ਬਿਰਜ ਵਿਚਿ ਹੋਈਆਂ ਖਬਰੀ ॥
ਮੈਂ ਭੀ ਚਲਸਾਂ ਨਾਲਿ ॥ ੧ ॥
ਮੋਰੁ ਮੁਕਟੁ ਪੀਤੰਬਰ ਸੋਹੈ ਉਰ ਬੈਜੰਤੀ ਮਾਲ ॥੨॥
ਮਾਖਣ ਖਾਇ ਮਟਕੀਆ ਫੋਰੇ ਹਰਿ ਦਾ ਇਹੁ ਖਿਆਲੁ ॥੩॥
ਦਾਸ ਗੁਆਲ ਤੇਰਾ ਜਸ ਗਾਵੈ ਮੈਨੂੰ ਰਖ ਚਰਨਾ ਦੇ ਨਾਲਿ ॥੪॥
(ਸਿਰੀ ਰਾਗ)

੪

ਤੂੰ ਨਿਮਾਣਿਆ ਦਾ ਮਾਣੁ, ਮੈਨੂੰ ਦਰਸਨੁ ਦੇਹਿ ਮੇਰੇ ਰਾਮੁ ॥
ਮੈਂ ਤਉ ਪਾਵਉ ਬਿਸ੍ਰਾਮ ॥ ਰਹਾਉ ॥
ਤੈਂ ਧੰਨੇ ਦਾ ਖੇਤ ਜਮਾਇਆ ਤੈਂ ਅਜਾਮਲੁ ਗਤਿ ਪਹੁਚਾਇਆ ॥੨॥
ਪੀਪਾ ਰਵਿਦਾਸ ਨਾਮਾ ਤੈਂ ਤਾਰੇ ਬਿਦਰ ਸੁਦਾਮਾ ॥੩॥
ਸੈਨਾ ਜਾਤ ਕੋ ਨਾਈ ਤੈਂ ਨਾਮੁ ਦੇਉ ਕੀ ਛਾਂਨ ਛਵਾਈ ॥੪॥
ਤੈਂ ਸਿਲ ਅਹਿਲਿਆ ਤਾਰੀ, ਆਈ ਦਾਸੁ ਗੁਆਲ ਦੀ ਵਾਰੀ ॥੫॥
(ਰਾਗ ਆਸਾ)

੫

ਤੂੰ ਸੰਤ ਜਨਾ ਦਾ ਮਾਣਾ ਜੀ ਤੂੰ ਭਗਤਿ ਜਨਾ ਦਾ ਤਾਣਾ ॥ ੧ ॥ ਰਹਾਉ ॥
ਹਿਤ ਪਰਹਿਲਾਦ ਹਤਿਓ ਹਰਨਾਖਸ ਪਹਿਰਿਓ ਸਿੰਘ ਦਾ ਬਾਣਾ ॥
ਬਭੀਛਨ ਕੋ ਰਾਜੁ ਦੀਓ ਪ੍ਰਭੁ ਰਾਵਨ ਗਰਦਿ ਸਮਾਣਾ ॥੧॥
ਆਤਰਿ ਹੋਇ ਗਜਿ ਗਾਜ ਪੁਕਾਰਿਓ ਤਜਿ ਵਾਹਨਿ ਉਠਿ ਧਾਣਾ ॥
ਸੁਤ ਕੇ ਹੇਤ ਅਜਾਮਲੁ ਤਾਰਿਓ ਸੋ ਬੈਕੁੰਠ ਸਿਧਾਣਾ ॥੨॥
ਦੁਰੁਪਤਿ ਸੁਤਾ ਕਉ ਭੀੜਿ ਬਣੀ ਜਬ ਚੀਰ ਅਨੇਕ ਬਧਾਣਾ ॥
ਛਤ੍ਰੀਹ ਭੋਜਨ ਛਾਡਿ ਰਾਜਾ ਕੇ ਬਿਦਰ ਕੇ ਸਾਗੁ ਅਘਾਣਾ ॥੩॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੰਨੇ ਕੇ ਹਿਤ ਗਾਂਈ ਚਾਰੇ ਬਾਨ ਵਿਚ ਪੈਰੋ ਉਰਾਣਾ ॥
ਨਾਮੈ ਕੇ ਹਿਤ ਦੇਹਰਾ ਫੇਰਿਓ ਗਾਵੈ ਬੇਦ ਪੁਰਾਣਾ ॥੪॥
ਨਾਮ ਪਰਤਾਪੁ ਭਗਤਿ ਹਿਤ ਮਾਧੋ ਜਲਿ ਤੇ ਤੇਰੇ ਪਖਾਣਾ ॥
ਦਾਸੁ ਗੁਆਲ ਭਰੋਸੇ ਤੇਰੇ ਰਾਣਾ ਰੰਕ ਨ ਜਾਣਾ ॥੫॥
(ਰਾਗ ਆਸਾ)

੬

ਸਾਹਿਬਾ ਦਿਲ ਕਾਹਲ ਹੋਈ, ਮੈ ਨਿਮਾਣੀ ਸੱਡਿ ਜੀ ॥
ਬੇਪਰਵਾਹੀਆਂ ਨੂੰ ਛੱਡਿ ਜੀ ॥ ੧ ॥ ਰਹਾਉ ॥
ਸੰਮਣ ਬਹਣੁ ਅਰਾਮ ਨ ਆਵੈ, ਖਾਣਾ ਪੀਣਾ ਮੂਲ ਨ ਭਾਵੈ ॥
ਜ਼ਾਲਮ ਬਿਰਹੁ ਬਹੁਤ ਸੰਤਾਵੈ, ਸੁਖਿ ਗਏ ਸੱਭ ਛੱਡਿ ਜੀ ॥੧॥
ਸਾਡੇ ਹਾਲ ਨ ਮਹਰਮੁ ਕੋਈ, ਸੂਲਾਂ ਮਾਰ ਬਹੁਤ ਰੱਤੂ ਰੋਈ ॥
ਸਿੱਕ ਸਾਂਗ ਕਰਿ ਘਾਉ ਕੀਤੋਈ ॥ ਮਰਨ ਪਇਆਸੇ ਹੱਡਿ ਜੀ ॥੨॥
ਪਾਂਧੀ ਪੁੱਛਾਂ ਵਾਟ ਨਿਹਾਰੀਂ ਠੰਢੇ ਸਾਸੁ ਨ ਦੇਵੇ ਵਾਹੀ ॥
ਇਸ਼ਕ ਦਰੀਆਉ ਬੰਦੀ ਮਨਤਾਰੀ, ਲਹਿਰੀਂ ਦੇ ਵਿਚ ਗੱਡਿ ਜੀ ॥੩॥
ਦਾਸ ਗੁਆਲ ਮੈ ਸਦਕੇ ਜਾਵਾਂ, ਪਰਗਟਿ ਊਧੋ ਨੂੰ ਆਖ ਸੁਨਾਵਾਂ ॥
ਆ ਮਿਲਿ ਪਿਆਰੇ ਮੈਂ ਜੀਂਵਦੀ ਭਾਵਾ, ਕਰਿ ਕਿਰਪਾ ਬਦੀ ਛੱਡਿ ਜੀ ॥੪॥
(ਰਾਗ ਢੋਲਾ ਕਾਫੀਆਂ)

੭

ਬੰਸਰੀ ਵਾਲੜਾ ਮੇਲ ਸਾਈਆਂ ਵੇ ਲਾਲੁ ਗੋਪੀਆਂ ਦਰਸਿ ਪਿਆਸੀਆਂ ॥
੧॥ਰਹਾਉ॥
ਕਿਉਂਕਰਿ ਥੀਸੀ ਮੈਂਡੀ ਜਾਲ ਸਾਂਈਆਂ ਵੇ ਲਾਲ ਬਾਝਹੁ ਸੁੰਦਰ ਸਾਵਰੇ ॥
ਬੈਠੋਹੁ ਮਨਹੁ ਵਿਸਾਰ ਸਾਂਈਆਂ ਵੇ ਲਾਲੁ ਕੁਬਜਾਂ ਦੇ ਸੰਗਿ ਰਚਿ ਰਹਿਓ ॥
ਇਕਤ ਵਾਰੀ ਬ੍ਰਿਜ ਆਉ ਸਾਈਆਂ ਵੇ ਲਾਲੁ ਦਾਸ ਗੁਆਲ ਦੀ ਬੇਨਤੀ ॥੩॥
(ਰਾਗ ਹਿੰਡੋਲ)

੮

ਤੈਂਦੇ ਨਾਲ ਅਦਾਵਤ ਕਹੀ, ਜੈਂਦੀ ਪ੍ਰਭ ਜੀ ਮੰਨੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਆ ਕੁਝ ਭੇਟ ਸੁਦਾਮੇ ਆਂਦੀ, ਬੀਜ ਕਿਆ ਬੋਇਆ ਧੰਨੇ ॥
ਅਜਮਲ ਕੌਣ ਤਪੱਸਿਆ ਕੀਨੀ, ਕਿਆ ਗੁਣ ਗਨਕਾ ਮੰਨੇ ॥
ਰੀਝ ਗੁਆਲ ਖਸਮ ਦੀ ਨਿਆਰੀ, ਮਤ ਕੋਈ ਦਾਅਵਾ ਬੰਨ੍ਹੇ ॥

●

ਮਨਹਰਿਦਾਸ

੧

ਮੇਰਾ ਲੈ ਗਇਆ ਚਿਤਿ ਚੁਰਾਇ ਨੰਦ ਮਹਰ ਦਾ ਸਾਵਰਾ ॥
ਅਨੀ ਮਨ ਮੋਹਿ ਗਇਆ ਬੇਨ ਵਜਾਇ ਗਲੀ ਅਸਾਡੜੀ ਆਂਵਦਾ ॥
ਅਨੀ ਰਾਧੇ ਤੂੰ ਬ੍ਰਿਖਭਾਨ ਸੁਤਾ ਨੀ ਲੱਜੋਂ ਗਈਏਂ ਓਹੁ ਅਹੀਰ ਕਹਾਂਵਦਾ ॥
ਇਸ਼ਕ ਨ ਪੁਛਦਾ ਜਾਤਿ ਨੀ ਭੋਲੀ ਮਾਏ ਲੋਕੁ ਪਰਲੋਕੁ ਗਵਾਂਵਦਾ ॥
ਅਨੀ ਰਾਧੇ ਸੰਮਲਿ ਸੰਮਲਿ ਬੋਲੁ ਨੀ ਲੱਜੋਂ ਗਈਏਂ ਤੇਰਾ ਹੁਣੇ ਪਿਤਾ ਘਰਿ ਆਂਵਦਾ ॥
ਅਨੀ ਮਾਏ ਸੂਰੇ ਸਤੀ ਪਤੰਗ ਇਨਾ ਮਰਨੇ ਤਾ ਡਰਨੁ ਨ ਆਂਵਦਾ ॥
ਅਨੀ ਰਾਧੇ ਵੇਦਨੁ ਮੈਨੂੰ ਦੱਸਿ ਤੈਨੂੰ ਕੇੜਾ ਤਾ ਬਿਰਹੁੰ ਸੰਤਾਵਦਾ ॥
ਅਨੀ ਮਾਇ ਕੋਈ ਨੰਦ ਮਹਿਰ ਘਰਿ ਜਾਇ ਮੇਰਾ ਮੰਤ੍ਰ ਘਨੱਈਏ ਨੂੰ ਆਂਵਦਾ ॥
ਉਥੇ ਗਈ ਰਾਧੇ ਦੀ ਮਾਇ ਜਸੋਧੇ ਰਾਂਨੀ ਤੇਰਾ ਮੰਤ੍ਰ ਘਨੱਈਆ ਤੇਰਾ ਜਾਣਦਾ ॥
ਅਨੀ ਤੁਸੀ ਕਾਮਣਿਆਰੀਆਂ ਨਾਰੀਆਂ ਮੇਰਾ ਮੋਹਨੁ ਮੰਤ੍ਰ ਜੰਤ੍ਰ ਨਹੀ ਜਾਣਦਾ ॥
ਅਨੀ ਜਸੋਧਾਂ ਰਾਨੀ ਬਾਲਕ ਨੂੰ ਸਮਝਾਇ ਇਹ ਤਾਂ ਅੱਜਿ ਕੱਲਿ ਚੱਚਰੁ ਕੋਈ ਉਪਾਂਵਦਾ ॥
ਅੱਗੋਂ ਡਰਿ ਗਈ ਘਨਈਏ ਦੀ ਮਾਇ ਲੈ ਜਾਉ ਭੈਣਾਂ ਅਹੁ ਦੇਖਿ ਬਾਲਕ ਆਂਵਦਾ ॥
ਪ੍ਰਭੂ ਦੇ ਘੁੰਘਰੀਆਲੇ ਵਾਲ ਮਾਥੇ ਤਾਂ ਮੁਕਟ ਸੁਹਾਂਵਦਾ ॥
ਸੰਗ ਲੈ ਚਲੀ ਰਾਧੇ ਦੀ ਮਾਇ ਪ੍ਰਭ ਆਇਆ ਤ ਬੇਨ ਬਜਾਂਵਦਾ ॥
ਨੈਨ ਜਿਉਂ ਨੈਨ ਮਿਲਾਇ ਪ੍ਰਭ ਨੈਨਾਂ ਦੇ ਵਿਚਿ ਸਮਾਂਵਦਾ ॥
ਹੁਣਿ ਰਾਧੇ ਕ੍ਰਿਸ਼ਨ ਮਿਲੇ ਪ੍ਰੇਮੁ ਪੂਰਾ ਹੋਇਆ ਤੇਰਾ ਮਨਹਰਿ ਹਰਿ ਜਸ ਗਾਂਵਦਾ ॥੧॥
(ਰਾਗ ਸੂਹੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨

ਲਿਖ ਭੇਜਾਂ ਊਧੋ ਤਾਈਂ, ਸਾਨੂੰ ਮੋਹਨਿ ਆਨਿ ਮਿਲਾਈਂ ॥
ਨਹੀਂ ਸਿਕਦੀ ਮਰਿ ਵੈਸਾਂਈ, ਵਿਛੋੜਾ ਭਾਇ ਪਇਆ ॥੧॥
ਹਰਿ ਹਰਿ ਗੋਪੀਅਨ ਬਿਰਹੁੰ ਬਿਆਕੁਲ ਮੋਹਨ ਮੋਹਿ ਗਇਆ ਮੋਰੇ ਰਾਮ ॥੧॥ਰਹਾਉ॥
ਦਧਿ ਮਾਖਨ ਦੇ ਦੇ ਪਾਲਿਆ, ਅਸਾਂ ਤਨ ਮਨ ਤੈਂ ਪਰਿ ਗਾਲਿਆ ॥
ਹੁਣਿ ਆਵੀਂ ਕਦੀ ਨੰਦਿ ਵਾਲਿਆ ਸਿੱਕਣ ਭਾਇ ਭਾਇਆ ॥੨॥
ਤੈਨੂੰ ਕੁਬਜਾਂ ਕਾਮਨ ਪਾਏ, ਬ੍ਰਿਜਿ ਵਿਚਿ ਸਨੇਹੇ ਆਏ
ਤੂੰ ਹੋਇਓਂ ਕੁਬਜਾਂ ਦਾ ਸਾਂਈ, ਸਾਂਈਆਂ ਕੁਬਜਾਂ ਮਰਿ ਜਾਈ
ਤਾਂ ਜਾਣਾ ਨਿਆਉਂ ਭਇਆ ॥੩॥
ਲੈ ਟਿਕੀਆਂ ਗਊਆਂ ਚਰਾਵੈਂ ਦਧਿ ਮਾਖਣ ਚੋਰ ਕਹਾਵੈਂ ॥
ਪਕੜੇਂਦੀ ਨੂੰ ਸਰਮੁ ਨ ਆਵੈ, ਗੁਣਿ ਮਹਾਂਰਾਜ ਭਇਆ ॥੪॥
ਸਾਨੂੰ ਲਾਈਆ ਪ੍ਰੇਮ ਕਟਾਰੀ, ਤੇਰੀ ਬੰਸੀ ਮਾਰਨਿਹਾਰੀ ॥
ਸਾਡੀ ਸਉਕਣੁ ਭਈ ਪਨਿਹਾਰੀ, ਕੁਬਜਾਂ ਦਾ ਸ਼ਾਮੁ ਭਇਆ ॥੫॥
ਜਨ ਮਹੋਰਿਦਾਸ ਪੁਕਾਰੇ, ਪ੍ਰਭ ਗੋਪੀ ਗੁਆਲ ਉਧਾਰੇ ॥
ਸਾਡੇ ਸਤਿਗੁਰ ਕਾਜ ਸਵਾਰੇ, ਗੁਰਮਿਲਿ ਮੇਲਿ ਭਇਆ ॥੬॥
(ਰਾਗ ਪਰਜੁ)

ਫਤਮਲ ਜੀ

੧

ਸੁੰਦਰ ਸਿਆਮੁ ਦਾ ਜੋੜਾ, ਮੋਹਣ ਲਾਲ ਦਾ ਜੋੜਾ ॥੧॥ਰਹਾਉ॥
ਧੰਨੇ ਨਥਮਾ ਬੀਜਿਆ ਜਮਨ ਕਿਨਾਰੇ ਆਇ ॥
ਜਮਨਾ ਜਲ ਸਿਉਂ ਸਿੰਚਿਆ ਪ੍ਰੀਤਿ ਸੋ ਹਿਤ ਚਿਤ ਲਾਇ ॥੧॥
ਚੁਣਿ ਲਿਆਈਆਂ ਸਭ ਗੋਪੀਆਂ ਉਨ੍ਹਾਂ ਵੇਲਿਆ ਸਹਜਿ ਸੁਭਾਇ ॥
ਫਿਰਿ ਦਾਦੂ ਪਿੰਜਾਰੇ ਨੂੰ ਸਉਂਪਿਆ ਉਸ ਲੀਤਾ ਧਨਖੁ ਚੜਾਇ ॥੨॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨਿਕਾ ਕਰਿਕੈ ਸੋਧਿਆ ਸਗਲਾ ਤਾਣੁ ਲਗਾਇ ॥
ਗੋੜੇ ਫੂਲ ਗੁਲਾਬ ਦੇ ਲਿਆਇਆ ਹਛੇ ਬਨਾਇ ॥੩॥
ਰਾਧੇ ਰੁਕਮਣਿ ਆਈਆਂ ਸਭ ਸਖੀਆਂ ਲਈਆਂ ਬੁਲਾਇ ॥
ਵੰਡਿ ਵੰਡਿ ਲਈਆਂ ਉਨਾਂ ਪੂਨੀਆ ਉਨਾਂ ਲਈਆਂ ਪਿੜੋਟੇ ਪਾਇ ॥੪॥
ਉਨਾਂ ਨਿਕਾ ਕਰਿ ਕਤਿਆ ਹਸਿ ਹਸਿ ਬਾਂਹਿ ਲੁਡਾਇ ॥
ਫਿਰਿ ਦਾਸ ਕੰਬੀਰੇ ਨੂੰ ਸਉਪਿਆ ਸਿਤਾਬੀ ਨਲੀ ਵਹਾਇ ॥੫॥
ਕਮਾਲੀ ਨਲੀਆਂ ਵਟੀਆਂ ਪੂਤੁ ਕਮਾਲੁ ਪੀਆਇ ॥
ਤਣਿਆ ਲੋਈ ਭਗਤਣੀ ਵੁਣਿਆਂ ਕੰਬੀਰੇ ਚਾਇ ॥੬॥
ਫਿਰਿ ਨਾਮੇ ਛੀਪੇ ਨੂੰ ਸਉਪਿਆ ਝਬਿ ਝਬਿ ਖੂੰਬ ਚੜਾਇ ॥
ਉਸ ਗੰਗਾ ਜਲ ਸਿਉਂ ਝੋਲਿਆ ਲੈ ਆਇਆ ਤਹਿ ਬਣਾਇ ॥੭॥
ਭਲਾ ਮਹੂਰਤਿ ਦੇਖਿ ਕੈ ਜੋੜਾ ਲਇਆ ਵਿਉਤਾਇ ॥
ਸੂਈ ਆਂਦੀ ਸਾਰ ਦੀ ਪਟੁ ਧਾਗੇ ਰੇਸਮ ਲਾਇ ॥੮॥
ਹਛਾ ਜੋੜਾ ਬਣਿ ਰਹਿਆ ਹਰਖ ਜਸੋਧੇ ਮਾਇ ॥
ਪਹਿਰਾਇਆ ਪਰਭੁ ਪ੍ਰੀਤਿ ਸੋ ਜਨ ਕਹਤੇ ਫਤਮਲ ਰਾਇ ॥੯॥
(ਸਿਰੀ ਰਾਗ)

੨

ਗੋਕਲ ਗਲੀਆਂ ਮੈਂ ਫਿਰਉਂ ਢੂੰਢਤੀ, ਹਰਿ ਦਰਸ਼ਨ ਦੀ ਪਿਆਸੀ ॥
ਤੂੰ ਜਾ ਰਤੋਂ ਕੁਬਜਾ ਸੇਤੀ, ਹੋਇਓਂ ਮਥੁਰਾ ਵਾਸੀ ॥
ਬੈਠੀ ਨੋ ਮੈਨੋ ਬਹਨਿ ਨ ਆਵੇ, ਸਿਕਦੇ ਨੈਣ ਉਦਾਸੀ ॥
ਗਿਰਧਾਰੀ ਦੇ ਕਾਰਨ ਫੱਤ ਮੱਲ, ਲੈਸਾਂ ਕਰਵਤ ਕਾਂਸ਼ੀ ॥

●

ਰਸਿਕ ਬਿਹਾਰੀ

੧

ਹੋ ਸਜਾਂਮਾਂ ਪਿਆਰੀ ਵੋ, ਮੈਂਡੀ ਜਿੰਦ ਲਗੀ ਹੈ ਤੈਂਡੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਬ ਹਸਿ ਬੇਖੈ, ਤਬ ਤਬ ਜੀਵਾਂ, ਰਹਿਦਾ ਹੋਇ ਨਿਹਾਲ
ਤੁਹੀ ਅਸਾਡੇ ਨੈਂਨ ਪ੍ਰਾਂਨ ਬਸ ਪਇਆ ਤੁਸਾਂਡੇ ਬਾਲ
ਯੌਂ ਕਹਿੰਦਾ ਕਰ ਜੋਰਿ ਕੁੰਵਰਿ ਸੌਂ 'ਰਸਿਕ ਬਿਹਾਰੀ' ਲਾਲ ॥
(ਤਿਤਾਲ)

੨

ਵੋ ਮੋਹਨਾਂ ਸੋਹਨ ਯਾਰ ਦੇ ਨੈਣਾਂ ਦੀ ਝੋਕਾਂ
ਸੀਨੇਂ ਦੇ ਬਿਚ ਲਗੀ, ਅਸਾਂਡੇ, ਵਾਰ ਪਾਰ ਹੁਈ ਨੋਕਾਂ
ਰੁਕਦੀ ਨਹੀਂ ਰੋਕਿ ਮੈਂ ਹਾਰੀ, ਲਾਜ ਘੂੰਘਟ ਦੈ ਰੋਕਾਂ
'ਰਸਿਕ ਬਿਹਾਰੀ' ਦਾ ਨਾਂਵ ਲੇ ਲੇ, ਕਰੈਂ ਸਬ ਬ੍ਰਜ ਨੋਕਾਂ ਟੋਕਾਂ ॥
(ਤਿਤਾਲ)

੩

ਤੀਖੇ ਨੈਂਨ ਕਨ੍ਹਾਈ ਤੈਂਡੇ, ਪਲ ਪਲ ਖੂਨ ਕਰੰਦੇ
ਭੌਹੈਂ ਤੋ ਕਮਾਨ ਤਨੀਂ, ਪਲਕੈਂ ਤੀਰ ਪਰੰਦੇ
ਕਿੱਤੇ ਘਾਇਲ ਪਰੇ ਕਰਾਹੈਂ, ਦਿਲ ਨਹੀ ਧੀਰ ਧਰੰਦੇ
'ਰਸਿਕ ਬਿਹਾਰੀ' ਨਿਤਿ ਵਾਰ ਕਰੰਦੇ, ਟਾਰੇ ਨਹੀਂ ਟਰੰਦੇ ॥
(ਤਿਤਾਲ)

੪

ਅਣੀ ਵਹਿ ਸੋਂਹਨਾਂ ਮੋਹਨ ਯਾਰ ਫੂਲ ਗੁਲਾਬ ਦਾ
ਰੰਗ ਰਗੀਲਾ ਅਰੁ ਚਟਕੀਲਾ, ਗੁਲ ਹੋਰ ਨ ਕੋਈ ਜਵਾਬ ਦਾ
ਉਸ ਬਿਨ ਭੰਵਰੇ ਜਯੋਂ ਭੰਵਦਾ ਹੋ, ਯਹ ਦਿਲ ਮੁਝ ਬੇਤਾਬ ਦਾ
ਕੋਈ ਮਿਲਾਵੈ 'ਰਸਿਕ ਬਿਹਾਰੀ', ਨੂੰ ਹੈ ਯਹ ਕਾਂਮ ਸਬਾਬ ਦਾ
(ਤਿਤਾਲ)

੫

ਮਨ ਲਾਇਆ ਕਿਉਂ ਕਾਨ੍ਹ ਅਨੋਖੇ ਸੌਂ
ਅਬ ਪਾਛੈਂ ਪਛਿਤਾਯੈਂ ਕਿਆ ਹੋਂਦਾ, ਣੀ ਭੂਲਿ ਪ੍ਰੀਤਿ ਕਰੀ ਓਖੇ ਸੌਂ
ਨਿਸ ਦਿਨ ਘੁਟਿਦੀ ਤੂ ਘਰ ਅੰਦਰ, ਸਾਸ ਨਨਦ ਦੇ ਹੌਖੈ ਸੌਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਜਨ ਬੁਰੇ 'ਰਸਿਕ ਬਿਹਾਰੀ' ਬਧਣ ਨੂੰ ਦੇਤਨ ਦੇ ਬੰਧੇ ਸੋਂ
(ਤਿਤਾਲ)

੬

ਸੁਰੰਗ ਸੇਜਾਂ ਰਗਮਗਿ ਰਹਿਆ ਸੁਖ ਸੈਂਣ
ਹਾਰਾਂ ਉਲਝਿਆ ਹਾਰ ਹਿਯਾਰਾਂ, ਨੈਂਣਾਂ ਉਲਝਿਆ ਨੈਂਣ
ਮਨਮਥ ਅਮਲ ਅਗਾਧਾ ਬੋਲੈ, ਆਧਾ ਆਧਾ ਬੈਂਣ
'ਰਸਿਕ ਬਿਹਾਰੀ' ਪਿਆਰੀ ਮਿਲਿ ਆਣਦ ਮੈ ਸੋਹਤ ਬਿਤਈ ਛੈ ਰੈਂਣ ॥
(ਰਾਗ ਖੰਭਾਵਚੀ, ਤਿਤਾਲ)

੭

ਆਇਆ ਬ੍ਰਜ ਪਰ ਛਾਇ ਜੀ ਜਲ ਬਾਦਲ ਝਰਿਆ
ਹਰਿਆ ਤਰਵਰ ਚੂਵੈਂ ਪਾਂਣੀ, ਬਹੋ ਸਰਵਰ ਭਰਿਆ
ਇਣ ਸਮਯੇ ਸੁਖ ਲੇਣ ਮਨੋਰਥ, ਦੰਪਤਿ ਹਿਯ ਧਰਿਆ
ਮਿਲਿਆ 'ਰਸਿਕ ਬਿਹਾਰੀ' ਪਿਆਰੀ, ਸਹੁ ਕਾਰਜ ਸਰਿਆ
(ਤਿਤਾਲ)

●

ਮਾਧਉਦਾਸ

੧

ਮਾਏ ਨੀ ਨੰਦ ਲਾਲ ਜੋ ਡਿਠਾ ਵਾਲ ਸੁਵੰਗ ਨਿਆਲੇ ॥
ਅਖੜੀਆਂ ਦੁਇ ਕਉਲ ਟਹੱਕਨ ਭਉਰਾ ਭਉਚਾ ਸਕਾਲੇ ॥
ਕੰਨੀ ਸੋਇਨ ਲੁੜੱਕਨ ਸੋਹਨ ਮਾਨੋ ਸੂਰਜ ਝਾਲੇ ॥
ਦੱਮਾ ਬਾਝੂ ਮੈ ਮੁਲ ਵਿਕਾਣੀ ਸੁਣਿ ਸੁਣਿ ਮਿਠੜੀ ਗਾਲ ॥੧॥
ਮਾਏ ਕੀ ਕਰਾਂ, ਕੀ ਕਰਾਂ ਨੀ ਮੈਂ ਕੀ ਕਰਾਂ ॥
ਮਨ ਲਗੜਾ ਸੁ ਹਰਿ ਜੀ ਦੇ ਨਾਲਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਝ ਨਿਮਾਣੀ ਦਾ ਤੂੰ ਧਨੀ ਮੈਂ ਜਾਂ ਦੇਖਾਂ ਤਾਂ ਜੀਵਾਂ ॥
ਜੀਉ ਧਰਾਂ ਨੀ ਮੈ ਜੀਉ ਧਰਾਂ ॥ ੧ ॥ ਰਹਾਉ ॥
ਨੱਕ ਜਿਨਾ ਦਾ ਤੋਤੇ ਦੀਆਂ ਚਿੰਜੂ ਹੋਠੁ ਗੁਲੀ ਰੰਗ ਰਤੇ ॥
ਮੋਤੀ ਚਉਂਕ ਬਤੀਸੀ ਸੋਹੈ ਹੱਸੈ ਤ ਬਿੱਜੁਲਿ ਲੱਸਕੇ ॥
ਖੱਬੀ ਬੁੱਕਲ ਪੀਤ ਪੀਤੰਬਰ ਲਟਕਿ ਚਲੰਦੜਾ ਚਾਲੇ ॥
ਮਾਏ ਨੀ ਮੈਨੂੰ ਪਈ ਠਗੋਰੀ, ਮੈਨੂੰ ਹੋਰੁ ਨ ਕੁਝ ਖਿਆਲ ॥੨॥
ਮਾਥੇ ਉਪਰਿ ਮੁਕਟ ਬਿਰਾਜੈ ਚੱਲੇ ਤ ਅੰਗ ਹਲਾਏ ॥
ਜਾਨ ਘਟਾਂ ਵਿਚਿਕਾਰੇ ਪਰਬਤ ਮੋਰਾਂ ਪਾਇਲੁ ਪਾਏ ॥
ਫ਼ਿਹੇ ਭੁੱਖੁ ਨ ਰਾਤੀ ਸੱਮਣ ਪਏ ਨੀ ਬਿਰਹੁ ਕਸਾਲੇ ॥
ਵਸ ਬੰਦੀ ਦਾ ਨਾਂਹੀ ਵੇ ਮਾਧਉ, ਲਗੀ ਵੱਤਾਂ ਨਾਲਿ ॥੩॥

(ਰਾਗ ਬਰਵਾ)

੨

ਵਰਜਿ ਨੀ ਜਸੋਧੇ ਅਨੋਖੜਾ ਨੀ ਬਾਲੁ ॥
ਚਲਿ ਕਰਿ ਦੇਖਿ ਸਾਡੇ ਘਰਿ ਦਾ ਹਵਾਲੁ ॥ ੧ ॥ ਰਹਾਉ ॥
ਅਜ ਭਲਕੀ ਹੁਣਿ ਮੈ ਰਿੜਕਣਾ ਨੀ ਪਾਇਆ ॥
ਚਾਰਿ ਪੰਜ ਬਾਲਕੁ ਸੰਗਿ ਲੈ ਦਉੜਦੋ ਨੀ ਆਇਆ ॥
ਅਗੇ ਰਿੜਕਿਆ ਭੀ ਨਹੀ ਮਖਨ ਮੰਗਦਾ ਨੀ ਹਾਲੁ ॥੧॥
ਦੁੱਧੁ ਦੁਹਾਇਕੇ ਮੈ ਛਿਕੇ ਤੇ ਨੀ ਰੱਖਿਆ ॥
ਰੱਖਦਿਆਂ ਨੀ ਕਾਨ ਤੇਰੇ ਮੈਕੂੰ ਭੀ ਲੱਖਿਆ ॥
ਚੁੱਪ ਚੁਪਾਤਾ ਮੇਰੇ ਅੰਦਰਿ ਵੜਿਆ ॥
ਮੂੰਧੀ ਘਤਿ ਉੱਖਲੀ ਤੈਂ ਦੇ ਉਤੇ ਨੀ ਚੜਿਆ ॥
ਉਨ ਸਭੋ ਸਭੋ ਪੀਤਾ ਮੈ ਕੀਤਾ ਨਾ ਖਿਆਲ ॥੨॥
ਵੱਛੇ ਕੱਟੇ ਛੇਰਿ ਕੋਈ ਗਾਈਂ ਨੂੰ ਲਹੇਂਦਾ ॥
ਚੂਢੀਆਂ ਭਰਿ ਸੁੱਤੇ ਬਾਲ ਨੀ ਜਗੇਂਦਾ ॥
ਮੈਂਡੇ ਅੰਦਰਿ ਵੰਞਿ ਗੋਲੜਾ ਨੀ ਦੇਂਦਾ ॥
ਜਾਂ ਲੜਿ ਪਕੜਾਂ ਤਾਂ ਡੁਸਕਿ ਡੁਸਕਿ ਰੋਂਦਾ ॥
ਵਰਜਿਆ ਨ ਰਹੇ ਮਾਧਉ ਚਕ ਚਾਲੁ ॥

(ਰਾਗ ਬਿਲਾਵਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੂੜਾ

੧

ਅਪਰਾਧੀਆਂ ਨੂੰ ਪਾਰ ਉਤਾਰਦਾ, ਮਤ ਹੀਣਿਆਂ ਨੂੰ ਪਾਰ ਉਤਾਰਦਾ ॥
ਲੜਿ ਲਗਿਆਂ ਨੂੰ ਪਾਰ ਉਤਾਰਦਾ, ਮੇਰਾ ਸਤਿਗੁਰ ਬੇੜਾ ਜੀ ॥੧॥ ਰਹਾਉ ॥
ਗੁਰ ਮੇਰਾ ਪਿਤਾ ਗੁਰ ਮੇਰਾ ਮਾਤਾ, ਸੋਈ ਗੁਰ ਦਿਤਾ ਮੈਨੂੰ ਪੁਸਟ ਬਿਧਾਤਾ ॥
ਗੁਰ ਮਿਲਿ ਸਾਧ ਸੰਗਤਿ ਹਰਿ ਜਾਤਾ, ਗੁਰ ਸਾਹਿਬ ਸਭ ਸੰਸਾਰ ਦਾ ॥੧॥
ਬੋਹਿਥੜਾ ਗੁਰ ਨਾਮੁ ਤੁਮਾਰਾ, ਜਿਤੁ ਚੜ ਆਵੈ ਜੀਉ ਹਮਾਰਾ ॥
ਕੀਜੈ ਤਾਤੁਕਾਲ ਛੁਟਿਕਾਰਾ, ਬੰਨਾ ਮੈ ਦੇਖਾਂ ਪਾਰਦਾ ॥੨॥
ਸਾਧਿ ਸੰਗਤਿ ਜਿਨ ਟਹਲ ਕਮਾਈ, ਤਿਨਿ ਦਰਗਾਹ ਵਿੱਚ ਢੋਈ ਪਾਈ ॥
ਸਾਚਾ ਸਤਿਗੁਰ ਭਇਆ ਸਹਾਈ, ਸੋ ਜਨ ਕਬਹੂੰ ਨ ਹਾਰਦਾ ॥੩॥
ਸਤਿਗੁਰ ਦਇਆਲੁ ਮੇਰੀ ਪੂਰੀ ਆਸਾ, ਸਾਧ ਸੰਗਤਿ ਵਿਚ ਦਿਤੋ ਸੁ ਵਾਸਾ ॥
ਦਾਸੁ ਬੂੜੇ ਤਾਂਕਾ ਭਰਵਾਸਾ, ਜੋ ਗੋਕਲ ਗਊਆਂ ਚਾਰਦਾ ॥੪॥
(ਰਾਗਮਾਝ)

੨

ਤੂੰ ਆਉ ਮੇਰੇ ਦੀਨ ਦਿਆਲਾ, ਮਨ ਮੋਹਨਾ ਮਦਨ ਗੁਪਾਲਾ ॥
ਤੂੰ ਤਾਂ ਮੇਰੇ ਪਰਾਣਾਂ ਦਾ ਰਖਵਾਲਾ, ਤੇਰਾ ਜਸ ਗਾਵਣਾਂ ਸਾਧਾਂ ॥੧॥ ਰਹਾਉ ॥
ਮਾਂ ਮੇਰੀ ਲਾਲੀ ਤੇ ਪਿਉ ਮੇਰਾ ਲਾਲਾ, ਭਗਤਿ ਕਰਾਂ ਤਾਂ ਰਹਾਂ ਸੁਖਾਲਾ ॥
ਤੁਝ ਬਿਨੁ ਕਵਨੁ ਕਰੈ ਪਰਤਿਪਾਲਾ, ਤੇਰਾ ਦਿਤੜਾ ਖਾਵਣਾਂ ॥੧॥
ਮੂਲੁ ਖਰੀਦੀ ਮੈ ਬਰਦਾ ਤੇਰਾ, ਤੂੰ ਆਦਿ ਜੁਗਾਦੀ ਸਾਹਿਬ ਮੇਰਾ ॥
ਦੀਜੈ ਰੰਗ ਮਹਲ ਵਿੱਚ ਡੇਰਾ, ਮੈ ਹਛੜਾ ਕਰਾਂ ਵਿਛਾਵਣਾ ॥੨॥
ਚਉਕਾ ਫੇਰੀ ਮੈ ਭਾਂਡੇ ਧੋਵਾਂ, ਆਗ ਲਿਆਵਾਂ ਬਹਿ ਚਕੀ ਝੋਵਾਂ ॥
ਅਰਜੂੰ ਬੰਦੜਾ ਮੈ ਹੋਇ ਖੜੋਵਾਂ, ਤੁਧੇ ਨੂੰ ਰੀਝਾਵਣਾਂ ॥੩॥
ਦੇਵੋਂ ਬਹਾਰੀ ਮੈ ਪੱਖਾ ਕਰਸਾਂ, ਕੋਰੀ ਗਾਗਰਿ ਗੰਗਾ ਜਲੁ ਭਰਸਾਂ ॥
ਹੁਕਮੁ ਤੁਸਾਡਾ ਮੈ ਸਿਰ ਪਰਿ ਧਰਸਾਂ, ਇਤ ਉਤ ਕਤਹਿ ਨ ਜਾਵਣਾ ॥੪॥
ਦਾਸੁ ਬੂੜੇ ਪਰ ਕਿਰਪਾ ਕੀਜੈ, ਪਰੇਮ ਭਗਤ ਕੀ ਹਟੜੀ ਦੀਜੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮੁ ਨਾਮੁ ਕਾ ਸਉਦਾ ਕੀਜੈ, ਲੈ ਲਾਹਾ ਘਰਿ ਆਵਣਾ ।੫॥
(ਰਾਗ ਮਾਝ)

ਟਹਕਨ

੧

ਸੁਨਿ ਰੀ ਸਹੇਲੀ ਗਲਿ ਹੋਇ ਕੇ ਇਕੇਲੀ
ਮੇਰੀ ਗੋਕਲ ਦਾ ਬੇਲੀ ਤੇਰਾ ਮੇਲੀ ਕਰਿ ਦੇਨੀ ਹਾਂ ॥੧॥ ਰਹਾਉ ॥
ਜੈਨੂੰ ਬ੍ਰਿਜ ਨਾਰੀਆਂ ਝਾਕਦੀਆਂ ਨੀ ਵਾਰੋ ਵਾਰੀ
ਤੇਰੇ ਕਾਰਣਿ ਰਾਤੀ ਦਿਹੇਂ ਮਿੰਨਤ ਕਰੇਨੀ ਹਾਂ ॥੧॥
ਦੋਵੇ ਤੁਸੀ ਹੋ ਸਿਆਣੇ ਕੀਤਾ ਲੋੜੋ ਮਨ ਦੇ ਭਾਣੇ
ਮਾਣਾ ਤੂੰ ਮਣੇ ਨੀ ਵਿੱਚ ਤਾਣਾ ਮੈ ਤਣੇਂਨੀ ਹਾਂ ॥੨॥
ਟਹਕਨਿ ਬਿਹਾਰੀ ਲਾਲ ਗੁਨ ਜੋਬਨ ਗੁਮਾਨ ਭਰਿਓ
ਭਿਜਨ ਦਾ ਨਾਹੀ ਕਿਤੇ ਭਾਵੇਂ ਨਲਿ ਭੇਨੀ ਹਾਂ ॥੩॥
(ਰਾਗ ਬਿਲਾਵਲ)

੨

ਲੂੰ ਲੂੰ ਵਿਚ ਵਸਦੀ ਹੈ, ਅਖੀ ਨਾਹੀ ਦਿਸਦੀ ਹੈ ॥
ਚੁਖ ਨ ਦਿਖਾਲੀ ਨੀ ਮੈਂ ਅੰਗੁ ਅੰਗੁ ਸੀਤੀ ਹੈ ॥੧॥ ਰਹਾਉ ॥
ਪੁਛਣ ਸਹੇਲੀਆਂ ਹੋਇਕੇ ਇਕੇਲੀਆਂ, ਆਖਿ ਦੇਖਾ ਵੇਦਨ ਤੈਨੂੰ ਵਾਣੀ ਹੈ
ਕਿ ਵੀਤੀ ਹੈ ॥੧॥
ਆਖਾਂ ਨੀ ਸਹੇਲੀਹੋ ਆਖਣ ਦੀ ਗਲ ਤੈਨੂੰ, ਬੈਣਾ ਵਿਚਿ ਆਵੈ ਨਾਹੀ
ਨੈਣਾ ਲਖ ਲੀਤੀ ਹੈ ॥੨॥
ਟਹਕਣ ਬਿਹਾਰੀ ਆਵੈ ਵਿਛੋੜੇ ਦੀ ਪੀੜ ਪਾਵੈ ਨੇਹੁ ਦੀ ਅਨੋਖੀ ਗਾਲ
ਜਾਣੈ ਜੈ ਸਹੀਤੀ ਹੈ ॥੩॥
(ਰਾਗ ਜੈਜਾਵੰਤੀ, ਕਾਫੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਇਕੋ ਵੇਹੜਾ ਇੱਕੋ ਰਾਹੁ, ਮਿਲਨੇ ਦਾ ਲੱਗੇ ਨਹੀ ਦਾਉ ॥
ਨੇੜੇ ਦਾ ਸੁਨੇਹਾ ਮੈਨੂੰ ਸੋਹੇਂ ਵਾਂਗੂ ਗਾਲਦਾ ॥੧॥ ਰਹਾਉ ॥
ਮੰਦੀਆਂ ਗਵਾਂਢਣੀ, ਕੋਈ ਆਵੈ ਨਾਹੀ ਗਾਂਢਣੀ ॥
ਆਖਿ ਕੈ ਸੁਣਾਈ ਕੈਨੂੰ ਭੇਤੀ ਨਹੀ ਹਾਲ ਦਾ ॥੧॥
ਟਹਕਨ ਬਿਹਾਰੀ ਹਾਰੀ, ਜਿੰਦ ਜਾਨ ਮੈ ਤੈਥੋਂ ਵਾਰੀ ॥
ਘਿੰਨਕੇ ਗਇਆ ਸੀ ਕੋਈ ਖਿਆਲੁ ਪਿਆਰੇ ਲਾਲੁ ਦਾ ॥੨॥

(ਰਾਗ ਤਿਲੰਗ, ਕਾਫੀ)

ਕੇਵਲ ਰਾਮ

੧

ਬਿਨ ਡਿਠੜੇ ਮਹਾਂਰਾਜ ਰੇ ਹੋਰੀ ਕੈ ਸੰਗਿ ਖੇਲੋਂ ॥
ਬਿਨ ਡਿਠੜੇ ਮਹਾਂਰਾਜ ਰੇ ॥ ੧ ॥ ਰਹਾਉ ॥
ਹਰਿ ਬਿਨੁ ਹੋਰੀ ਬਣੇ ਨ ਮੋਕਉ ਖੇਲਤ ਹੋਵਾਂ ਨਿਲਾਜ ਰੇ ॥ ੧ ॥
ਬਸੰਤ ਬਢਾਵਉ ਆਨੰਦ ਗਾਵਉ ਜੇ ਘਰਿ ਆਵੇ ਪੀਆ ਆਜ ਰੇ ॥ ੧ ॥
ਕੇਵਲ ਰਾਮ ਬਿੰਦਰਾਬਨ ਜੀਵਣੁ ਸਾਮੁ ਗਰੀਬ ਨਿਵਾਜ ਰੇ ॥ ੩ ॥

(ਸਿਰੀ ਰਾਗ)

੨

ਤੂੰ ਸੁਣਿ ਵੇ ਅਣੋਖਿਆ ਕਾਂਨਾਂ ਮੇਰੀ ਗਲਿ ਸੁਣਿ ਵੇ ॥ ੧ ॥ ਰਹਾਉ ॥
ਸਾਧੂ ਰੰਗੁ ਮਜੀਠੇ ਨੀ ਰਾਤੇ ਸੰਸਾਰੀ ਰੰਗੂ ਤੁਣਿ ਵੇ ॥ ੧ ॥
ਮੋਹਣ ਤੇਰੀ ਚਾਲਿ ਨਿਰਾਲੀ ਘੁੰਘਰੂਆ ਰੁਣਿ ਝੁਣਿ ਵੇ ॥ ੨ ॥
ਬਿੰਦ੍ਰਾਬਨ ਵਿਚਿ ਗਊ ਚਰਾਵੇ ਸੰਗਿ ਰਾਧੇ ਸੀ ਹੁਣਿ ਵੇ ॥ ੩ ॥
ਕੇਵਲ ਰਾਮ ਬਿੰਦ੍ਰਾਬਨ ਜੀਵਨ ਮੋਹੀਆਂ ਮੁਰਲੀ ਦੀ ਧੁਣਿ ਵੇ ॥ ੪ ॥

(ਸਿਰੀ ਰਾਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੰਦ ਮਹਿਰ ਦਾ ਲਾਡਲਾ ਵਾਰੀ ਤੈਂਡੇ ਮਾਥੇ ਤੇ ਮਾਣਿਕ ॥ ੧ ॥ ਰਹਾਉ ॥
ਗੋਲਿ ਲਧੋ ਸੇ ਸਿਪਰੀ ਨੰਦ ਦਿਆਂ ਲੱਖਾਂ ਦੇ ਵਿਚਿ ਇਕ ॥
ਪਾਰਿ ਸਜਣੂ ਵਿਚਿ ਨਏਂ ਵਹੈ ਮੈਡਾ ਲਹਰੀ ਦੇ ਵਿਚਿ ਚਿਤ ॥ ੧ ॥
ਜੇ ਰੱਬ ਦੇਵਨੁ ਖੰਭੜੇ ਨੰਦ ਦਿਆ ਮਿਲਿ ਮਿਲਿ ਆਵਾਂ ਨਿਤ ॥
ਦਾਸ ਕੇਵਲ ਦੀ ਬੇਨਤੀ ਨੰਦ ਦਿਆ ਮੇਰਾ ਰਖ ਚਰਨਾ ਵਿਚਿ ਚਿਤਿ ॥ ੨ ॥

(ਰਾਗ ਆਸਾ)

ਲਖਮੀ ਚੰਦ

ਊਧੋ ਮੋਹਨ ਲਾਲ ਕਉਨ ਬ੍ਰਿਜ ਆਵਸੀ ॥
ਮੇਰੀ ਬਿਰਹੁੰ ਅਗਨਿ ਕੀ ਭਾਇ ਸੁ ਕਉਨ ਬੁਝਾਵਸੀ ॥ ੧ ॥ ਰਹਾਉ ॥
ਪੁੰਨੇ ਬਾਰਾਂ ਮਾਂਹੁ ਇਵੇਂ ਕੁਰਲਾਂਦਿਆਂ ॥
ਲਿਖਿ ਲਿਖਿ ਪਤੀਆਂ ਨਿਤਿ ਸਨੇਹੇ ਦੇ ਦਿਆਂ ॥ ੧ ॥
ਮਰਹਿ ਕਠਨਿ ਬਿਖ ਖਾਇ ਸਗਲਿ ਬ੍ਰਿਜ ਨਾਰੀਆਂ ॥
ਕੈਸੇ ਕੈ ਰਾਖੈਂ ਪ੍ਰਾਂਨ ਜੁ ਲਾਲ ਵਿਸਾਰੀਆਂ ॥ ੨ ॥
ਤੇਲ ਫੁਲੇਲ ਰਬੇਲ ਲਗਹਿ ਚਿਨਗਾਰੀਆਂ ॥
ਜਮਨਾਂ ਜਮੁ ਹੋ ਰਹੀ ਬਿਨਾ ਗਿਰਧਾਰੀਆ ॥ ੩ ॥
ਕਉਲ ਨੈਨ ਕੇ ਬਿਰਹੁ ਤਪਤੁ ਹੈ ਛਾਤੀਆਂ ॥
ਨਿਤ ਉਡੇਨੀ ਹਾਂ ਕਾਂਗੁ ਲਿਖੇਨੀ ਹਾਂ ਪਾਤੀਆਂ ॥ ੪ ॥
ਊਧੋ ਇਕੁ ਸਨੇਹਾ ਕਹੀਐ ਸਾਂਵਰੇ ॥
ਤੁਮ ਬਾਝੂ ਮੇਰੇ ਨੈਨ ਭਏ ਹੈਂ ਬਾਵਰੇ ॥ ੫ ॥
ਗ੍ਰਿਹ ਬਨ ਬੀਥਨ ਮਾਹਿ ਸੁ ਬਹਨਿ ਨ ਆਵਣੀ ॥
ਤਰਫਤਿ ਸਾਰੀ ਰੈਨ ਸੁ ਮੋਹਿ ਬਿਹਾਵਈ ॥ ੬ ॥
ਸੁਨੀ ਗੋਪੀਅਨ ਕਾ ਪ੍ਰੇਮ ਊਧੋ ਭਇਆ ਬਾਵਰਾ ॥
ਗਿਰਿਓ ਧਰਨਿ ਮੁਰਝਾਇ ਕਹੈ ਪੀਆ ਸਾਂਵਰਾ ॥ ੭ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹੁ ਬਿਰਹੁ ਰਸ ਪ੍ਰੇਮ ਕੋਈ ਜਨ ਪਾਵਹੇ ॥
ਰਾਧੇ ਲਾਲ ਸਨੇਹੁ ਲਖਮੀ ਚੰਦ ਗਾਵਹੇ ॥ ੮ ॥
(ਰਾਗ ਮਾਰੂ)

ਚਰਨਦਾਸ

ਫਰਜੰਦ ਨੰਦ ਜੀ ਕੋ ਮਨ ਬੀਚਿ ਭਾਂਵਦਾ ॥
ਪਾ ਪਾਇ ਖੂਬ ਨੂਪਰਿ ਸੁੰਦਰ ਸੁਹਾਂਵਦਾ ॥ ੧ ॥ ਰਹਾਉ ॥
ਯਹਿ ਸਾਵਰਾ ਸਲੋਨਾ ਮਹਬੂਬ ਯਾਰ ਮਨ ॥
ਮੁਖਿ ਹਸਤ ਲਟਕ ਚਾਲ ਮਟਕ ਮੇਰੇ ਆਂਵਦਾ ॥ ੧ ॥
ਟੀਕਾ ਸੰਦਲ਼ ਕਾ ਖੈਚਿ ਕਰਿ ਮਾਥੇ ਪਰਿ ਅਦਾ ਸੋਂ ॥
ਬਰਸਰਿ ਬਿਰਾਜੇ ਅਫਸਰ ਹੀਰੇ ਜੜਾਂਵਦਾ ॥ ੨ ॥
ਕੁੰਡਲ ਝਲੱਕਤੇ ਸੋਹੈਂ ਦਰਿ ਅਰਜਿ ਰੋਸ ਮੋ ॥
ਆਵਾਜ ਬੰਸਰੀ ਕੀ ਸ਼ੀਰੀ ਬਜਾਂਵਦਾ ॥ ੩ ॥
ਨੀਮਾ ਜਰੀਕਾ ਗਲਿਮੋ ਕਟ ਕਾਛਨੀ ਬਨੀ ॥
ਪੀਅਰੇ ਦੁਪੱਟੇ ਵਾਲਾ ਬੀਰੇ ਚਬਾਂਵਦਾ ॥ ੪ ॥
ਕਰਤ ਹੈਂ ਨਿਰਤਿ ਨਾਗਰਿ ਘੁੰਘਰੂ ਕੀ ਛਣਕ ਸੋਂ ॥
ਤਾ ਤਾ ਤਥਈ ਥਈ ਗਤਿ ਲਗਾਂਵਦਾ ॥ ੫ ॥
ਨੈਨ ਕਿ ਆਨ ਤਾਨ ਕੇ ਅਬਰੂ ਕਮਾਨ ਸੋਂ ॥
ਪਲਕਨਿ ਕੇ ਪ੍ਰੇਮ ਤੀਰ ਕਲੇਜੇ ਛੁਹਾਂਵਦਾ ॥ ੬ ॥
ਘਾਇਲ ਕੀਆ ਹੈ ਮੇਰੇ ਤਾਂਈ ਤੇਰੇ ਪ੍ਰੇਮ ਨੇ ॥
ਸੁਖਦੇਉ ਚਰਨਦਾਸ ਕੇ ਰਿਦਿ ਮੈ ਸਮਾਵਦਾ ॥ ੭ ॥
(ਰਾਗ ਬਿਲਾਵਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸਕ ਲਾਲ

ਪਰਾਤਿ ਸਮੇ ਮੈ ਜਿਤ ਕਿਤ ਵੇਲੇ ਜਾਵਾਂ ਜਮਨਾ ਪਾਨੀ ॥
ਤੇਰਾ ਹਸਿ ਮੋਹਿਨ ਕੰਕਰ ਮਾਰੇ ਗਾਗਰਿ ਧਰੇ ਨਿਸਾਨੀ ॥
ਨੰਦ ਅਹੀਰ ਗਰੀਬ ਜਸੋਧਾਂ ਕਾਨ ਪਿਤਾ ਕੋਈ ਹੋਰੁ ॥ ੧ ॥
ਨੀ ਮੈ ਕੈਨੂੰ ਆਖਾਂ, ਅਨੀ ਸਮਝਾਇ ਜਸੋਧਾ ਤੂੰ ਬਿਰਜ ਦੀ ਰਾਨੀ ॥
ਤੂੰ ਖਰੀ ਸਿਆਨੀ ਕਾਂਨ ਕਰੇਂਦਾ ਤੇਰਾ ਜੋਰ ॥ ੧ ॥ ਰਹਾਉ ॥
ਅੰਦਰਿ ਵੜਾਂ ਤਾਂ ਅੰਦਰਿ ਮੋਹਨ ਮੈਨੂੰ ਬਾਹਰਿ ਮੋਹਨਿ ਦਿਸੈ ॥
ਸਾਵਲਾ ਰੰਗਿ ਸਲੋਈਆਂ ਅਖੀਆਂ ਮੋਹਿ ਲਇਆ ਤਨ ਤਿਸੇ ॥
ਡਿਠੇ ਬਾਝੂ ਚੈਨ ਨ ਆਵੈ ਜੈਸੇ ਚੰਦ ਚਕੋਰੁ ॥ ੨ ॥
ਜਾਂ ਦੇਖਾਂ ਤਾਂ ਭਾਂਜਨ ਖਾਲੀ ਹੋਤ ਕਹਾ ਰੀ ਮਾਈ ॥
ਇਕ ਦਿਨ ਕੋਨੇ ਲੱਗਿ ਖਲੋਤੀ ਆਏ ਕੁਇਰ ਕਨਾਈ ॥
ਮੈਂ ਲੜਿ ਫੜਿਆ ਉਸ ਦਿਲ ਫੜਿਆ ਇਹ ਦਿਲਾਂ ਦਾ ਚੋਰੁ ॥ ੩ ॥
ਇਕੁ ਦਿਹਾੜੇ ਗੁਆਰ ਮੰਡਲੀ ਪ੍ਰਭ ਅੰਙਣ ਮੇਰੇ ਆਇਆ ॥
ਜਨਮ ਜਨਮ ਦਾ ਸੇਵਕ ਤੇਰਾ ਰਸਕ ਲਾਲੁ ਜਸੁ ਗਾਇਆ ॥
ਤੂੰਹੇ ਮੇਰੀ ਸੇਵਾ ਤੂੰਹੇ ਮੇਰੀ ਪੂਜਾ ਦੀਜੈ ਦਰਸੁ ਨਿਸ ਭੋਰੁ ॥ ੪ ॥

(ਰਾਗ ਬਿਲਾਵਲ)

ਕਮਾਲ

ਅਸੀ ਭੂਲੀਆਂ ਨ ਗਈਆਂ ਪ੍ਰਭ ਜੀ ਕੇ ਸੰਗ ॥ ੧ ॥ ਰਹਾਉ ॥
ਚਲੋ ਸਖੀ ਮਥਰਾ ਜਾਇ ਬਸੀਏ ਤਜੀਐ ਗੋਕਲ ਗਾਂਉ ॥
ਕੁਬਜਾਂ ਦੀ ਜਾਇ ਟਹਲ ਕਮਾਈਐ, ਦਾਸੀ ਧਰਾਈਐ ਨਾਂਉ ॥੧॥
ਆਗੁ ਲਗੇ ਇਨ ਨੇਤ੍ਰਾਂ, ਜਿਸ ਨਹੀ ਦਿਸਦਾ ਸਿਆਮੁ ॥
ਸਾਂਮੁ ਸੁੰਦਰ ਬਿਨ ਜੀਵਣਾ ਨਹੀਂ ਜੀਵਨ ਕਾ ਕਾਮੁ ॥ ੨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਧ ਮਖਣ ਛਾਹੀ ਦੇ ਦੇ ਪਾਲਿਆ ਏਹ ਤਾਂ ਮਾਤ ਜਸੋਧਾਂ ਦਾ ਬਾਲੁ ॥
ਕੰਸ ਗੁਮਾਨੀ ਦਾ ਭਾਣਜਾ ਏਹ ਤਾਂ ਪਰੀਤ ਕੀ ਜਾਣੈ ਪਾਲ ॥ ੩ ॥
ਨੰਦ ਮਹਰ ਦਾ ਲਾਡਲਾ ਸਿਰੀ ਕਰਿਸ਼ਨ ਜਾ ਕਾ ਨਾਉ ॥
ਭਗਤ ਉਧਾਰਣ ਆਇਆ ਤਾਰਿਆ ਸੁ ਗੋਕਲ ਗਾਉਂ ॥ ੪ ॥
ਊਧੋ ਏਹ ਸੰਦੇਸੜਾ ਜਾਇ ਕਹੀਐ ਕਰਿਸ਼ਨ ਸੁਨਾਇ ॥
ਗੋਪੀਆਂ ਸਭ ਜੋਗਨ ਹੋਈਆਂ ਅੰਗ ਬਿਭੂਤ ਲਗਾਇ ॥ ੫ ॥
ਮੋਹਨ ਤੁਮਾਰੇ ਦਰਸ ਬਿਨੁ ਸੂਕੇ ਸਗਲ ਸਰੀਰੁ ॥
ਪਾਪੀ ਨੈਨ ਨ ਸੂਕਤੇ ਭਰ ਭਰ ਲਿਆਵੈਂ ਨੀਰ ॥ ੬ ॥
ਸੂਕ ਸੂਕ ਹੋਈਆਂ ਪਿੰਜਰਾ ਹਾਲੁ ਤੇ ਹੋਈਆਂ ਬਿਹਾਲੁ ॥
ਗੋਪੀਆਂ ਸਭ ਸ੍ਰੀ ਕ੍ਰਿਸ਼ਨ ਬਿਨੁ ਜਸੁ ਕਹੈ ਦਾਸ ਕਮਾਲ ॥ ੭ ॥

(ਗਉੜੀ ਪੂਰਬੀ)

ਬਿਹਾਰੀ

੧

ਹਿਕ ਦਿਨ ਆਹੀ ਮੈਂ ਅੰਦਰਿ ਸੁਤੀ, ਮੈਡੀ ਸਾਮ ਹਿਲਾਈ ਖਿੜਕੀ ॥
ਖਿੜਕੀ ਹਲੀ ਤੇ ਧਮਕ ਪਹੁਤੀ, ਤ੍ਰੁਟੀ ਕੰਨ ਦੀ ਲੁੜਕੀ ॥
ਅੰਦਰਿ ਮਾਊ ਗਾਲੀ ਦਿਤੀਆਂ, ਬਾਹਰਿ ਬਾਬੁਲਿ ਝਿੜਕੀ ॥
ਸਾਮ ਸਲੋਣੇ ਦੀ ਲਟਕ ਬਿਹਾਰੀ, ਅਸਾ ਰੋਦਿਆਂ ਚਾਟੀ ਰਿੜਕੀ ॥

੨

ਬਿੰਦ੍ਰਾਬਨ ਦੀਆਂ ਠੰਢੀਆਂ ਛਾਵਾਂ, ਮੋਰੀਂ ਰੁਣ ਝੁਣ ਲਾਇਆ ॥
ਕਢਿ ਕਲੇਜਾ ਕੋਇਲੇ ਕੀਤਾ, ਕੋਈ ਦਾਦਰੁ ਦੁੰਦ ਰਚਾਇਆ ॥
ਬਿਜਲੀ ਲਸ਼ਕੈ ਤੇ ਘਨੀਅਰ ਗਰਜੇ, ਮੇਰਾ ਸੁੱਤਾ ਪ੍ਰੇਮ ਜਗਾਇਆ ॥
ਇਕ ਸੁ ਮੁਰਲੀ ਵਾਲੇ ਬਾਝ ਬਿਹਾਰੀ, ਸਾਨੂੰ ਖੂੰਨੀ ਸਾਵਣ ਆਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂ ਲਿਖਿ ਕੈ ਪਤੀਆ ਲੈ ਆਇਓ, ਊਧੋ ਅਸੀਂ ਪ੍ਰੇਮ ਦਰਦਿ ਦੁਖ ਭਰੀਆਂ ॥
ਤੂ ਬਿਦਰਦੁ ਤੈਨੂੰ ਦਰਦੁ ਨ ਕੋਈ, ਅਸੀ ਕਵਨ ਵਖਤ ਦੀਆਂ ਖੜੀਆਂ ॥
ਮੁਰਲੀ ਵਾਲੇ ਵਸਿ ਕਰ ਲੀਤੀਆਂ, ਸਿਰਿ ਪਾਇ ਪ੍ਰੇਮ ਕੀਆਂ ਜੜੀਆਂ ॥
ਸੋ ਕਿਉਂ ਮਲਨਿ ਬਿਭੂਤੁ ਬਿਹਾਰੀ, ਜਿਨਿ ਸਿਰਿ ਸੋਹਾਗ ਦੀਆਂ ਧੜੀਆਂ ॥

੪

ਸਭੇ ਖੂਹ ਭਰ ਮਥੁਰਾ ਦੇ, ਸੋ ਭੇਜੇ ਕਿਸ਼ਨ ਸਨੇਹੇ ॥
ਆਪ ਨ ਆਵੈ ਤੇ ਲਿਖ ਨ ਭੇਜੇ, ਓਹੁ ਕੇ ਜਾਣਾ ਹਰਿ ਕੇਹੇ ॥
ਕਾਨੇ ਖੁਟੇ ਕਿ ਮਸੁ ਨਿਖੁਟੀ, ਕੇ ਕਾਗਦ ਖਾਦੇ ਲੇਹੇ ॥
ਕੇ ਲਿਖਣਹਾਰ ਨਾ ਮਿਲਨੁ ਬਿਹਾਰੀ, ਜੋ ਪਤੀਆਂ ਲਿਖ ਦੇਹੇ ॥

ਦੇਵਾ

੧

ਰੰਗ ਸਲੋਨੇ ਬਾਲ ਅਵਸਥਾ, ਇਹੁ ਢੋਟਾ ਹੈ ਕੈਂਦਾ ॥
ਮੋਰ ਪੰਖੁ ਸਿਰਿ ਮੁਕਟ ਬਿਰਾਜੈ, ਨਾਮ ਕਿਸ਼ਨ ਹੈ ਜੈਂਦਾ ॥
ਡੇਖਣ ਦੈ ਵਿਚਿ ਘੱਤੁ ਠਗਉਰੀ, ਤਨ ਮਨ ਬਸ ਕਰ ਲੈਂਦਾ ॥
ਦੇਵਾ ਮਨਮੋਹਨ ਮਨੁ ਮੋਹੈ, ਸਚੁ ਹੂਰਾ ਲੋਕ ਧਰੇਂਦਾ ॥

੨

ਕਦੰਬ ਤਰੋਵਰ ਉਪਰਿ ਬੈਠਾ, ਰਾਧੇ ਦ੍ਰਿਸ਼ਟੀ ਆਇਆ ॥
ਏਹੁ ਤੋ ਢੋਟਾ ਨੰਦ ਮਹਰ ਦਾ, ਸਖੀਆਂ ਸਹੀ ਕਰਾਇਆ ॥
ਕਰਿ ਬੀਚਾਰੁ ਰਖੋ ਮਨਿ ਅੰਦਰ, ਜੇਤਾ ਬਨ ਮੈਂ ਆਇਆ ॥
ਦੇਵਾ ਰਾਧੇ ਪ੍ਰਗਟ ਪੁਕਾਰੀ, ਇਨਹੀ ਚੀਰ ਚੁਰਾਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਅਜੁ ਨਿਲਾਜੁ ਡਿਠੋਂ ਅਸਾਂ ਕਾਨ੍ਹਾ, ਮੂਹੁ ਕੀਤਾ ਈ ਕਰੜਾ ਸਾਰੋਂ ॥
ਲੋਕ ਬੇਦ ਦੀ ਲੱਜਾ ਨਾਹੀ, ਡਰੈਂ ਨ ਲੋਕਾਚਾਰੋਂ ॥
ਕਾਨ੍ਹਾ ਛੋਡਿ ਖਿਆਲ ਅਸਾਡਾ, ਅਸੀਂ ਖਈਆਂ ਰੁਜ਼ਗਾਰੋਂ ॥
ਦੇਵਾ ਬਸਤ੍ਰ ਦੇਹ ਅਸਾਂਨੋ, ਅਸਾਂ ਤੋਬਾ ਏਦੂੰ ਪਿਆਰੋਂ ॥

੩

ਆਉ ਊਧੋ ਦੇਖੁ ਹਾਲ ਅਸਾਡਾ, ਬਿਨਾ ਬ੍ਰਿਜ ਨਾਥ ਪਿਆਰੇ ॥
ਸਭਿ ਬ੍ਰਿਜ ਵਾਸੀ ਭਏ ਉਦਾਸੀ, ਜਬਕੇ ਸਿਆਮ ਸਿਧਾਰੇ ॥
ਕਰਿ ਨਿਮਖ ਘਣੇ ਅਸਾਂ ਅਵਧ, ਗਿਣੇਦੇ, ਆਰ ਜੋਹਤੁ ਦ੍ਰਿਗ ਹਾਰੇ ॥
ਦੇਵ ਪਸੁ ਪੰਖੀ ਮ੍ਰਿਗ ਮਾਨਸਿ, ਹੋਇ ਰਹੇ ਬਿਓਗੀ ਸਾਰੇ ।

੪

ਤੇਰੀ ਦਰਸਨ ਦੀ ਸਿਕ ਸਿਆਮਾ, ਹੋਈ ਰਹੀ ਬ੍ਰਿਜ ਮਾਹੀਂ ॥
ਇਕ ਕਾਗ ਉਡਾਇਨ ਤੈ ਪੰਥੁ ਨਿਹਾਰਨ, ਇਕਿ ਘਰਿ ਘਰਿ ਫਾਲਾਂ ਪਾਹੀਂ ॥
ਇਕ ਜੋਗੀ ਜੰਗਮ ਪੁਛਿ ਪੁਛਿ ਥੱਕੇ, ਇਕਿ ਬਿਰਹੀ ਪੰਥੀ, ਮੁਖੋਂ ਪੁਛਾਹੀ ॥
ਦੇਵਾ ਜੀਵਦਿਆਂ ਦੇਹਿ ਦਰਸ਼ਨ, ਮਤ ਸਿਕਦੀ ਮਰਿ ਵੈਸਾਂਹੀ ॥

੫

ਸਿਕ ਸਿਕੰਦਿਆਂ ਰਾਹ ਤਕੰਦਿਆਂ, ਅਸਾਂ ਊਧੋ ਡਿਠਾ ਅੱਖੀਂ ॥
ਆਪੇ ਆਇਆ ਕਿ ਕਿਸ਼ਨ ਪਠਾਇਆ, ਸੱਚੁ ਆਖੀਂ ਭੇਦੁ ਨ ਰਖੀਂ ॥
ਚਉ ਖੰਨਿ ਕੀਤੇ ਸਦ ਬਲਹਾਰੀ, ਨੰਗੀ ਸਈਂ ਹਜ਼ਾਰੀ ਲੱਖੀ ॥
ਦੇਵਾ ਕ੍ਰਿਸ਼ਨ ਕਿਵੇਂ ਚਿਤਿ ਕੀਤੀ, ਬ੍ਰਿਜਿ ਵਰ੍ਹੀਂ ਮਹੀਨੀਂ ਪੱਖੀਂ ॥

੬

ਮੇਰਾ ਕਾਨ੍ਹੁ ਇਆਨਾ ਕੁਝ ਨ ਜਾਣੇਂ, ਤੁਸੀਂ ਗੁਆਰਨੀਆਂ ਮਦ ਮਾਤੀ ॥
ਜੋ ਤੁਸਾਂ ਲਹਿਰ ਜੋਬਨ ਦੀ ਉਠੀ, ਤਾਂ ਜਾਏ ਮਿਲੋ ਦ੍ਰਮ ਛਾਤੀ ॥
ਲੋਕ ਬੇਦ ਦੀ ਲਾਜਾਂ ਛੋੜੀ, ਇਸ਼ਕ ਤੁਸਾਡੀ ਅਹੀਰਾਂ ਦੀ ਜਾਤੀ ॥
ਦੇਵਾ ਜਸੁਧਾ ਤਪਤ ਉਠੀ ਮੁਖ, ਘਰਿ ਜਾਂਹੁ ਗੁਆਰ ! ਚੁਪਾਤੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਰਾਇ ਭਗਵਾਨ

੧

ਯਾਰ ਯਾਰੀ ਦਾ ਬੋਲ, ਜੁਦਾ ਹੋਂਨਾ ਨਹੀਂ ਬਦਾ
ਜ ਭਾਵੈ ਸੋ ਕਰੀਏ, ਰਹੀਏ ਆਂਖੋਂ ਆਗੈਂ ਸਦਾ
ਯਾਰ ਜੁਦੇ ਹੋਇ ਜੀਜੀਏ, ਸੋ ਕੀਜੀਏ ਨ ਕਦਾ
'ਰਾਮ ਰਾਇ ਭਗਵਾਂਨ' ਭਾਵੈ ਕਾਹਨ ਅਦਾ ॥
(ਇਕਤਾਲ)

੨

ਜਸੋਧੇ ਬਧਾਈਆਂ ।
ਨੰਦ ਰਾਨੀ ਦੇ ਲਾਲ ਉਪੰਨਾਂ, ਨਿਸ ਸਨੇਹੀਆਂ ਸਬੈ ਜਿਵਾਈਆਂ ।
ਸੋਹਨੀਆਂ ਸਬ ਗੋਪੀਆਂ, ਤੋ ਘਰ ਆਈਆਂ ॥
ਪੁਤ੍ਰ ਆਇਆ ਜਗ ਜੀਵਨ ਰੀ, ਤੈਂਡੇ ਪੈਰੂੰ ਲਗੀ ਬੜਾਈਆਂ ।
ਤੈਂਡਾ ਭਾਗ ਸੁਲਛਨ ਨੀ, ਸਈਏਂ ਸਭੈ ਘੋਲਿ ਘੁਮਾਈਆਂ ।
ਅੰਮ੍ਰਿਤ ਸਾਰ ਜੁ ਲਧਿਆ ਨੀ, ਸਈਓ ਪੂਰੀਆਂ ਕਿਤੀ ਕਮਾਈਆਂ ।
ਸਾਜ ਨਾਚੰਦਾ ਰਵ ਕੀਤਾ, ਐਸੀ ਫੂਲੀਆਂ ਅੰਗ ਨ ਮਾਈਆਂ
ਖੁਸੀ ਹੂਏ ਸੁਰ ਨਰ ਮੁਨਿ ਜਨ, ਜਨੁ ਰੰਕਾ ਨਿਧਿ ਪਾਈਆਂ ॥
ਦੁਧ ਦਹੀ ਸਿਰ ਪਾਂਵਦੇ, ਨਾਂਚਦੇ ਗਵਾਲਾ ਖੇੜ ਮਚਾਈਆਂ ॥
ਬਡਭਾਗੀ ਨੰਦ ਵਹ ਠਾਢੇ ਦੇਂਦਾ ਮੂੰਹ-ਮਾਗੀ ਠਕੁਰਾਈਆਂ ।
'ਰਾਮ ਰਾਇ' ਪ੍ਰਭੁ ਪ੍ਰਗਟਿਓ 'ਭਗਵਾਨ' ਲਾਂ ਮਨ ਭਾਈਆਂ ॥

ਭਗਵਾਨ

੧

ਨੰਦ ਦਾ ਨੰਦਨ ਨੇਹੁ ਨਿਬਾਹੂ, ਤਿਸ ਨਾਲੇ ਪ੍ਰੀਤਿ ਨ ਲਾਈ ॥
ਹਰਿ ਹੀਰਾ ਤਜਿ ਕੁੰਚਨੁ ਬਾਝਉ, ਤਿਸਨੂੰ ਮਤਿ ਨ ਕਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਖਾਂ ਦੇ ਚੁਹਲੇ ਵਿਚਿ ਫਾਥਾ, ਵਿਸਰਿਆ ਸੁਖਦਾਈ ॥
ਕਹੈ ਭਗਵਾਨ ਸੇ ਸੇ ਵਡਭਾਗਣ, ਜਿਸ ਕਾ ਮਿਤ੍ਰ ਕਨ੍ਹਾਈ ॥

੨

ਨਦੀ ਕਿਨਾਰੇ ਝਿਲਮਿਲ ਤਾਰੇ, ਚੰਦ ਚਾਨਣੀ ਛਾਈ ॥
ਬਿੰਦ੍ਰਾਬਨ ਦੇ ਮੰਦਰ ਉਪਰਿ, ਮੁਰਲੀ ਕਾਨ੍ਹ ਵਜਾਈ ॥
ਇਨ ਮੁਰਲੀ ਸੁਰ ਨਰ ਸਭ ਮੋਹੇ, ਗੋਪੀ ਸੁਧ ਵਿਸਰਾਈ ॥
ਕਹੈ ਭਗਵਾਨ ਹਰਿ ਰਾਸਿ ਰਚੋ, ਮੈਂਡੀ ਜਿੰਦ ਤਮਾਸ਼ੈ ਆਈ ॥

੩

ਹਰਿ ਰਸ ਮਤੀ ਮਥੈ ਰਤੀ, ਹਰਿ ਰਸ ਭੀਨਾ ਸੀਨਾ ॥
ਹਰਿ ਗੁਨ ਗਹਣਾ ਅਡੀ ਚੋਟੀ, ਹਿਰਦੈ ਨਾਮ ਖਜ਼ੀਨਾ ॥
ਮੋਹਨ ਦਾ ਮੁਖਿ ਵੇਖ ਨਵਲ ਅਲ, ਸੋਹੈ ਨੇਹੁ ਨਗੀਨਾ ॥
ਕਹੈ ਭਗਵਾਨ ਮਨ ਆਸ਼ਕ ਹੋਇਆ, ਮਨਮੋਹਨ ਦਾਨਾ ਬੀਨਾ ॥

ਭਗਵਾਨ ਨਾਰਾਇਣ

ਏਕੋ ਭਗਤਿ ਨ ਦੇਉ ਊਧੋ ਮੈ ਕਾਹਿ ਕੋ ॥
ਹੋਰ ਜੋ ਮਾਂਗੈ ਸੋ ਦੇਉ ਊਧੋ ਮੈ ਤਾਹਿ ਕੋ ॥੧॥ ਰਹਾਉ ॥
ਦੇਉ ਭੂਖਨ ਅੰਬਰ ਨਾਨਾ, ਦੇਉ ਹਸਤੀ ਮਾਲ ਖਜਾਨਾ ॥
ਦੇਉ ਰਾਜੁ ਬਪੁ ਇੰਦ੍ਰ ਸਮਾਨਾ, ਏਕੋ ਭਗਤਿ ਨ ਦੇਉ ਊਧੋ ਮੈ ਅਵਰਾਂ ਦਾਨਾ ॥੧॥
ਦੇਉ ਰੰਗ ਰੂਪ ਗੁਣ ਅਧਕਾ, ਦੇਉ ਰਸ ਕਸਿ ਬਹੁਤੇ ਭੋਗਾ ॥
ਪਲ ਮੈ ਪੂਜ ਕਰਉਂ ਤਿਸ ਸਭ ਕਾ, ਏਕੋ ਭਗਤਿ ਨ ਦੇਉ ਊਧੋ
ਮੈ ਅਵਰਾਂ ਜੋਗਾ ॥੨॥
ਦੇਉ ਰਿਧਿ ਸਿਧਿ ਅਰੁ ਜੁਗਤੀ, ਚਾਰ ਭਾਂਤਿ ਕੀ ਦੇਵਉ ਮੁਕਤੀ ॥
ਦੇਉ ਰਾਜ ਮਾਲ ਪਤਿਸਾਹੀ, ਏਕੋ ਭਗਤਿ ਨ ਦੇਉ ਊਧੋ ਮੈਂ ਅਵਰਾਂ ਤਾਈ ॥੩॥
ਭਗਤ ਵਛਲ ਆਦਿ ਬਿਰਦੁ ਹਮਾਰਾ, ਭਗਤਿ ਅਧੀਨ ਰਹੋ ਜੁਗ ਚਾਰਾ ॥
ਭਗਤਿ ਮੈਂ ਤਾਂਕਉ ਦੇਉ ਜੋ ਮੋਹਿ ਅਰਪੇ ਆਪਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਾਂ ਆਜਜ਼ੀ ਤੇ ਜਹੀਰੀਆਂ ॥
ਭਗਵਾਨ ਨਾਰਾਇਣੁ ਸੰਤਨ ਕੋ ਹਰਿ ਮਾਈ ਬਾਪਾ ॥੪॥
(ਰਾਗ ਵਡਹੰਸ)

ਅਨੰਤਦਾਸ

ਬੰਸਰੀ ਵਾਲਾ ਮੈ ਮਿਲੇ, ਮੈਂ ਮਿਲੇ ਨੀ ਸ਼ਾਮਿ ਮੈਂ ਮਿਲੇ ॥
ਨੀ ਮੈਂ ਜਾਂਦੀਆਂ ਸਦੱਕੜੇ ਘੋਲੁ ॥੧॥ ਰਹਾਉ ॥
ਵੱਡੇ ਵੇਲੇ ਉਠਿਕੇ ਮੈਂ ਰਿੜਕਨਾ ਪਾਉਂਨੀਆਂ ॥
ਮੱਖਣ ਤੇ ਛਾਹੀ ਮੈਂ ਵੱਖਰ ਕਢੇਨੀਆਂ ॥
ਘੋਲੀ ਰੱਤੀ ਕੁ ਮੁਖੜਾ ਖੋਲੁ ॥੧॥
ਲਿਖਿ ਲਿਖਿ ਭੇਜਾਂ ਊਧੋ. ਚੇਰੀਆ ॥
ਭੌਰੀ ਆਇ ਬਹੁ ਮੈਂਡੜੇ ਕੋਲੁ ॥੨॥
ਇਹ ਅਨੰਤਦਾਸ ਦੀ ਬੇਨਤੀ
ਮੈਨੂੰ ਰੱਖ ਲੈ ਚਰਨਾ ਦੇ ਕੋਲ ॥੩॥
(ਰਾਗ ਸੂਹੀ, ਮਿਠੜਾ)

ਛਬੀਲਦਾਸ

ਅਲਬੇਲੀ ਧੰਨਿ ਧੰਨਿ ਕੁਬਰੀ, ਗੋਪਾਲ ਕਿਰਪਾ ਤੇ ਉਬਰੀ ॥੧॥ ਰਹਾਉ ॥
ਕੁਬਜਾਂ ਜਾਤਿ ਅਰਾਇਣੁ, ਨਿਤਿ ਬੇਚੇ ਫੂਲੁ ਜਵਾਇਣ ॥
ਪਟਰਾਨੀ ਕਰੀ ਨਿਰਾਂਇਣ ॥੧॥
ਘਸਿ ਚੰਦਨ ਕੁਬਜਾਂ ਲਿਆਈ, ਮੇਰੇ ਗੋਬਿੰਦ ਕੇ ਮਨ ਭਾਈ ॥
ਪ੍ਰਭ ਮਥਰਾ ਮਾਹਿ ਲਡਾਈ ॥੨॥
ਇਕ ਕੁਬਜਾਂ ਟੋਣਾਂ ਕੀਨਾਂ, ਮੇਰਾ ਗੋਬਿੰਦ ਵਸਿ ਕਰਿ ਲੀਨਾਂ ॥
ਜਿਨ ਸਾਧਿ ਸੰਗਤਿ ਮਨ ਦੀਨਾਂ ॥੩॥
ਜੋ ਹਰਿ ਕਾ ਜਸੁ ਸੁਨੈ ਸੁਣਾਵੈ, ਸੋ ਗਰਭ ਜੋਨਿ ਨਹੀ ਆਵੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇਰਾ ਦਾਸ ਛਬੀਲਾ ਜਸੁ ਗਾਵੈ ।੪।।
(ਰਾਗ ਹਿੰਡੋਲ)

ਭਗਵਾਨ ਰਾਇ

ਨੰਦ ਦੇ ਨੰਦਨ ਮੋਹੀਆਂ ਨੀ ਮੈਂ ਆਵਦਾ ਡਿਠਾ ਕੁੰਜ ਗਲੀ ਵਿਚਿ ।।
ਉਨ ਜੋ ਡਿਠਾ ਮੈਂ ਵਲਿ ਨੀ ਮੈਂਡਾ ਲੀਤਾਸੁ ਚਿਤੁ ਚੁਰਾਇ ।।੧।। ਰਹਾਉ ।।
ਭਿੰਨਾ ਸਿੰਨਾ ਸੁਭ ਗਭਰੂ ਸੋਹੇ, ਸਾਵਰੀ ਸੂਰਤਿ ਮੂਰਤਿ ਮੋਹਿ ।।
ਘਾਇਲ ਮਾਇ ਕੀਤੀਆ ਨੀ ਪਗ ਪੰਕਜ ਨੈਨ ਢੁਰਾਇ ।।੧।।
ਕਾਰੀ ਬਿਹਾਰੀ ਦਾ ਧਿਆਨ ਅਸਾਨੂੰ, ਹੋਰ ਨ ਕਾਈਆ ਲਗਣ ਨੀ ਮਾਇ ।।
ਗੁਣ ਗੋਬਿੰਦ ਕੇ ਗਾਵਉ ਨੀ ਸਈਓ ਸਾਨੂੰ ਹੋਰ ਨ ਕੁਝ ਸੁਹਾਇ ।।੨।।
ਕਹੈ ਭਗਵਾਨ ਹਿਤਰਾਇ ਰਾਮ ਪ੍ਰਭ ਪ੍ਰੀਤਮ ਪਿਆਰਾ ਰੂਪ ਦਾ ਭਾਰਾ
ਸਾਵਲਾ ਸਲੋਇਆ ਚੰਦ ਚੰਦ ਕੋਲੋਂ ਚੰਗਾ ਮੈਡੇ ਅੰਗ ਅੰਗ ਰਹਿਆ ਸਮਾਇ ।।੩।।
(ਰਾਗ ਜੈਜਾਵੰਤੀ)

ਬਾਲਮੀਕ

੧

ਵੇਖਹੁ ਨੀ ਕਾਨ੍ਹ ਰੁੜ੍ਹਾ ਵੈਂਦਾ, ਸੈ ਤੈ ਕਿਤੈ ਹਥਿ ਨ ਆਵੈ ।।
ਗਲਿ ਵਿਚਿ ਪਲੂ ਅਤੈ ਦਸਤੁ ਪੈਰ ਤੈ, ਲੈ ਲੈ ਰਹੀ ਕਲਾਵੈ ।।
ਮੋਹਿ ਲੀਤਾ ਦਿਲੁ ਦੇਹਿ ਅਸਾਡਾ, ਜਾਹਿ ਜਿਥੈ ਤਉ ਭਾਵੈ ।।
ਉਡਰਿ ਹੰਸ ਗਇਆ ਦੁਰਾਡੇ, ਮੈਂ ਮੁਈ ਵੇਖਣਿ ਦੇ ਹਾਵੈ ।।

੨

ਬ੍ਰਿਜ ਗਲੀਆਂ ਮੈਂ ਫਿਰਾਂ ਢੂੰਡੇਦੀ, ਹਰਿ ਦਰਸ਼ਨ ਕੀ ਲੀਤੀ ।।
ਆਪ ਜਾਇ ਹਰਿ ਕੁਬਜਾ ਸੰਗਿ ਰਚਿਓ, ਮੈਂ ਸੰਗਿ ਗੁਆਲਾ ਦੇ ਕੀਤੀ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਗਲਿ ਜੰਗਲਿ ਫਿਰਾਂ ਢੂੰਢੇਂਦੀ, ਇਸ਼ਕ ਨਈਏ ਦੀ ਲੀਤੀ ॥
ਬਾਲਮੀਕ ਕਾਂਧੇ ਪਰ ਕਮਲੀ, ਮੈਂ ਕਮਲੈ ਕਮਲੀ ਕੀਤੀ ॥

ਜੋਗੀ

ਜਾਤ ਦੀ ਕਮੀਨੀ ਆਹੇ ਜਾਣਦੀ ਨ ਕੁਝਿ ਵਾਹੇ
ਮਨ ਵਿਚਿ ਗੋਕਲ ਬ੍ਰਿਜਨਾਥ ਨੂੰ ਸੰਮਾਲਦੀ ॥੧॥ ਰਹਾਉ ॥
ਸੱਜਣ ਸੁਹਾਰੇ ਉਤੋਂ ਤਨ ਮਨ ਵਾਰਿ ਡਾਰਉਂ
ਸਭੋ ਕਿਛੁ ਜਾਣਦਾ ਨਿਮਾਂਣਿਆਂ ਦੇ ਹਾਲ ਦੀ ॥੧॥
ਚੰਦਨ ਕਟੋਰਾ ਕੁੰਗੂ ਹਾਰ ਫੁਲਾਂ ਸੰਦਾ ਲੈਂਦੋ
ਮਿਲੀ ਸਾਂਮ ਜੀ ਨੂੰ ਜੈਂਦਾ ਰਾਹੁ ਭਾਲਦੀ ॥੨॥
ਤਾਰੀ ਸੁ ਕੁੱਬੀ ਜੇਹੀ ਕੁਬਜਾਂ ਅਰਾਇਣ
ਸਾਚੀ ਪਰੀਤਿ ਜੋਗੀਆ ਤ੍ਰਿਭੰਗੀ ਨੰਦ ਲਾਲ ਦੀ ॥੩॥
(ਰਾਗ ਰਾਮਕਲੀ)

ਬਾਲ ਕ੍ਰਿਸਨ

ਕੋਈ ਦਸੋ ਖਾਂ ਮੋਹਨੁ ਕਿਸਦਾ ॥੧॥ ਰਹਾਉ ॥
ਆਉਂਦਾ ਜਾਉਂਦਾ ਲਖੇ ਨ ਕੋਈ ਅਜਬੁ ਤਮਾਸਾ ਇਸਦਾ ॥
ਗੁਆਰਨਿ ਸੰਗਿ ਫਿਰੈ ਰੰਗਿ ਰਤੜਾ ਅਖੀਆਂ ਦੇ ਵਿਚਿ ਹਸਦਾ ॥੧॥
ਦੁੱਧ ਮਲਾਈਆਂ ਛਡਦਾ ਨਾਹੀਂ ਲੋਭੀ ਗੋਰਸੁ ਰਸਦਾ ॥
ਖੀਰ ਬਿਲੋਵਨ ਦੇਵੈ ਨਾਹੀ ਮਾਖੁਣ ਲੈ ਲੈ ਨਸਦਾ ॥੨॥
ਜੋਗੀ ਜਤੀ ਤਪੀ ਸੰਨਿਆਸੀ ਪੁਛਿ ਰਹੀਆਂ ਭੇਦ ਨ ਦਸਦਾ ॥
ਬਾਲ ਕ੍ਰਿਸ਼ਨ ਪੂਰਨ ਅਬਿਨਾਸੀ ਗੋਪ ਭੇਖ ਵਿੱਚ ਵਸਦਾ ॥੩॥
(ਰਾਗ ਤਿਲੰਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸਨਿਧ

੧

ਹਰਿ ਲੀਤਾ ਮਨ ਬਦਿ ਕਰ ਪਿਆਰ
ਜੌ ਤੂ ਮੁਜ ਪਰ ਜਫਾ ਕਰੈਗਾ, ਮੇਰਾ ਕਿਆ ਇਦਬਾਰ
ਦਰਦਬੰਦ ਬਿਚ ਖੜੇ ਇਸ਼ਕ ਦੇ, ਦੇ ਦਾਰੂ ਦੀਦਾਰ
ਤਜਿ ਨਿਠੁਰਾਈ ਆਇ ਮਿਲਿ ਮੈਨੂੰ, 'ਰਸਨਿਧਿ' ਮੋਹਨ ਯਾਰ ॥
(ਤਿਤਾਲ)

੨

ਕੌ ਕਾਹਨਾ ਤੈਂ ਕਹਾਂ ਲਾਈ ਏਤੀ ਬਾਰ
ਹਾਲ ਅਸਾਡਾ ਬੁਝਦਾ ਨਾਹੀ, ਦਰਦ ਦਿਲੋਂ ਦੀ ਸਾਰ
ਢੂੰਢਿ ਫਿਰੀ ਸਿਗਰੋ ਵਿੰਦ੍ਰਾਬਨ, ਜਮੁਨਾਂ ਵਾਰ 'ਰੁ ਪਾਰ
ਦਰਸ ਦਿਖਾਵੋ ਸਜੀਵਨ ਹਵੈ ਕੈਂ, 'ਰਸਨਿਧਿ' ਪ੍ਰਾਨ ਅਧਾਰ ॥
(ਤਿਤਾਲ)

ਮੱਯਾਰਾਮ

ਮਾਏ ਨੀ ਸੁਣ ਮੇਰੀਏ ਮਾਏ ! ਕੀ ਤਦਬੀਰਾਂ ਕਰੀਏ ॥
ਯੋਗਣ ਬਣ ਨ ਮਿਲਿਆ ਸਾਂਵਰਾ, ਕੇਹੜਾ ਪੰਥ ਹੁਣ ਫੜੀਏ ॥
ਜਾ ਤਪ ਕਰੀਏ ਮਾਧੋ ਬਨ ਮੇਂ, ਵਹਾਂ ਸਾਂਵਰਾ ਬਰੀਏ ॥
ਮਯਾਰਾਮ ਸਾਡਾ ਜੀਵਨ ਤਾਹੀਂ, ਜਾਂ ਜਮਨਾ ਡੂਬ ਮਰੀਏ ॥

੨

ਸਿਰ ਧਰ ਮਟਕੀ ਜਾਨੀਆਂ ਲਟਕੀ, ਸਿਆਮ ਮਿਲਿਆ ਮੈਨੂੰ ਖਿਲਦਾ ॥
ਸਾਂਵਲ ਕੋਲੋਂ ਨੈਣ ਛਿਪਾਏ, ਉਸ ਡੇਰਾ ਮੱਲਿਆ ਦਿਲ ਦਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਵਲ ਮੈਂਡਾ ਮੈਂ ਸਾਵਲ ਦੀ, ਫਰਕ ਨ ਰਹਿਆ ਵਿਚ ਤਿਲ ਦਾ ॥
ਲਖ ਗੁਆਰ ਪਈ ਝਖ ਮਾਰੇ, ਦਿਲ ਦਿਤਿਆਂ ਤੇ ਦਿਲ ਮਿਲਦਾ ॥

ਸੰਤਦਾਸ ਤਪਸੀ

੧

ਦਰੋਪਤੀ ਲਾਜ ਸਭਾ ਮਹਿੰ ਰਾਖੀ, ਅਜਾਮਲ ਪਤਿਤ ਉਧਾਰਿਆ ॥
ਬਿਧੁ ਸੁਦਾਮੇ ਦਾ ਦਰਿਦ੍ਰ ਕਾਟਿਆ, ਬਧਕ ਪਾਰ ਉਤਾਰਿਆ ॥
ਜਜ ਕੀ ਤ੍ਰਾਸ ਮਿਟੀ ਖਿਨ ਭੀਤਰ, ਬੇਸਵਾ ਨਰਕ ਨਿਵਾਰਿਆ ॥
ਸੰਤਦਾਸ ਤੇਰੀ ਸਰਨਾਈ, ਸਰਨ ਪਰੇ ਨਿਸਤਾਰਿਆ ॥

੨

ਹੋਵਨਹਾਰ ਤਿਨਾਂ ਤੇ ਹੋਈ, ਜਿਨ ਲਛਮਨ ਰਾਮ ਕਹਾਯਾ ॥
ਹੋਵਨਹਾਰ ਦਹਿਸਿਰ ਤੇ ਹੋਈ, ਜੋ ਸੀਤਾ ਲੈ ਘਰ ਆਯਾ ॥
ਹੋਵਨਹਾਰ ਤਿਨਾਂ ਤੇ ਹੋਈ, ਜਿਨ ਯਾਦਵ ਬੰਸ ਕਹਾਇਆ ॥
ਸੰਤਦਾਸ ਹੋਣੀ ਨਹੀਂ ਮਿਟਦੀ, ਸਭ ਹੋਣੀ ਮਾਰ ਪਚਾਯਾ ॥

ਕਰਮਨਦਾਸ

੧

ਸਿਮਰਨ ਆਛਾ ਵੋ, ਸਾਈਂ ਤੇਰੇ ਨਾਮ ਦਾ ॥
ਅੰਬਰੀਕ ਦੁਰਬਾਸੇ ਕੋਪਿਆ ਤਾਕੋ ਚਕ੍ਰ ਸੁਦਰਸਨ ਭੱਛਾ ਵੋ ॥ ੧ ॥ ਰਹਾਉ ॥
ਬਿੰਦ੍ਰਾਬਨ ਵਿਚਿ ਰਾਸ ਰਚਾਈਆ ਆਪਿ ਗਊ ਆਪਿ ਵੱਛਾ ਵੋ ॥ ੧ ॥
ਆਠ ਪਹਰ ਤੇਰਾ ਜਸੁ ਗਾਵੈ ਕਰਮਨ ਦਾਸ ਨੀਚ ਲੱਛਾ ਵੋ ॥ ੨ ॥
(ਰਾਗ ਤਿਲੰਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨

ਬੰਸੀ ਵਾਲੇ ਦੀ ਚਾਲ ਸਵੱਲੀ ਵੋ ॥
ਅਪੁਨੇ ਸੇਵਕ ਕਉ ਹਾਥਿ ਦੇ ਰਾਖੇ ਗਲੀ ਨ ਭੇਜੇ ਅਵੱਲੀ ॥ ੧ ॥ ਰਹਾਉ ॥
ਭਗਤਿ ਹੇਤ ਅਵਤਾਰ ਲਏ ਪ੍ਰਭ ਦੁਸ਼ਟ ਮਾਰੇ ਮਹਾਂਬੱਲੀ ॥ ੧ ॥
ਕਰਮਨ ਦਾਸ ਤੇਰਾ ਜਸੁ ਗਾਵੇ ਸਦਾ ਰਹੈ ਦਰਮੱਲੀ ॥ ੨ ॥
(ਰਾਗ ਕਾਨੜਾ)

ਸਿਆਮ ਕਵੀ

੧

ਕੌਨੂ ਬ੍ਰਿਜ ਵਿਚ ਆਇਓ ਊਧੋ ਤੂਹ ਆਣ ਰੁਆਂਈਆਂ ਸਹੀਯਾਂ ॥
ਤੂ ਬੇਦਰ੍ਦੂ ਤੈਨੂੰ ਦਰਦੂ ਨ ਕੋਈ ਅਸੀ ਦਰਦਵੰਦਾਂ ਦੁਖ ਗਹੀਯਾਂ ॥
ਕੁਬਜਾ ਸੰਗ ਉਨ ਆਪੁ ਰਵਾਯਾ ਅਸਾਂ ਸਭ ਦੁਖ ਸ੍ਰਿ ਪ੍ਰ ਸਹੀਯਾਂ ॥
ਰਹੁ ਵੇ ਊਧੋ ਬ੍ਰਿਜ ਵਤਿ ਨਾ ਆਂਵੀ ਅਸੀ ਆਪ ਸਿਯਾਮ ਹੋਇ ਰਹੀਯਾਂ ॥

੨

ਦਾਇਮੁ ਅਸਕੁ ਨ ਥੀਵੈ ਮੈਲਾ ਸੂਲ ਕਦੇ ਨ ਹੋਨ ਪੁਰਾਨੇ ॥
ਨੈਣਾਂ ਨਾਗਾਂ ਦੀ ਵਹਦਤਿ ਮੰਦੀ ਕਦੇ ਨ ਹੋਨ ਸਿਯਾਣੇ ॥
ਡੰਗੁ ਮਰੀਦੇ ਜਹਰੁ ਘੁਲੀਦੇ ਕੈਦੇ ਸਬਰ ਰੇਂਵਾਣੇ ॥
ਭਾਵੈਂ ਜਾਣੁ ਨਿ ਜਾਣੁ ਸਿਯਾਮਾਂ ਅਸੀ ਤੈਡੇ ਦਸਤ ਵਿਕਾਣੇ ॥

ਚੰਦ

ਕੀ ਕਰਾਂ ਨੀ ਮਾਈ ਮੈਂਡਾ ਮਨ ਬਸ ਨਾਂਹੀ ॥
ਮਨਮੋਹਨ ਦੀ ਜਾਲਿਮ ਜੁਲਫੈਂ, ਮੈਂਡੇ ਦਿਲ ਦੀ ਫਾਂਹੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੂੜੇ ਉਲੰਭੇ ਲਾਂਵਾਂ ਲੋਕਾਂ, ਭਾਵਨ ਇਸਕ ਸਰਾਂਹੀ ॥
'ਚੰਦ' ਗੋਬਿੰਦ ਨਾਲ ਜਿੰਦ ਲਗੀ, ਰੰਗੀ ਪ੍ਰੇਮ ਰੰਗ ਮਾਂਹੀ ॥
(ਤਾਲ ਤਿਤਾਲ)

ਗੁਨਕਾਰੀ

੧

ਵਿੰਗੁੜੀਆਲੇ ਚੂਣੇ ਸੋਹਣ, ਦਿਲ ਜਾਨੀ ਦੇ ਮੱਥੇ ॥
ਹਲਕਨ ਦਹਕਨ ਠਹਕਨ ਮਸਤੀ, ਖਾਂਧੇ ਪੇਚ ਉਲੱਥੇ ॥
ਦਰਦਵੰਦਾਂ ਦੇ ਮਾਰਨ ਕੂੰ, ਜਣੂ ਕਾਲੇ ਨਾਗ ਨਿਕੱਥੇ ॥
ਗੁਨਕਾਰੀ ਥੀ ਰਹੇ ਦਿਵਾਨੇ, ਕਢਨਿ ਸਾਹ ਉਬਥੇ ॥

ਵਲੀ ਰਾਮ

ਜਾਂ ਮੈਂ ਪੈਧਾ ਪ੍ਰੇਮ ਪਟੋਲਾ, ਤਾ ਮੁਖਿ ਲੱਥੀ ਲੋਈ ॥
ਅਖੀਆਂ ਅਗੈ ਆਇ ਖਲੋਤੀ, ਸੂਰਤ ਸਯਾਮ ਸਲੋਈ ॥
ਅੰਦਰ ਬਾਹਰ ਮੈਂਡੇ ਸਿਆਮ ਰਵਿਆ, ਮੈਂ ਸਿਆਮ ਮਈ ਸਭ ਹੋਈ ॥
ਵਲੀ ਰਾਮ ਮੈਂ ਸਿਆਮ ਹੋਇ ਨਿਬੜੀ, ਮੈਨੂੰ ਸਯਾਮ ਕਹੈ ਸਭ ਕੋਈ ॥

ਗਿਆਨਾਨੰਦ

੧

ਕ੍ਰਿਸ਼ਨ ਸਰੂਪ ਨਿਹਾਰੇ ਬਾਝਹੁੰ, ਮੈਂ ਬਿਆਕਲ ਹੋਇ ਹੋਇ ਰੋਵਾਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੰਭਲ ਭੂਸੇ ਮੈਂ ਖਾਂਦੀ ਵਤਾਂ, ਉਰਿ ਹੰਝੂ ਹਾਰੁ ਪਰੋਵਾਂ ॥
ਇਕੁ ਘੜੀ ਪਲੁ ਨਜ਼ਰਿ ਨ ਆਵੈ, ਮੈਂ ਸੁਖ ਨ ਸੇਜੈ ਸੋਵਾਂ ॥
ਗਿਆਨਾ ਨੰਦ ਵਿਛੋੜਾ ਡਾਢਾ, ਮੈਂ ਆਪ ਕਨ੍ਹੲੀਆ ਹੋਵਾਂ ॥

੨

ਹੋਇ ਕਨ੍ਹੲੀਆ ਬੇਨ ਬਜਾਵਾਂ, ਗੁਆਰਨਿ ਸਗਲ ਬੁਲਾਵਾਂ ॥
ਬਿੰਦ੍ਰਾਬਨ ਮੈਂ ਕੁੰਜ ਭਵਨ ਮੈਂ, ਮੰਡਲ ਰਾਸ ਬਣਾਵਾਂ ॥
ਜਿਉਂ ਭਾਵੈ ਤਿਉਂ ਖੇਲੈ ਉਨ ਸੰਗ, ਮੈਂ ਸਭਸੋ ਆਪਿ ਲੁਟਾਵਾਂ ॥
ਗਿਆਨਾ ਨੰਦ ਭਜਨ ਦਾ ਰਸੁ ਸਿਮਰਨੁ, ਮੈਂ ਕਾਨ੍ਹ ਹੋਇ ਪਛਤਾਵਾਂ ॥

ਲਾਲ ਦਾਸ

ਦੋਹਿਰਾ

ਲਾਲ ਦਾਸ ਉਠ ਭਜਨ ਕਰ ਆਲਸ ਊਂਘ ਨਿਵਾਰ ॥
ਰੱਛ ਬਗਾਨਾ ਕਾਰਜ ਅਪਣਾ ਦਿਲ ਸਿਓਂ ਲੇਹੁ ਸਿਵਾਰ ॥

ਮੀਰਨ

ਬੈਂਤਾਂ ਮੀਰਨ ਦੀਆਂ

ਸੀਨ ਸੋਹਣੇ ਸਾਵਲੇ ਯਾਰ ਪਿਛੇ, ਲਖ ਬਦੀਆਂ ਜਗ ਦੀਆਂ ਝਲੀਆਂ ਨੀ ॥
ਮੂਹਿ ਮਿਟੀ ਮਲੀ ਬੂਹੇ ਯਾਰ ਦੇ ਦੀ, ਘਰੁ ਛਡਿ ਕੈ ਗਲੀਆਂ ਮਲੀਆਂ ਨੀ ॥
ਚਰਖਾ ਭੰਨਿ ਪਿੜ੍ਹੋਟੜਾ ਫੂਕਿ ਦਿਤਾ, ਖਹਿ ਸੁਟੀਆਂ ਪੂਣੀਆਂ ਛਲੀਆਂ ਨੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੀਰਨ ਨੇਹੁ ਲਗਾ ਕਤਣਿ ਕਉਣ ਬਹੇ, ਸਹੀਆਂ ਰੋਂਦੀਆਂ
ਮੈਂ ਘਰਿ ਘਲੀਆਂ ਨੀ ॥

ਫੇਰੂ

੧

ਅਣੀ ਮੇਰਾ ਕਉਣ ਕਤੇ ਹੁਣ ਪੂਣੀਆਂ ॥
ਸੁਧਿ ਬਿਸਰੀ ਮੇਰੀ ਮਤਿ ਬਉਰਾਨੀ ਸਾਵਲ ਪ੍ਰੇਮ ਝੰਝੂਣੀਆਂ ॥ ੧ ॥ ਰਹਾਉ ॥
ਨੇਹੁ ਲਗਾ ਦੇਹਾ ਸੁਧਿ ਭੂਲੀ ਸਹੁ ਬਾਝਹੁ ਗਲਾਂ ਊਣੀਆਂ ॥ ੧ ॥
ਫੇਰੂ ਜੀਵਦਿਆਂ ਨੇਹੁ ਨ ਵਿਸਰੈਜੀ ਮੁਇਆਂ ਭੀ ਦੂਣ ਚਊਣੀਆਂ ॥ ੨ ॥
(ਰਾਗ ਕਾਨੜਾ, ਕਾਫੀ)

ਮਹੀਧਰਿ ਜੀ

ਮਨਿਹਰਨੀ ਬਸਿਕਰਨੀ ਮੁਰਲੀ ਬਾਜੇ ਜਮਨਾਂ ਤੀਰੁ ॥
ਸੁਨਤਿ ਸਖੀ ਸਭ ਦਉਰੀ ਦਉਰੀ ਆਈਂ ਸੁਧਿ ਨ ਰਹੀ ਸਰੀਰੁ ॥ ੧ ॥ ਰਹਾਉ ॥
ਸਾਂਮ ਸੁੰਦਰ ਬਿਨ ਚੈਨ ਨ ਆਵੈ ਕਉਨ ਮੇਟੇ ਮੇਰੀ ਪੀਰੁ ॥ ੧ ॥
ਧੁਨਿ ਸੁਨਿ ਗਨ ਗੰਧਰਬ ਸਭ ਮੋਹੇ ਸਿਵ ਕੋ ਛੁਟਿ ਗਇਓ ਧੀਰੁ ॥ ੨ ॥
ਦਾਸ ਮਹੀਧਰ ਸਰਨੀ ਆਏ ਰਾਖਿ ਲੇਹੁ ਬਲਿਬੀਰ ॥ ੩ ॥
(ਰਾਗ ਰਾਮਕਲੀ)

ਖੇਮ ਕਰਨ

ਮੈ ਕਮਲੀ ਵੋ ਕਮਲੀ ਕੀਤੀ, ਇਸ ਬੰਸਰੀ ਦੀਆਂ ਤਾਨਾਂ ॥ ੧ ॥ ਰਹਾਉ ॥
ਰੈਨਿ ਦਿਨਾਂ ਮੈਨੂੰ ਚੈਨ ਨ ਆਵੈ, ਮੈਨੂੰ ਗ੍ਰਿਹ ਕਾਰਜ ਬਿਸਰਾਨਾਂ ॥ ੧ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਕ ਕਹੋ ਕੋਈ ਲਾਖ ਕਹੋ, ਮੈਂ ਤਾਂ ਲੋਕ ਲਾਜ ਨਹੀਂ ਮਾਨਾ ॥ ੨ ॥
ਸੋਹਨੀ ਸੂਰਤ ਮੋਹਨਿ ਵਾਲੀ, ਮੇਰਾ ਇਹ ਜੀਅ ਦੇਖਿ ਲੁਭਾਨਾ ॥ ੩ ॥
ਖੇਮੁਕਰਨਿ ਮਨ ਮੋਹਨਿ ਲੀਤਾ, ਮੈਨੂੰ ਹਸਦਾ ਲੋਕੁ ਦਿਵਾਨਾ ॥ ੪ ॥

(ਰਾਗ ਸੂਹੀ)

●

ਕਿਸ਼ਨ ਜੀਵਨ

ਸਾਂਮ੍ਹ ਸੁਣੀਦਾ ਮੇਰਾ ਜਮਨਾ ਤੇ ਪਾਰ ਵੇ ॥ ੧ ॥ ਰਹਾਉ ॥
ਮੋਰ ਮੁਕਟ ਪੀਤੰਬਰ ਸੋਹੈ ਗਲਿ ਮੋਤੀਅਨ ਕੋ ਹਾਰ ਵੇ ॥ ੧ ॥
ਅਸੁਰ ਸਿੰਘਾਰਨਿ ਭਗਤਿ ਨਿਸਤਾਰਣਿ ਹਰਿ ਲੀਨੋ ਅਵਤਾਰ ਵੇ ॥ ੨ ॥
ਬਿੰਦ੍ਰਾਬਨ ਵਿਚਿ ਰਾਸ ਰਚਾਈਆ ਸੋ ਸਭ ਮੋਹੀ ਬ੍ਰਿਜ ਨਾਰ ਵੇ ॥ ੩ ॥
ਕਿਸ਼ਨ ਜੀਵਨ ਲਛੀ ਰਾਮ ਕੇ ਪ੍ਰਭੂਆ ਸੰਤਨਿ ਕੋ ਆਧਾਰ ਵੇ ॥ ੪ ॥

(ਰਾਗ ਢੋਲਾ)

●

ਬਿਜੈ ਸਖੀ

ਮੋਹਨਾਂ ਮਨ ਭਾਵਨਾ ਮੈਨੂੰ ਮਿਲਿਓ ਆਇ
ਨੇਹ ਭਰੀ ਛਿਲਵਾਰੀ ਜੁਲਫੈਂ, ਪਗੀਆ ਸਰਸ ਸੁਰੰਗੀ
ਬੈਂਦਾ ਭਾਲ, ਸਲੋਨੈਂ ਨੈਨਾਂ, ਮੰਦ ਮੰਦ ਮੁਸਕਾਇ
ਬਿਨ ਦੇਖੈਂ ਤਲਫਤ ਯੇ ਅਖੀਆਂ, ਭਰਿ ਭਰਿ ਅਵਤ ਹਿਯਰਾਇ
'ਬਿਜੈ ਸਖੀ' ਯਾ ਪੀਰ ਦੁਹੇਲੀ, ਕਾਸੋਂ ਕਹੀਏ ਜਾਇ ॥

(ਤਿਤਾਲ)

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਵਰੀ ਸਖੀ

ਬੰਸੀ ਵਾਲੇ ਨੈਂ ਕੀ ਸਿਖਲਾਇਆ ਨੀ
ਜਿੰਦ ਅਸਾਡੀ ਘਾਇਲ ਕੀਤੀ, ਨੈਨੂੰ ਦੇ ਬਾਨ ਚਲਾਇਆ ਨੀ
ਬਾਂਕੀ ਭੌਂਹੈ ਕਟੀਲੀ ਸੋਹੈਂ, ਨੰਦ ਕੇਨੈਂ ਮੋਹਨ ਨਾਂਮ ਧਰਾਇਆ ਨੀ
'ਸਾਂਵਰੀ ਸਖੀ' ਬਡ ਭਾਗ ਜਿਨੋਂ ਦੇ, ਜਿਨ ਏਹਾ ਵਰ ਪਾਇਆ ਨੀ ॥

(ਤਿਤਾਲ)

●

ਵਲੱਭ ਰਸਿਕ

ਸਾਡੀ ਯਾਰੀ ਬੇਦਰਦਾਂ ਦੇ ਨਾਲ
ਰੈਂਨ ਦਿਹਾਂ ਵੇਖਣ ਨੂੰ ਤਰਸਾਂ, ਕਛੁ ਨਹਿੰ ਬੁਝਦਾ ਹਾਲ
ਅੰਦਰ ਗਏ ਹੁਵੇ ਅੰਦਰ ਦੇ, ਸਾਨੂੰ ਜਵਾਬ ਨ ਸਵਾਲ
'ਵੱਲਭ ਰਸਿਕ' ਦੀਦਾਰ ਦੀਵਾਂਨੇ, ਤੁਝ ਬਿਨ ਯਹ ਦਿਲ ਬੈਤਲਮਾਲ ॥

(ਤਿਤਾਲ)

●

ਸੰਤ ਸਖੀ

ਪਿਆਰਾ ਮਨਮੋਂਹਨ ਮੈਂ ਭਾਂਵਦਾ
ਬੜੀ ਅਖੀਆਂ ਬਾਂਕੀ, ਮੁੜਿ ਵੇਖਣੁ, ਮਾਥੇ ਮੋਰ ਦਾ ਮੁਕਟ ਸੁਹਾਂਵਦਾ
ਕਬਹੁਕ ਰੰਗ ਭੀਂਨੀਂ ਬੰਸੀ ਬਿਚ, ਮੋਹਨੀ ਤਾਂਨ ਸੁਨਾਂਵਦਾ
'ਸੰਤ ਸਖੀ' ਸੁੰਦਰ ਬਲਿ ਸਾਂਵਲਾ, ਦਿਲ ਦੀ ਤਪਨ ਬੁਝਾਂਵਦਾ ॥

(ਤਿਤਾਲ)

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੀਰਾਂ

ਸੁਨਿ ਰੀ ਅਮਾਂਨੀ ਅਖੀਆਂ ਨਿਮਾਂਨੀ
ਮਨਮੋਂਹਨ ਦੇ ਰੂਪ ਲੁਭਾਂਨੀ, ਸਾਡੀ ਗਲ ਨੈਂਕਹੂ ਨ ਮਾਨੀ
ਲੋਕਾਂ ਦੇ ਉਰ ਛਪਿ ਕੈਂ ਛਿਪਾਵਾਂ, ਭਰਿ ਭਰਿ ਆਵਤ ਪਾਂਨੀ
'ਮੀਰਾਂ' ਪ੍ਰਭੁ ਗਿਰਧਰ ਗਲ ਸਾਡੀ, ਢੱਕੀ ਛਿਪੀ ਸਭ ਜਾਂਨੀ ॥
(ਤਿਤਾਲ)

ਜੈ ਗੋਪਾਲ

ਸਾਂਵਲੜਾ ਸਾਡਾ ਦਿਲ ਲੈ ਗਇਆ ਬਾਂਸੁਰੀ ਬਜਾਇ
ਨਾ ਜਾਂਨੂ ਕਛੁ ਚੇਟਕ ਕੀਤਾ, ਆਂਗਨ ਅਸਾਡੜੇ ਆਇ
ਦਰਦ ਦਿਵਾਂਨੀ ਹਾਥ ਬਿਕਾਂਨੀ, ਮੋਹਨ ਮ੍ਰਿਦੁ ਮੁਸਕਾਇ
'ਜੈ ਗੋਪਾਲ' ਕੀ ਮਾਧੁਰੀ ਮੂਰਤਿ, ਨੈਂਨੋਂ ਰਹੀ ਸਮਾਇ ॥
(ਤਿਤਾਲ)

ਗੋਸੁਆਮੀ ਹਰੀਰਾਇ ਜੀ

ਹੋਰੀ ਦੇ ਖੇਲ ਬਿਚੁ ਯਹ ਕਿਆ ਕੀਤਾ ॥
ਮੈ ਨੋ ਲਗਾਈ ਛਰੀ ਫੂਲਯੋ ਦੀ, ਸਿਰ ਤੇਂ ਘੂੰਘਟ ਖੋਲ ਲੀਤਾ ॥
ਪਾਯੋ ਗੁਲਾਲ ਆਂਖੋਂ ਬਿਚ ਮੇਰੇ, ਦੇਖਨ ਦਾ ਸੁਖ ਛੀਤਾ ॥
ਸਭ ਦੇਖੇਂ ਦੇ ਲਾਜ ਮਰੰਦੀ, ਚੁੰਵਨ ਗਾਲੋਂ ਦੀਤਾ ॥
ਐਸੀ ਨ ਕੀਜੈ ਨਿਗਰ ਨੰਦ ਦੇ, ਕਹਾਵੇ ਬ੍ਰਜ ਜਨ ਮੀਤਾ ॥
'ਰਸਿਕ ਪ੍ਰੀਤਮ' ਸੋਂ ਹਾ ਹਾ ਖਾ ਦੀ, ਹੌਂ ਹਾਰੀ ਤੂ ਜੀਤਾ ॥
(ਰਾਗ ਬਿਹਾਗੜਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਦਾਸ

ਕਾਫੀ

ਓਹੁ ਦਿਨ ਤੈਨੂੰ ਵੀਸਰੇ ਖਸ ਮਖਣੁ ਖਾਦਾ ॥
ਆਪਿ ਬੰਧਾਇਓ ਊਖਲ ਸੰਤੀ ਕੇਹੇ ਕਰਮ ਕਮਾਦਾ ॥
ਵੇ ਊਧੋ ਨਹੀ ਜੋਰ ਅਸਾਡਾ ਅਸੀ ਕਿਤ ਬਿਧਿ ਗੋਕਲ ਵੇ ਵਸੀਏ ॥
ਆਪ ਰਤੋ ਸੰਗ ਕੁਬਰੀ ਸਾਨੂ ਜੋਗੁ ਦਿੜਾਦਾ ॥
ਸੰਗ ਕੁਬਜਾ ਕੈ ਰਵਿ ਰਹਿਓ ਸਾਡੈ ਪੈਰੁ ਨ ਪਾਦਾ ॥
ਮੁਖ ਮੁਰਲੀ ਕਾਧੈ ਕੰਬਲੀ ਗਊਆ ਬਨੇ ਚਰਾਦਾ ॥
ਸੂਰਦਾਸ ਕੀ ਬੇਨਤੀ ਸੰਗਿ ਚਰਨ ਕਮਲ ਲਪਟਾਦਾਂ ॥

ਤੇਜ ਭਾਨ

ਕੇਹਾ ਜਗ ਲੈ ਆਇਓਂ ਊਧੋ, ਸਾਨੂ ਜੋਗੁ ਜ਼ਹਿਰ ਦੀ ਘੁਟੀ ॥
ਗ੍ਰਿਧੂ ਜੋਗ ਅਸਾਂ ਨਾਲ ਕੀਤਾ, ਅਸਾਂ ਮਿਲਦਿਆਂ ਸੁਧ ਹੁਟੀ ॥
ਅਕੈ ਤਾਂ ਗ੍ਰਿਧੂ ਮਿਲੈ ਅਸਾਂਨੂ, ਨਾਹੀ ਸਾਡੀ ਔਧ ਨਿਖੁਟੀ ॥
ਤੇਜ ਭਾਨ ਅਸੀਂ ਨਾਰੀ ਜੋਗੁ ਕੀ ਜਾਣਾ, ਸਾਨੂੰ ਬ੍ਰਿਹੁ ਪਾਇਆ ਕਰ ਝੁਟੀ ॥

ਮਹਾਂ ਸਿੰਘ

ਸਿਆਮ ਬਿਨਾ ਊਧੋ ! ਐਸੇ ਭਈ ਮੈਂ, ਜਿਉਂ ਮਛਲੀ ਬਿਨ ਪਾਨੀ ॥
ਤੱਤੇ ਰੇਤੇ ਪਈਆਂ ਤੜਫਾਂ, ਬੇਦਨ ਕਿਸੇ ਨ ਜਾਨੀ ॥
ਕੁੱਠੀ ਦਰਦ ਫਿਰਾਕਤ ਵਾਲੀ, ਦੇਹੀ ਦਰਦ ਰੰਜਾਣੀ ॥
ਮਹਾਂ ਸਿੰਘ ਸਾਡਾ ਜੀਵਨ ਤਾਂਹੀ, ਮਿਲਸੀ ਸਾਰੰਗ ਪਾਣੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗਿਆਤ ਕਵੀਆਂ ਦੀ ਰਚਨਾ

੧

ਕੈਨੂੰ ਦਿਠਾ ਹੈ ਨੰਦ ਲਾਲ
ਕਿਸਨੂੰ ਦਿਠਾ ਨੰਦ ਦਾ ਨੰਦਨ, ਹੋਂਦਾ ਚੰਦ ਨਿਹਾਲ
ਅਮਾ ਨੀਧੜਕ ਮੈਨੂੰ ਬਾਬਲ ਮਾਰੈਂ, ਭਾਈ ਦੈ ਦੈ ਗਾਲ
ਵੇਖਾਣੀ ਬਾਂਝੂ ਮੈਂ ਕਲ ਨਹਿ ਪਾਵਾਂ, ਇਸਕ ਪਿਆ ਜੰਜਾਲ ॥
(ਰਾਗ ਆਸਾਵਰੀ ਕਾ ਖਿਆਲ, ਇਕਤਾਲ)

੨

ਏਹੀ ਤੈਡੀ ਬਾਂਨਿ ਬੁਰੀ, ਮੈ ਡੇਰ ਹੂ ਨਾਂ
ਨੈਂਨਾਂ ਤੜੇ ਬਰਛੀ ਦੀ ਨੋਕੈਂ, ਚਿਤਵਨਿ ਬੰਕ ਛੁਰੀ ॥
(ਇਕਤਾਲ)

GURUKUL KANGRI LIBRARY
Acc. No. ੪੭੯-੮
Class
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar